
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 1
April 13, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

**ਪਾਠਕਾਂ ਦੇ ਲਈ ਖੁਸ਼ਖਬਰੀ:-** ਸਤਿਕਾਰਯੋਗ ਸਮੂਹ ਇਸ਼ਤਿਹਾਰਦਾਤਾਵਾਂ ਅਤੇ ਪਾਠਕ ਅਤੇ ਲੇਖਕ ਸਾਹਿਬਾਨ ਅਤੇ ਪ੍ਰਸ਼ੰਸਕਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ 13 ਅਪ੍ਰੈਲ ਨੂੰ ਹਫਤਾਵਾਰੀ 'ਦੇਸ਼ ਦੁਆਬਾ' ਛੇਵੇਂ ਸਾਲ ਵਿਚ ਪ੍ਰਵੇਸ ਕਰ ਰਿਹਾ ਹੈ। ਹੱਥਲਾ ਅੰਕ ਛੇਵੇਂ ਸਾਲ ਦਾ ਪਹਿਲਾ ਅੰਕ ਹੈ। ਇਹ ਤੁਹਾਡੇ ਸਹਿਯੋਗ ਸਦਕਾ ਹੀ ਸੰਭਵ ਹੋ ਸਕਿਆ ਹੈ। ਅਸੀਂ ਇਹ ਉਮੀਦ ਕਰਦੇ ਹਾਂ ਕਿ ਭਵਿੱਖ ਵਿਚ ਸਾਨੂੰ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹੇਗਾ। ਅਸੀਂ ਵੀ ਤੁਹਾਡੀਆਂ ਆਸ਼ਾਵਾਂ ਤੇ ਖਰੇ ਉਤਰਨ ਲਈ ਪੂਰੀ ਕੋਸ਼ਿਸ਼ ਕਰਦੇ ਰਹਾਂਗੇ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਖਾਲਸਾ ਪੰਥ ਦੇ ਜਨਮ ਦਿਹਾੜੇ, ਵਿਸਾਖੀ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 126ਵੇਂ ਜਨਮ ਦਿਨ ਦੀਆਂ ਸਮੂਹ ਮਾਨਵਤਾ ਨੂੰ ਲੱਖ ਲੱਖ ਮੁਬਾਰਕਾਂ। -ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)



ਅਦਾਰਾ 'ਦੇਸ਼ ਦੁਆਬਾ' ਵੱਲੋਂ ਖਾਲਸਾ ਪੰਥ ਦੇ ਸਥਾਪਨਾ ਦਿਹਾੜੇ, ਵਿਸਾਖੀ ਅਤੇ ਡਾ ਅੰਬੇਦਕਰ ਜੀ ਦੇ ਜਨਮ ਦਿੰਨ ਨੂੰ ਸਮਰਪਿਤ ਲੇਖ ਅਤੇ ਇਸਤਿਹਾਰ ਅੰਦਰ ਦੇਖੋ।


## ਉਨਟਾਰੀਓ ਮਤਾ- ਕੇਂਦਰ ਦੇ ਸਟੈਂਡ ਵਿਰੁੱਧ ਅਕਾਲੀ

**ਨਵੀਂ ਦਿੱਲੀ-** ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨੇ ਵਿਦੇਸ਼ ਮੰਤਰਾਲੇ ਨੂੰ ਆਪਣਾ ਉਹ ਬਿਆਨ ਵਾਪਸ ਲੈਣ ਲਈ ਆਖਿਆ, ਜਿਸ ਰਾਹੀਂ ਮੰਤਰਾਲੇ ਨੇ ਕੈਨੇਡਾ ਦੇ ਸੂਬੇ ਉਨਟਾਰੀਓ ਦੀ ਅਸੈਂਬਲੀ ਵੱਲੋਂ 1984 ਦੇ ਸਿੱਖ ਕਤਲੇਆਮ ਖ਼ਿਲਾਫ਼ ਪਾਸ ਮਤੇ ਨੂੰ ਰੱਦ ਕੀਤਾ ਹੈ। ਅਕਾਲੀ ਦਲ ਦੇ ਨਰੇਸ਼ ਗੁਜਰਾਲ ਨੇ ਇਹ ਮੁੱਦਾ ਰਾਜ ਸਭਾ ਅਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਲੋਕ ਸਭਾ ਵਿੱਚ ਸਿਫ਼ਰ ਕਾਲ ਦੌਰਾਨ ਉਠਾਇਆ। ਵਰਣਨਯੋਗ ਹੈ ਕਿ ਉਨਟਾਰੀਓ ਮਤੇ ਵਿੱਚ ਇਸ ਘਟਨਾ ਨੂੰ 'ਸਿੱਖ ਨਸਲਕੁਸ਼ੀ' ਕਰਾਰ ਦਿੱਤੇ ਜਾਣ ਦਾ ਮੰਤਰਾਲੇ ਨੇ ਵਿਰੋਧ ਕੀਤਾ ਸੀ। ਸ੍ਰੀ ਗੁਜਰਾਲ ਨੇ ਇਸ ਨੂੰ ਮੌਕੇ ਦੇ ਪੁਲਿਸਤੰਤਰ ਤੇ ਸਰਕਾਰੀ ਸ਼ਹਿ ਉਪਰ ਹੋਇਆ ਕਤਲੇਆਮ ਕਰਾਰ ਦਿੰਦਿਆਂ ਕਿਹਾ ਕਿ ਮੁਲਕ ਦੀ ਰਾਜਧਾਨੀ ਵਿੱਚ ਤਿੰਨ ਦਿਨ ਤੱਕ ਨਿਰਦੋਸ਼ ਸਿੱਖਾਂ ਦਾ ਕਤਲੇਆਮ ਹੁੰਦਾ ਰਿਹਾ ਅਤੇ ਸਰਕਾਰ ਅਤੇ ਪੁਲਿਸ ਨੇ ਦਖ਼ਲ ਦੇਣ ਤੋਂ ਇਨਕਾਰ ਕਰ ਦਿੱਤਾ। ਘੱਟ ਗਿਣਤੀ ਉਸ ਕੌਮ ਦੇ ਲੋਕ ਉਨ੍ਹਾਂ ਦੀਆਂ ਪੱਗਾਂ-ਦਾਹੜੀਆਂ ਅਤੇ ਨਾਵਾਂ ਕਾਰਨ ਮਾਰ ਦਿੱਤੇ ਗਏ ਜਿਨ੍ਹਾਂ ਦੇਸ਼ ਲਈ ਅਥਾਹ ਕੁਰਬਾਨੀਆਂ ਦਿੱਤੀਆਂ ਸਨ। ਉਨ੍ਹਾਂ ਮੰਗ ਕੀਤੀ ਕਿ ਵਿਦੇਸ਼ ਮੰਤਰਾਲਾ ਉਨਟਾਰੀਓ ਮਤੇ ਬਾਰੇ ਦਿੱਤੇ ਆਪਣੇ ਬਿਆਨ ਨੂੰ ਵਾਪਸ ਲਵੇ ਅਤੇ ਸਦਨ ਅੰਦਰ ਵਿਦੇਸ਼ ਮੰਤਰੀ ਬਿਆਨ ਦੇਵੇ। ਇਸ ਮੁੱਦਾ ਉਠਾਏ ਜਾਣ 'ਤੇ ਕਾਂਗਰਸ ਦੇ ਆਨੰਦ ਸ਼ਰਮਾ ਨੇ ਇਤਰਾਜ਼ ਕੀਤਾ।



ਡਿਪਟੀ ਚੇਅਰਮੈਨ ਪੀ.ਜੇ. ਕੁਰੀਅਨ ਨੇ ਕਿਹਾ ਕਿ ਇਤਰਾਜ਼ਯੋਗ ਟਿੱਪਣੀਆਂ ਨੂੰ ਰਿਕਾਰਡ ਵਿੱਚੋਂ ਮਿਟਾ ਦਿੱਤਾ ਜਾਵੇਗਾ। ਗ਼ੌਰਤਲਬ ਹੈ ਕਿ ਪਿਛਲੇ ਹਫ਼ਤੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੋਪਾਲ ਬਾਗਲੇ ਨੇ ਕਿਹਾ ਸੀ ਕਿ ਭਾਰਤ ਦੇ ਪੱਖ ਤੋਂ ਕੈਨੇਡਾ ਦੀ ਸਰਕਾਰ ਅਤੇ ਰਾਜਸੀ ਆਗੂਆਂ ਨੂੰ ਜਾਣੂ ਕਰਵਾ ਦਿੱਤਾ ਹੈ। ਉਨ੍ਹਾਂ ਕਿਹਾ ਸੀ ਕਿ ਭਾਰਤ ਇਸ ਮਤੇ ਨੂੰ ਰੱਦ ਕਰਦਾ ਹੈ। ਲੋਕ ਸਭਾ ਵਿੱਚ ਪ੍ਰੋ. ਚੰਦੂਮਾਜਰਾ ਨੇ ਕੇਂਦਰ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਉਨਟਾਰੀਓ ਦੀ ਅਸੈਂਬਲੀ ਵਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ 'ਸਿੱਖ ਨਸਲਕੁਸ਼ੀ' ਕਰਾਰ ਦੇਣ ਦੇ ਮਤੇ ਉੱਤੇ ਲਿਆ ਆਪਣਾ ਸਟੈਂਡ ਵਾਪਸ ਲਵੇ। ਉਨ੍ਹਾਂ ਕਿਹਾ ਕਿ ਇਸ ਮਤੇ ਨੂੰ 'ਗੁੰਮਰਾਹਕੁੰਨ' ਗਰਦਾਨ ਕੇ ਵਾਪਸ ਲੈਣ ਦੀਆਂ ਬੇਤੁਕੀਆਂ ਗੱਲਾਂ ਕਰਨ ਦੀ ਥਾਂ ਸਰਕਾਰ ਨੂੰ ਖ਼ੁਦ ਸੰਸਦ ਵਿਚ ਇਸ ਨਸਲਕੁਸ਼ੀ ਦੀ ਨਿੰਦਾ ਦਾ ਮਤਾ ਪਾਸ ਕਰ ਕੇ ਸਿੱਖ ਭਾਈਚਾਰੇ ਦੀਆਂ ਵਲੂੰਧਰੀਆਂ ਭਾਵਨਾਵਾਂ ਨੂੰ ਸ਼ਾਂਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗਾਂ, ਬੱਚਿਆਂ ਅਤੇ ਔਰਤਾਂ ਸਮੇਤ ਤਕਰੀਬਨ ਤਿੰਨ ਹਜ਼ਾਰ ਬੇਕਸੂਰ ਸਿੱਖਾਂ ਨੂੰ ਤਸੀਹੇ ਦੇ ਕੇ ਦਿਨ-ਦਿਹਾੜੇ ਕਤਲ ਕਰ ਦੇਣਾ ਕਿਸੇ ਵੀ ਤਰ੍ਹਾਂ ਨਸਲਕੁਸ਼ੀ ਤੋਂ ਘੱਟ ਨਹੀਂ ਸੀ। ਅਕਾਲੀ ਆਗੂ ਨੇ ਕਿਹਾ ਕਿ ਉਦੋਂ ਭਾਜਪਾ ਸਮੇਤ ਮੁਲਕ ਦੀਆਂ ਸਾਰੀਆਂ ਪ੍ਰਮੁੱਖ ਵਿਰੋਧੀ ਪਾਰਟੀਆਂ ਦੇ ਨਾਲ ਨਾਲ ਅਟਲ ਬਿਹਾਰੀ ਵਾਜਪਾਈ ਅਤੇ ਚੰਦਰ ਸ਼ੇਖਰ ਵਰਗੇ ਸਾਬਕਾ ਪ੍ਰਧਾਨ ਮੰਤਰੀਆਂ ਨੇ ਵੀ ਇਸ ਘਟਨਾ ਨੂੰ ਨਸਲਕੁਸ਼ੀ ਹੀ ਕਿਹਾ ਸੀ। ਉਨ੍ਹਾਂ ਕਿਹਾ ਉਹ ਆਪਣੀ ਪਾਰਟੀ ਦੇ ਬਾਕੀ ਸੰਸਦ ਮੈਂਬਰਾਂ ਨੂੰ ਨਾਲ ਲੈ ਕੇ ਇਸ ਮਾਮਲੇ ਸਬੰਧੀ ਵਿਦੇਸ਼ੀ ਮਾਮਲਿਆਂ ਬਾਰੇ ਮੰਤਰੀ ਨੂੰ ਮਿਲ ਕੇ ਇਸ ਮੁੱਦੇ ਉੱਤੇ ਭਾਰਤ ਸਰਕਾਰ ਵਲੋਂ ਲਏ ਗਏ ਸਟੈਂਡ ਪ੍ਰਤੀ ਆਪਣਾ ਰੋਸ ਵੀ ਪ੍ਰਗਟਾਉਣਗੇ।

## ਕੈਲੀਫੋਰਨੀਆ ਦੇ ਸਕੂਲ 'ਚ ਗੋਲੀ ਚੱਲੀ



**ਸੈਂਟ ਬਰਨਾਰਡ (ਬਿਊਰੋ)-** ਕੈਲੀਫੋਰਨੀਆ ਦੇ ਸ਼ਹਿਰ ਸੈਂਟ ਬਰਨਾਰਡ ਦੇ ਐਲੀਮੈਂਟਰੀ ਸਕੂਲ ਦੇ ਕਮਰੇ 'ਚ ਇਕ ਹਮਲਾਵਰ ਵਲੋਂ ਗੋਲੀਆਂ ਚਲਾਏ ਜਾਣ ਨਾਲ ਇਕ ਅਧਿਆਪਕਾ ਤੇ ਇੱਕ ਬੱਚੇ ਦੀ ਜਾਨ ਲੈ ਲਈ। ਘਟਨਾ ਵਿੱਚ ਦੋ ਬੱਚੇ ਸਖ਼ਤ ਜ਼ਖ਼ਮੀ ਹੋ ਗਏ।

ਬਾਅਦ 'ਚ ਹਮਲਾਵਰ ਨੇ ਵੀ ਖ਼ੁਦ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਪੁਲਿਸ ਅਨੁਸਾਰ ਹਮਲਾਵਰ ਨੇ ਅਧਿਆਪਕਾ ਨਾਲ ਘਰੇਲੂ ਕਲੇਸ਼ ਕਾਰਨ ਇਹ ਕਾਰਾ ਕੀਤਾ ਹੋ ਸਕਦਾ ਹੈ, ਜੋ ਉਸ ਦਾ ਪਤੀ ਸੀ। ਘਟਨਾ ਦੀ ਖਬਰ ਮਿਲਦੇ ਹੀ ਬੱਚਿਆਂ ਦੇ ਮਾਪੇ ਖੌਫ਼ਜ਼ਦਾ ਹੋ ਗਏ ਤੇ ਆਪਣੇ ਬੱਚਿਆਂ ਨੂੰ ਲੈਣ ਸਕੂਲ ਵੱਲ ਭੱਜੇ। ਸ਼ਹਿਰ ਦੇ ਪੁਲਿਸ ਮੁਖੀ **(ਬਾਕੀ ਸਫਾ 5 ਤੇ)**

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ




ਰਿਪੋਰਟ ਅਤੇ ਤਸਵੀਰਾਂ ਦੇਖੋ 14,15 ਸਫਾ ਤੇ


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)


ELITE REALTY SERVICES
Shangara Ram
Realtor
CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax: 916-917-5773
Office: 916-681-5112 shangararam2@gmail.com
7412 Elsie Ave., Sacramento, CA 95828

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਖਾਲਸਾ ਪੰਥ ਦੇ ਸਥਾਪਨਾ ਦਿਹਾੜੇ, ਸਟਾਕਟਨ ਗੁਰੂ ਘਰ ਦੇ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈਆਂ



Late
Sh. Lahori Ram
Comissioner



# ਸਵਰਗਵਾਸੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦਾ ਪਰਿਵਾਰ

# L.A. MERCHANDISE
## Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250



# TANDOOR
## Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532



ਭਾਰਤ ਟੁਡੇ BHARAT TODAY, Sargam TV USA & India Post

in association with Radio Punjab proudly presents

# Ek Sham Jagjit Singh Ke Naam
## by Jatinder Sharma





Date & Time : on April 16, 2017 (Sunday) from 6pm onwards.
Venue : The Newark Pavilion, 6430, Thornton Ave., Newark 94560

Grand Sponsors : SHALIMAR RESTAURANT, AMIT GAMBHIR, PNG

Gold Sponsor : Ashwani Bhakhri

Giving away 1 return ticket to India from San Francisco, courtesy AIR INDIA as a raffle prize

| TICKET INFORMATION | |
|---|---|
| Silver | : $ 25.00 |
| Gold | : $ 35.00 |
| Platinum | : $ 45.00 |
| Kids below 5 | : $ 0.00 |
| Kids above 6 - 11 | : $ 20.00 |

We will also be giving 2 silver coins, courtesy PNG JEWELERS to 2 lucky winners

For sponsorship and other details, contact :
Varinder (510) 943-8037 Varun (845) 731-1204

Sponsored by Mr. Vinod Kumar Chumber (510) 953-9800



# INDIA MARKET
## SWEETS & SPICES

CHAAT PAPDI, SAMOSA, CHAAT, PANI PURI DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ




ਬਰਿੰਦਰ ਬੰਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-338-5511

Email: IndiaMarketRoseville@gmail.com

# ਕਾਂਗਰਸਮੈਨ ਜੈਰੀ ਮੈਕਨਰਨੀ ਨੇ ਸਿੱਖਾਂ 'ਤੇ ਹੋ ਰਹੇ ਨਸਲੀ ਹਮਲਿਆਂ ਨੂੰ ਠੱਲ ਪਾਉਣ ਲਈ ਸਹਿਯੋਗ ਦੇਣ ਦਾ ਦਿੱਤਾ ਭਰੋਸਾ

**ਫ੍ਰੀਮੌਂਟ, ਕੈਲੀਫ਼ੋਰਨੀਆ (ਹੁਸਨ ਲੜੋਆ ਬੰਗਾ)** ਕਾਂਗਰਸਮੈਨ ਜੈਰੀ ਮੈਕਨਰਨੀ ਨੇ ਅੱਜ ਸਿੱਖਾਂ 'ਤੇ ਹੋ ਰਹੇ ਨਸਲੀ ਹਮਲਿਆਂ ਨੂੰ ਠੱਲ ਪਾਉਣ ਸਬੰਧੀ ਆਪਣਾ ਪੂਰਨ ਸਹਿਯੋਗ ਦੇਣ ਦਾ ਸਮੂਹ ਸਿੱਖ ਜਥੇਬੰਦੀਆਂ ਭਰੋਸਾ ਦਿੱਤਾ। ਯੂ. ਐੱਸ. ਕੈਲਫ਼ੋਰਨੀਆ ਦੇ ਕਾਂਗਰਸਮੈਨ ਮੈਕਨੇਰਨੀ ਦਾ ਅਮਰੀਕਨ ਸੰਸਥਾਵਾਂ ਦੇ ਸਿੱਖ ਲੀਡਰਾਂ ਵੱਲੋਂ ਮਿਲੀਪੀਟਸ ਵਿਖੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਅਤੇ ਹੋਰਨਾਂ ਸਿੱਖਾਂ ਵੱਲੋਂ ਮੈਕਨਰਨੀ ਨਾਲ ਮੁਲਾਕਾਤ ਦੌਰਾਨ ਸਿੱਖ ਕੌਮ ਨੂੰ ਦਰਪੇਸ਼ ਮੁਸ਼ਕਿਲਾਂ 'ਤੇ ਅਹਿਮ ਵਿਚਾਰਾਂ ਵੀ ਸਾਂਝੀਆਂ ਕੀਤੀਆਂ। ਉਨਾਂ ਇਸ ਮੌਕੇ ਅਮਰੀਕੀ ਸਿੱਖਾਂ ਖਿਲਾਫ਼ ਹੋਰ ਰਹੀਆਂ ਹਿੰਸਕ ਵਾਰਦਾਤਾਂ ਖਿਲਾਫ਼ ਅਮਰੀਕੀ ਪ੍ਰਸ਼ਾਸ਼ਨ ਪਾਸ ਯੋਗ ਕਾਰਵਾਈ ਦੀ ਮੰਗ ਕੀਤੀ। ਉਨਾਂ ਕਾਂਗਰਸ ਮੈਂਬਰ ਨੂੰ ਕਿਹਾ ਕਿ ਪਿਛਲੇ ਸਮੇਂ ਤੋਂ ਅਜਿਹੀਆਂ ਵਾਰਦਾਤਾਂ ਸਾਹਮਣੇ ਆਈਆਂ ਹਨ, ਜਿਨਾਂ 'ਚ ਹੋਰ ਅਮਰੀਕੀ ਸਿੱਖਾਂ ਨੂੰ ਹਿੰਸਾ ਦਾ ਸ਼ਿਕਾਰ ਬਣਾਇਆ ਗਿਆ ਹੈ। ਉਨਾਂ ਕਿਹਾ ਕਿ ਸਿੱਖ ਧਾਰਮਿਕ ਅਸਥਾਨਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ ਅਤੇ ਰੋਜ਼ ਕਿਧਰੇ ਨਾ ਕਿਧਰੇ ਸਿੱਖ ਨਸਲੀ ਹਿੰਸਾ ਦਾ ਸ਼ਿਕਾਰ ਹੋ ਰਹੇ ਹਨ। ਜਿਸ ਨੂੰ ਨੱਲ ਪਾਉਣ ਲਈ ਅਮਰੀਕੀ ਪ੍ਰਸ਼ਾਸ਼ਨ ਕੋਈ



ਸਖ਼ਤ ਤੇ ਠੋਸ ਕਦਮ ਉਠਾਏ। ਇਸ ਉਪਰੰਤ ਜੈਰੀ ਨੇ ਉਕਤ ਸਿੱਖ ਆਗੂਆਂ ਵੱਲੋਂ ਕੀਤੇ ਸਵਾਗਤ ਦਾ ਧੰਨਵਾਦ ਕਰਦਿਆਂ ਉਨਾਂ ਨੂੰ ਯਕੀਨ ਦਿਵਾਇਆ ਕਿ ਉਹ ਸਿੱਖਾਂ ਦੀ ਪਛਾਣ ਅਤੇ ਉਨਾਂ ਦੀ ਸੁਰੱਖਿਆ ਲਈ ਯਤਨਸ਼ੀਲ ਰਹਿਣਗੇ ਅਤੇ ਉਨਾਂ ਨੂੰ ਉਚਿੱਤ ਮੁਕਾਮ ਦਿਵਾਉਣ ਲਈ ਅਮਰੀਕੀ ਪ੍ਰਸ਼ਾਸ਼ਨ 'ਚ ਅਵਾਜ਼ ਬੁਲੰਦ ਕਰਨਗੇ ਤਾਂ ਕਿ ਉਨਾਂ ਪਾਰਲੀਮੈਂਟ ਦੇ ਅੰਦਰ ਤੇ ਬਾਹਰ ਉਚਿੱਤ ਦਰਜਾ ਹਾਸਲ ਹੋ ਸਕੇ। ਏਜੀਪੀਸੀ ਦੇ ਪ੍ਰਧਾਨ ਸ: ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਸ: ਪ੍ਰਿਤਪਾਲ ਸਿੰਘ ਅਤੇ ਫ਼ਰੈਂਡਸ ਆਫ਼ ਸਿੱਖ ਕਾਕਸ ਵੱਲੋਂ ਸ: ਹਰਪ੍ਰੀਤ ਸਿੰਘ ਸੰਧੂ ਨੇ ਸਿੱਖ ਕਾਕਸ ਦੁਆਰਾ ਸਿੱਖਾਂ ਖਿਲਾਫ਼ ਹੋਈਆਂ ਹਿੰਸਕ ਘਟਨਾਵਾਂ ਵਿਰੁੱਧ ਉਠਾਈ ਗਈ ਬੁਲੰਦ ਅਵਾਜ਼ 'ਤੇ ਕਾਕਸ ਦੇ ਆਗੂਆਂ ਦਾ ਧੰਨਵਾਦ ਕੀਤਾ ਅਤੇ ਮੈਕਨਰਨੀ ਜੋ ਕਿ ਗਦਰੀ ਬਾਬਿਆਂ ਦੇ ਸਥਾਨ ਕੋਲੋਂ ਸਬੰਧ ਰੱਖਦੇ ਹਨ, ਨੂੰ ਕਿਹਾ ਕਿ ਸਿੱਖ ਇਕ ਅਮਨ ਪਸੰਦ ਕੌਮ ਹੈ ਅਤੇ ਇਨਾਂ ਨੂੰ ਅੱਤਵਾਦ ਜਾਂ ਫ਼ਿਰ ਕਿਸੇ ਹੋਰ ਗਰੁੱਪ ਨਾਲ ਤੁਲਨਾ ਕਰਕੇ ਉਨਾਂ ਨੂੰ ਹਿੰਸਾ ਦਾ ਸ਼ਿਕਾਰ ਬਣਾਉਣਾ ਅਗਿਆਨਤਾ ਦੀ ਪਛਾਣ ਹੈ। ਉਨਾਂ ਕਿਹਾ ਕਿ ਸਿੱਖਾਂ ਦਾ ਅਮਰੀਕਾ ਦੇ ਵਿਕਾਸ 'ਚ ਅਹਿਮ ਯੋਗਦਾਨ ਹੈ। ਇਸ ਲਈ ਉਨਾਂ ਨੂੰ ਹਿੰਸਾ ਦਾ ਨਿਸ਼ਾਨਾ ਬਣਾਉਣਾ ਮੰਦਭਾਗਾ ਹੈ। ਇਸ ਮੌਕੇ ਸਿਟੀ ਆਫ਼ ਮਡੈਟਸੋ ਦੇ ਵਾਈਸ ਮੇਅਰ ਸ: ਮਨਮੀਤ ਸਿੰਘ ਗਰੇਵਾਲ ਨੇ ਸਿੱਖ ਨਸਲੀ ਹਿੰਸਾ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਇਸ ਸਬੰਧੀ ਉਚਿੱਤ ਪੈਰਵਾਈ ਕਰਨ ਦੀ ਗੱਲ ਕਹੀ। ਗਰੇਵਲ ਜੋ ਕਿ ਕੈਲਫ਼ੋਰਨੀਆ ਤੋਂ ਸੈਨਟ ਦੀ ਚੋਣ ਲੜਣ ਵਾਲੇ ਹਨ ਨੇ ਉਚੇਚੇ ਤੌਰ 'ਤੇ ਪੁੱਜੇ ਮੈਕਨਰਨੀ ਅਤੇ ਸਿੱਖਾਂ ਤੇ ਹੋਰ ਪਤਵੰਤਿਆਂ ਦਾ ਧੰਨਵਾਦ ਕੀਤਾ।

# ਦੇਸੀ ਸਵੈਗ ਇੰਟਰਨੈਸ਼ਨਲ ਵੱਲੋਂ ਵਿਸਾਖੀ ਪ੍ਰੋਗਰਾਮ ਸੈਕਰਾਮੈਂਟੋ 'ਚ 22 ਅਪ੍ਰੈਲ ਨੂੰ


## ਲਖਵਿੰਦਰ ਵਡਾਲੀ, ਸਿੱਪੀ ਗਿੱਲ, ਆਤਮਾ ਬੁਢੇਵਾਲ ਤੇ ਅਮਨ ਰੋਜ਼ੀ ਕਰਨਗੇ ਸ਼ਮੂਲੀਅਤ

**ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਦੇਸੀ ਸਵੈਗ ਇੰਟਰਨੈਸ਼ਨਲ ਵੱਲੋਂ ਵਿਸਾਖੀ ਪ੍ਰੋਗਰਾਮ ਸੈਕਰਾਮੈਂਟੋ 'ਚ 22 ਅਪ੍ਰੈਲ ਨੂੰ ਕਰਵਾਇਆ ਜਾ ਰਿਹਾ ਹੈ। ਇਹ ਵਿਸਾਖੀ ਪ੍ਰੋਗਰਾਮ ਦਿਨ ਸ਼ਨੀਵਾਰ ਸ਼ਾਮ 6 ਵਜੇ 6879, 14 ਅਵਨੀਓ ਜੌਹਨਸਨ ਹਾਈ ਸਕੂਲ ਸੈਕਰਾਮੈਂਟੋ ਵਿਖੇ ਹੋਵੇਗਾ। ਇਸ ਪ੍ਰੋਗਰਾਮ ਵਿਚ ਜਿੱਥੇ ਲਖਵਿੰਦਰ ਵਡਾਲੀ ਦਰਸ਼ਕਾਂ ਦੀ ਆਪਣੀ ਆਵਾਜ਼ ਨਾਲ ਸੰਗੀਤ ਭੁੱਖ ਨੂੰ ਪੂਰਾ ਕਰਨਗੇ, ਉਥੇ ਅੱਜ ਦੇ ਦੋਗਾਣਿਆਂ ਦੀ ਹਿੱਟ ਜੋੜੀ ਆਤਮਾ ਬੁਢੇਵਾਲ ਤੇ ਅਮਨ ਰੋਜ਼ੀ ਵੀ ਸਟੇਜ ਤੇ ਧਮਾਲਾਂ ਪਾਉਣਗੇ। ਇਸ ਤੋਂ ਬਿਨਾਂ ਸਿੱਪੀ ਗਿੱਲ, ਜੋਰਡਨ ਸੰਧੂ ਤੇ ਜੀਨੀ ਜੌਹਲ ਵੀ ਆਪਣੇ ਫਨ ਦਾ ਮੁਜ਼ਾਹਰਾ ਕਰਨਗੇ। ਇਸ ਮੌਕੇ ਬੀਬੀ ਆਸ਼ਾ ਸ਼ਰਮਾ ਸਟੇਜ ਤੋਂ ਕਲਾਕਾਰਾਂ ਨੂੰ ਪੇਸ਼ ਕਰਨਗੇ।

# ਜਾਧਵ ਮਸਲੇ ਕਾਰਨ ਭਾਰਤ-ਪਾਕਿਸਤਾਨ ਵਿਚ ਫਿਰ ਵੱਧ ਸਕਦਾ ਹੈ ਤਣਾਅ

**ਨਵੀਂ ਦਿੱਲੀ–** ਪਾਕਿਸਤਾਨ ਦੀ ਫ਼ੌਜੀ ਅਦਾਲਤ ਵੱਲੋਂ ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਖ਼ਿਲਾਫ਼ ਭਾਰਤ ਨੇ ਸਖ਼ਤ ਸਟੈਂਡ ਲੈਂਦਿਆਂ ਗੁਆਂਢੀ ਮੁਲਕ ਨੂੰ ਖ਼ਬਰਦਾਰ ਕੀਤਾ ਕਿ ਉਹ ਜਾਧਵ ਨੂੰ ਇਨਸਾਫ਼ ਦਿਵਾਉਣ ਲਈ 'ਕੁਝ ਵੀ ਕਰ' ਸਕਦਾ ਹੈ। ਪਾਕਿਸਤਾਨ ਨੂੰ ਇਹ ਵੀ ਚੇਤਾਵਨੀ ਦਿੱਤੀ ਗਈ ਹੈ ਕਿ ਇਸ ਨਾਲ ਦੋਵਾਂ ਮੁਲਕਾਂ ਦੇ ਦੁਵੱਲੇ ਰਿਸ਼ਤਿਆਂ ਉਤੇ ਮਾੜਾ ਅਸਰ ਪਵੇਗਾ। ਇਸ ਮਾਮਲੇ ਉਤੇ ਸੰਸਦ ਵਿੱਚ ਭਾਰੀ ਸ਼ੋਰ-ਸ਼ਰਾਬਾ ਹੋਇਆ।

ਸੰਸਦ ਦੇ ਦੋਵਾਂ ਸਦਨਾਂ ਵਿੱਚ ਅੱਜ ਸਾਰੀਆਂ ਪਾਰਟੀਆਂ ਨੇ ਇਕਮੁੱਠ ਹੁੰਦਿਆਂ ਇਸ ਕਾਰਵਾਈ ਦੀ ਨਿਖੇਧੀ ਕੀਤੀ ਤੇ ਸਰਕਾਰ ਉਤੇ ਜ਼ੋਰ ਪਾਇਆ ਕਿ ਉਹ ਜਾਧਵ ਦੀ ਮੱਦਦ ਲਈ ਜ਼ਰੂਰੀ ਕਦਮ ਉਠਾਵੇ। ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਖ਼ਲ ਦੀ ਅਪੀਲ ਕਰਦਿਆਂ ਕਿਹਾ ਕਿ ਪਾਕਿਸਤਾਨ ਉਤੇ ਸਫ਼ਾਰਤੀ ਦਬਾਅ ਪਾ ਕੇ ਜਾਧਵ ਨੂੰ ਰਿਹਾਅ ਕਰਵਾਇਆ ਜਾਵੇ। ਸਰਕਾਰ ਤੇ ਵਿਰੋਧੀ ਧਿਰ ਦੋਵਾਂ ਨੇ ਇਸ ਕਾਰਵਾਈ ਨੂੰ ਭਾਰਤ ਨੂੰ ਬਦਨਾਮ ਕਰਨ ਅਤੇ ਪਾਕਿਸਤਾਨ ਦੀ ਸ਼ਹਿ-ਪ੍ਰਾਪਤ ਦਹਿਸ਼ਤਗਰਦੀ ਤੋਂ ਆਲਮੀ ਭਾਈਚਾਰੇ ਦਾ ਧਿਆਨ ਹਟਾਉਣ ਦੀ ਕੋਸ਼ਿਸ਼ ਕਰਾਰ ਦਿੱਤਾ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਦੋਵਾਂ ਸਦਨਾਂ ਵਿੱਚ ਬਿਆਨ ਦਿੰਦਿਆਂ ਆਖਿਆ ਕਿ ਇਕ 'ਅਗਵਾਸ਼ੁਦਾ ਬੇਕਸੂਰ ਭਾਰਤੀ' ਨੂੰ ਇਨਸਾਫ਼ ਦਿਵਾਉਣ ਲਈ ਭਾਰਤ 'ਕੁਝ ਵੀ ਕਰਨ' ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਇਸ ਕਾਰਨ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਉਤੇ ਪੈਣ ਵਾਲੇ ਮਾੜੇ ਅਸਰ ਦਾ



ਖ਼ਿਆਲ ਜ਼ਰੂਰ ਰੱਖਣਾ ਚਾਹੀਦਾ ਹੈ। ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਗ਼ੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਸਰਕਾਰ ਨੇ ਜਾਧਵ ਨੂੰ ਬਿਹਤਰੀਨ ਵਕੀਲ ਮੁਹੱਈਆ ਕਰਾਉਣੇ ਚਾਹੀਦੇ ਹਨ ਤਾਂ ਕਿ ਸੱਚ ਸਾਹਮਣੇ ਆ ਸਕੇ। ਬੀਬੀ ਸਵਰਾਜ ਨੇ ਕਿਹਾ ਕਿ ਭਾਰਤ ਇਹ ਤਾਂ ਕਰੇਗਾ ਹੀ, ਸਗੋਂ ਮਾਮਲਾ ਪਾਕਿਸਤਾਨ ਦੇ ਸਦਰ ਕੋਲ ਵੀ ਉਠਾਵੇਗਾ। ਉਨ੍ਹਾਂ ਕਿਹਾ, ''ਜੋ ਵੀ ਜ਼ਰੂਰੀ ਹੋਇਆ, ਅਸੀਂ ਕਰਾਂਗੇ। ਅਸੀਂ ਨਿਯਮਾਂ ਤੋਂ ਬਾਹਰ ਜਾ ਕੇ ਵੀ ਕੁਝ ਵੀ ਕਰ ਸਕਦੇ ਹਾਂ...।'' ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਜਾਧਵ ਦੇ ਮਾਪਿਆਂ ਨਾਲ ਸੰਪਰਕ ਬਣਾਇਆ ਹੋਇਆ ਹੈ ਤੇ ਸਰਕਾਰ ਇਸ ਦੁੱਖ ਦੀ ਘੜੀ ਉਨ੍ਹਾਂ ਦੇ ਨਾਲ ਹੈ।

# ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ- ਕਈ ਥਾਈਂ ਪੰਜਾਬੀ ਉਮੀਦਵਾਰਾਂ ਦੇ ਸਿੰਗ ਫ਼ਸਣ ਦੇ ਆਸਾਰ

**ਵੈਨਕੂਵਰ–** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ 'ਚ 9 ਮਈ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਨੇ ਕਮਰਕੱਸੇ ਕਰ ਲਏ ਹਨ। ਵੱਖ-ਵੱਖ ਪਾਰਟੀਆਂ ਨਾਲ ਸਬੰਧਤ ਉਮੀਦਵਾਰਾਂ ਨੇ ਆਪਣਾ ਚੋਣ ਪ੍ਰਚਾਰ ਮਘਾ ਲਿਆ ਹੈ।

ਇਸ ਸੂਬੇ ਦੇ 85 ਮੈਂਬਰੀ ਹਾਊਸ ਵਿੱਚ ਵਰਤਮਾਨ 'ਚ ਸੱਤਾਧਾਰੀ ਲਿਬਰਲ ਪਾਰਟੀ ਦੇ 48, ਐਨਡੀਪੀ ਦੇ 35, ਗਰੀਨ ਪਾਰਟੀ ਅਤੇ ਆਜ਼ਾਦ ਧੜੇ ਦਾ ਇੱਕ-ਇੱਕ ਵਿਧਾਇਕ ਹੈ। ਬੀਸੀ ਸੂਬੇ 'ਚ ਪਿਛਲੀਆਂ ਚੋਣਾਂ 13 ਮਈ 2013 ਨੂੰ ਹੋਈਆਂ ਸਨ। ਡੇਢ ਸਾਲ ਪਹਿਲਾਂ ਹੋਈਆਂ ਸੰਸਦੀ ਚੋਣਾਂ ਦੌਰਾਨ ਪੰਜਾਬੀ ਉਮੀਦਵਾਰਾਂ ਦੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨੂੰ ਦੇਖਦਿਆਂ ਸੱਤਾਧਾਰੀ ਲਿਬਰਲ ਪਾਰਟੀ ਨੇ ਇਸ ਵਾਰ ਕਾਫ਼ੀ ਹਲਕਿਆਂ 'ਚ ਪੰਜਾਬੀ ਉਮੀਦਵਾਰ ਉਤਾਰੇ ਹਨ। ਇਸ ਵਾਰ ਦੋਹਾਂ ਪਾਰਟੀਆਂ ਨੇ ਪੰਜਾਬੀਆਂ ਨੂੰ ਉਨ੍ਹਾਂ ਦੇ ਗੜ੍ਹ ਸਰੀ ਤੋਂ ਹੀ ਨਹੀ, ਸਗੋਂ ਹੋਰ ਕਈ ਹਲਕਿਆਂ ਤੋਂ ਵੀ ਚੋਣ ਮੈਦਾਨ 'ਚ ਉਤ-'ਰਿਆ ਹੈ। ਲਿਬਰਲ ਪਾਰਟੀ ਤੇ ਐਨਡੀਪੀ ਵੱਲੋਂ ਕ੍ਰਮਵਾਰ ਸਰੀ ਨਿਊਟਨ ਤੋਂ ਗੁਰਮਿੰਦਰ ਸਿੰਘ ਪਰਹਾਰ ਤੇ ਹੈਰੀ ਬੈਂਸ ਨੂੰ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ।

ਹਲਕਾ ਸਰੀ ਫਲੀਟਵੁੱਡ ਤੋਂ ਪੀਟਰ ਫਾਸਬੈਂਡਰ ਦਾ ਮੁਕਾਬਲਾ ਜਗਰੂਪ ਬਰਾੜ ਕਰਨਗੇ। ਇਸ ਤੋਂ ਇਲਾਵਾ ਸਰੀ ਗਰੀਨ ਟਿੰਬਰ ਤੋਂ ਲਿਬਰਲਾਂ ਦੀ ਗੋਰੀ ਬਰੈਂਡਲੌਕੇ ਦਾ ਮੁਕਾਬਲਾ ਰਚਨਾ ਸਿੰਘ ਕਰੇਗੀ।

ਸਰੀ ਗਿਲਫਰਡ ਤੋਂ ਅਮਰੀਕ ਵਿਰਕ ਤੇ ਗੈਰੀ ਬੈਂਗ ਦਰਮਿਆਨ ਵੀ ਫ਼ਸਵੀ ਟੱਕਰ ਦੇ ਆਸਾਰ ਹਨ। ਸਰੀ ਵਾਹਲੀ ਤੋਂ ਸਰਗੀ ਚੀਮਾ ਤੇ ਬਰੂਸ ਰੌਬਰਟਸਨ ਦਰਮਿਆਨ ਮੁਕਾਬਲਾ ਹੋਵੇਗਾ। ਰਿਚਮੰਡ ਕੁਈਨਬਰੋ ਤੋਂ ਜੈਸੀ ਜੌਹਲ ਤੇ ਅਮਨ ਸਿੰਘ ਆਹਮੋ-ਸਾਹਮਣੇ ਹਨ। ਡੈਲਟਾ ਉੱਤਰੀ ਤੋਂ ਐਨਡੀਪੀ ਦੇ ਰਵੀ ਕਾਹਲੋਂ ਵੀ ਲੰਮੇ ਅਰਸੇ ਤੋਂ ਸਰਗਰਮ ਹਨ। ਐਬਟਸਫੋਰਡ ਪੱਛਮੀ ਤੋਂ ਮੌਜੂਦਾ ਵਿੱਤ ਮੰਤਰੀ ਮਾਈਕ ਡੀ ਜੌਂਗ ਦਾ ਮੁਕਾਬਲਾ ਪਰੀਤ ਰਾਏ ਕਰਨਗੇ।

ਬਰਨਬੀ ਤੋਂ ਐਨਡੀਪੀ ਦੇ ਰਾਜ ਚੌਹਾਨ ਫਿਰ ਤੋਂ ਵਿਧਾਨ ਸਭਾ 'ਚ ਜਾਣ ਦੀ ਤਿਆਰੀ ਵਿੱਚ ਹਨ। ਐਨਡੀਪੀ ਨੇ ਫ਼ਰੇਜ਼ਰ ਨਿਕੋਲਾ ਤੋਂ ਹੈਰੀ ਲਾਲੀ ਤੇ ਉੱਚੇ ਪਹਾੜੀ ਖੇਤਰ ਦੇ ਹਲਕੇ ਪ੍ਰਿੰਸ ਜੌਰਜ ਤੋਂ ਬੌਬੀ ਦੀਪਕ ਤੇ ਪੈਂਟਿਕਟਨ ਤੋਂ ਤਾਰਕ ਸਈਦ ਨੂੰ ਮੈਦਾਨ 'ਚ ਉਤਾਰਿਆ ਹੈ। ਪਿਛਲੇ ਨਤੀਜੇ ਸਰਵੇਖਣਾਂ ਦੇ ਉਲਟ ਆਏ ਹੋਣ ਕਾਰਣ ਇਸ ਵਾਰ ਸਰਵੇਖਣਾਂ ਨੂੰ ਤਵੱਜੋ ਘੱਟ ਹੀ ਮਿਲ ਰਹੀ ਹੈ।


# ਅਰਵਿੰਦ ਕੇਜਰੀਵਾਲ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ



ਦਿਫੂ- ਇਥੋਂ ਦੇ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਨੇ ਮਾਣਹਾਨੀ ਦੇ ਕੇਸ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ਼ ਜ਼ਮਾਨਤੀ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਇਹ ਕੇਸ ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਦੀ ਵਿੱਦਿਅਕ ਯੋਗਤਾ ਸਬੰਧੀ ਜਾਰੀ ਟਵੀਟ ਉਤੇ ਆਧਾਰਤ ਹੈ। ਉਨ੍ਹਾਂ ਨੂੰ 8 ਮਈ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ।

# ਸ੍ਰੀਨਗਰ ਵਿੱਚ ਤਣਾਅ ਦੌਰਾਨ 38 ਬੂਥਾਂ 'ਤੇ ਮੁੜ ਵੋਟਾਂ ਅੱਜ

**ਸ੍ਰੀਨਗਰ–** ਲੋਕ ਸਭਾ ਹਲਕੇ ਸ੍ਰੀਨਗਰ ਦੀ ਜ਼ਿਮਨੀ ਚੋਣ ਵਿੱਚ ਹੋਈ ਹਿੰਸਾ ਦੌਰਾਨ ਅੱਠ ਵਿਅਕਤੀਆਂ ਦੀ ਮੌਤ ਤੋਂ ਬਾਅਦ ਵੀ ਹਾਲਾਤ ਬਦਤਰ ਬਣੇ ਹੋਏ ਹਨ, ਜਿਸ ਕਾਰਨ ਆਮ ਜਨਜੀਵਨ ਬਹੁਤ ਪ੍ਰਭਾਵਿਤ ਹੋ ਰਿਹਾ ਹੈ। ਇਨ੍ਹਾਂ ਵਿਗੜੇ ਹਾਲਾਤ ਦੌਰਾਨ ਹੀ ਚੋਣ ਕਮਿਸ਼ਨ ਨੇ ਹਲਕੇ ਦੇ 38 ਪੋਲਿੰਗ ਸਟੇਸ਼ਨਾਂ 'ਤੇ ਮੁੜ ਵੋਟਾਂ ਲਈ 13 ਅਪਰੈਲ ਦਾ ਦਿਨ ਮੁਕੱਰਰ ਕਰ ਦਿੱਤਾ ਹੈ। ਇਕ ਪਾਸੇ ਮੁੜ ਵੋਟਾਂ ਦੇ ਹੁਕਮ ਜਾਰੀ ਹੋ ਗਏ ਹਨ ਤੇ ਦੂਜੇ ਪਾਸੇ ਸ੍ਰੀਨਗਰ ਵਿੱਚ ਹਾਲਾਤ ਤਣਾਅਪੂਰਨ ਬਣੇ ਹੋਏ ਹਨ। ਅੱਜ ਬਹੁਤੀਆਂ ਦੁਕਾਨਾਂ, ਪੈਟਰੋਲ ਪੰਪ ਤੇ ਹੋਰ ਕਾਰੋਬਾਰੀ ਅਦਾਰੇ ਬੰਦ ਰਹੇ। ਸਰਕਾਰੀ ਬੱਸਾਂ ਬਿਲਕੁਲ ਵੀ ਨਹੀਂ ਚੱਲੀਆਂ ਪਰ ਆਟੇ ਵਿੱਚ ਲੂਣ ਬਰਾਬਰ ਪ੍ਰਾਈਵੇਟ ਕਾਰਾਂ, ਟੈਕਸੀਆਂ ਅਤੇ ਆਟੋ ਰਿਕਸ਼ੇ ਸੜਕਾਂ 'ਤੇ ਨਜ਼ਰੀਂ ਪਏ। ਇਸ ਦੌਰਾਨ ਦੋ ਦਿਨਾਂ ਬਾਅਦ ਅੱਜ ਵਾਦੀ ਵਿੱਚ ਬਰਾਡਬੈਂਡ ਇੰਟਰਨੈੱਟ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ ਹਨ। ਭਾਵੇਂ ਪ੍ਰਸ਼ਾਸਨ ਵੱਲੋਂ ਵਾਦੀ ਵਿੱਚ ਕਿਧਰੇ ਵੀ ਕੋਈ ਪਾਬੰਦੀ ਨਹੀਂ ਲਗਾਈ ਗਈ ਪਰ



ਚੱਪੇ ਚੱਪੇ 'ਤੇ ਸੁਰੱਖਿਆ ਦਸਤੇ ਤਾਇਨਾਤ ਕੀਤੇ ਹੋਏ ਹਨ। ਅੱਠ ਵਿਅਕਤੀਆਂ ਦੀ ਮੌਤ ਸਬੰਧੀ ਵੱਖਵਾਦੀਆਂ ਨੇ ਸੋਮਵਾਰ ਨੂੰ ਦੋ ਦਿਨਾਂ ਹੜਤਾਲ ਦਾ ਐਲਾਨ ਕੀਤਾ ਸੀ। ਇਸ ਦੌਰਾਨ ਅਤਿਵਾਦੀਆਂ ਨੇ ਬੀਤੀ ਰਾਤ ਸ਼ੋਪੀਆਂ ਦੇ ਰਵਾਲਪੋਰਾ ਵਿੱਚ ਇਕ ਸਕੂਲ ਨੂੰ ਅੱਗ ਲਗਾ ਦਿੱਤੀ। ਇਸ ਸਕੂਲ ਵਿੱਚ ਪੋਲਿੰਗ ਬੂਥ ਬਣਿਆ ਹੋਇਆ ਹੈ। ਅੱਗ ਨਾਲ ਸਕੂਲ ਪੂਰੀ ਤਰ੍ਹਾਂ ਤਬਾਹ ਹੋ ਗਿਆ।

# ਵਿਸਾਖੀ ਮੌਕੇ ਸ੍ਰੀ ਨਨਕਾਣਾ ਸਾਹਿਬ 'ਚ ਰਹੇਗੀ ਸਖ਼ਤ ਸੁਰੱਖਿਆ

**ਅੰਮ੍ਰਿਤਸਰ–** ਵਿਸਾਖੀ ਮੇਲੇ ਮੌਕੇ ਪਾਕਿਸਤਾਨ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਵਾਲੇ ਜਥਿਆਂ ਦੀ ਸੁਰੱਖਿਆ ਨੂੰ ਲੈ ਕੇ ਸ੍ਰੀ ਨਨਕਾਣਾ ਸਾਹਿਬ 'ਚ ਸਖ਼ਤ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਸਬੰਧੀ ਸ੍ਰੀ ਨਨਕਾਣਾ ਸਾਹਿਬ ਦੇ ਜ਼ਿਲ੍ਹਾ ਪੁਲਿਸ ਅਧਿਕਾਰੀ ਸ਼ਹਿਜ਼ਾਦਾ ਬਿਲਾਲ ਉਮਰ ਨੇ ਜ਼ਿਲ੍ਹੇ ਦੇ ਸਥਾਨਕ ਸਿੱਖ ਭਾਈਚਾਰੇ ਦੇ ਆਗੂਆਂ ਨਾਲ ਜ਼ਰੂਰੀ ਮੀਟਿੰਗ ਕਰਕੇ ਉਨ੍ਹਾਂ ਨੂੰ ਵਿਸ਼ੇਸ਼ ਹਦਾਇਤਾਂ ਦਿੱਤੀਆਂ।

ਜਾਣਕਾਰੀ ਮਿਲੀ ਹੈ ਕਿ ਇਸ ਵਾਰ ਵਿਸਾਖੀ ਮੌਕੇ ਪਾਕਿਸਤਾਨ ਗੁਰਧਾਮਾਂ ਦੀ ਯਾਤਰਾ ਲਈ ਦੇਸ਼-ਵਿਦੇਸ਼ ਤੋਂ ਕਰੀਬ 4 ਹਜ਼ਾਰ ਦੀ ਗਿਣਤੀ 'ਚ ਜਾਣ ਵਾਲੇ ਯਾਤਰੂਆਂ ਦੀ ਸੁਰੱਖਿਆ ਨੂੰ ਧਿਆਨ 'ਚ ਰੱਖਦਿਆਂ ਪਿਛਲੇ ਵਰ੍ਹਿਆਂ ਦੇ ਮੁਕਾਬਲੇ ਵਧੇਰੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਯਾਤਰੂਆਂ ਦੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ ਤੇ ਲਾਹੌਰ 'ਚ ਰੁਕਣ ਦੌਰਾਨ ਆਸ-ਪਾਸ ਦੇ ਸਭ ਬਾਜ਼ਾਰ ਬੰਦ ਰੱਖੇ ਜਾਣ ਦੇ ਆਦੇਸ਼ ਦਿੱਤੇ ਹਨ ਤੇ ਗੁਰਦੁਆਰਾ ਸਾਹਿਬ 'ਚ ਪ੍ਰਵੇਸ਼ ਕਰਨ ਉਪਰੰਤ ਯਾਤਰੂਆਂ ਨੂੰ ਕਿਸੇ ਵੀ ਹਾਲਤ 'ਚ ਬਾਹਰ ਨਿਕਲਣ, ਖਰੀਦਦਾਰੀ ਕਰਨ ਜਾਂ ਘੁੰਮਣ-ਫਿਰਨ ਦੀ ਮਨਜ਼ੂਰੀ ਨਹੀਂ ਹੋਵੇਗੀ।

ਇਹ ਵੀ ਪਤਾ ਲੱਗਾ ਹੈ ਕਿ ਯਾਤਰੂਆਂ ਦੀ ਸੁਰੱਖਿਆ ਲਈ 1,500 ਤੋਂ ਵਧੇਰੇ ਸੁਰੱਖਿਆ ਕਰਮਚਾਰੀ ਗੁਰਦੁਆਰਿਆਂ ਦੇ ਆਸ-ਪਾਸ ਤਾਇਨਾਤ ਰਹਿਣਗੇ ਤੇ ਉਪਰੋਕਤ ਦੇ ਇਲਾਵਾ ਇਸ ਵਾਰ ਮਹਿਲਾ ਕਮਾਂਡੋ ਵੀ ਵੱਡੀ ਗਿਣਤੀ 'ਚ ਤਾਇਨਾਤ ਕੀਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ 'ਚ ਜਾਣ ਸਮੇਂ ਯਾਤਰੂਆਂ ਦੇ ਸਮਾਨ ਦੀ ਤਲਾਸ਼ੀ ਲਈ ਉੱਚ ਗੁਣਵੱਤਾ ਦੇ ਸਕੈਨਰ ਤੇ ਮੈਟਲ ਡਿਟੈਕਟਰ ਲਗਾਏ ਗਏ ਹਨ।

## ਲੇਖਕਾਂ/ਪੱਤਰਕਾਰ ਵੀਰਾਂ ਨੂੰ ਬੇਨਤੀ

'ਦੇਸ਼ ਦੁਆਬਾ' ਵਿਚ ਆਪਣੀਆਂ ਰਚਨਾਵਾਂ ਅਤੇ ਖਬਰਾਂ ਭੇਜਣ ਵਾਲੇ ਲੇਖਕ ਅਤੇ ਪੱਤਰਕਾਰ ਭਰਾ ਆਪਣੀ ਲਿਖਤ ਸਾਨੂੰ ਸਿਰਫ ਈ-ਮੇਲ ਰਾਹੀਂ ਹੀ ਭੇਜਣ। ਸਾਡਾ ਈ-ਮੇਲ Deshdoaba@yahoo.com ਜੇਕਰ ਕੋਈ ਰਚਨਾ ਛਪਣ ਤੋਂ ਰਹਿ ਜਾਂਦੀ ਹੈ ਤਾਂ ਸਾਨੂੰ ਯਾਦ ਕਰਵਾਇਆ ਜਾਵੇ ਤਾਂ ਜੋ ਅਗਲੇ ਅੰਕ ਵਿਚ ਅਸੀਂ ਉਸ ਰਚਨਾ ਨੂੰ ਪ੍ਰਕਾਸ਼ਿਤ ਕਰ ਸਕੀਏ। ਕਈ ਵਾਰ ਜਗ੍ਹਾ ਦੀ ਘਾਟ ਜਾਂ ਸਮੇਂ ਸਿਰ ਨਾ ਮਿਲਣ ਜਾਂ ਫਿਰ ਹੋਰ ਕਾਰਨਾਂ ਕਰਕੇ ਵੀ ਕੋਈ ਰਚਨਾ ਨਹੀਂ ਛਪਦੀ ਤਾਂ ਉਹ ਰਚਨਾ ਅਸੀਂ ਅਗਲੇਰੇ ਅੰਕਾਂ ਵਿਚ ਛਾਪਣ ਦੀ ਪੂਰੀ ਕੋਸ਼ਿਸ਼ ਕਰਾਂਗੇ।

–ਸੰਪਾਦਕ

## Matrimonial

Looking for a well-educated, beautiful, professionally qualified and family oriented girl for a very handsome tall 5fts, 10 inches August 1985 boy belonging to a S.C. respectable family USA CITIZEN, MASTER OF SCIENCE IN AEROSPACE working as civil engineer at a USA Airforce. Serious interested may contact on phone NO. 1-209-817-5127 WITH LATEST PHOTO AND BIODATA.

---------------------------

## ਵਰ ਦੀ ਲੋੜ

ਆਦਿਧਰਮੀ 28 ਸਾਲਾ ਅਮਰੀਕਨ ਗਰੀਨ ਕਾਰਡ ਹੋਲਡਰ ਲੜਕੀ ਲਈ ਲੜਕੇ ਦੀ ਜ਼ਰੂਰਤ ਹੈ। ਅਮਰੀਕਾ ਸਿਟੀਜਨ 35 ਸਾਲ ਵਿਧਵਾ ਲੜਕੀ ਲਈ ਲੜਕੇ ਦੀ ਜ਼ਰੂਰਤ ਹੈ। ਕਿਰਪਾ ਕਰਕੇ ਉਹ ਹੀ ਸੰਪਰਕ ਕਰਨ ਜੋ ਅਮਰੀਕਾ ਰਹਿੰਦੇ ਭਰਾ 30 ਸਾਲ ਨੂੰ ਸਿਟੀਜਨ ਲੜਕੀ ਦਾ ਰਿਸ਼ਤਾ ਕਰਵਾ ਸਕਣ। ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। 469-952-6343 ਜਾਂ 469-954-6359

# ਐਸ ਵਾਈ ਐਲ 'ਤੇ ਕੇਂਦਰ ਬਣਿਆ ਵਿਚੋਲਾ

ਨਵੀਂ ਦਿੱਲੀ (ਬਿਊਰੋ)- ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਸਬੰਧੀ ਪੰਜਾਬ-ਹਰਿਆਣਾ ਦਰਮਿਆਨ ਜਾਰੀ ਅੜਿੱਕੇ ਦੌਰਾਨ ਕੇਂਦਰ ਸਰਕਾਰ ਨੇ ਦੋਵਾਂ ਸੂਬਿਆਂ ਨੂੰ ਗੱਲਬਾਤ ਲਈ ਸੱਦਿਆ ਹੈ। ਕੇਂਦਰ ਸਰਕਾਰ ਨੇ ਇਹ ਜਾਣਕਾਰੀ ਅੱਜ ਇਥੇ ਸੁਪਰੀਮ ਕੋਰਟ ਵਿੱਚ ਦਿੰਦਿਆਂ ਕਿਹਾ ਕਿ ਇਹ ਮੀਟਿੰਗ 20 ਅਪਰੈਲ ਨੂੰ ਹੋਵੇਗੀ। ਸੁਪਰੀਮ ਕੋਰਟ ਦੇ ਜਸਟਿਸ ਪੀ.ਸੀ. ਘੋਸ਼ ਦੀ ਅਗਵਾਈ ਵਾਲੇ ਬੈਂਚ ਅੱਗੇ ਅਟਾਰਨੀ ਜਨਰਲ ਮੁਕੁਲ ਰੋ-ਹਤਗੀ ਨੇ ਕਿਹਾ, ''ਅਸੀਂ ਦੋਵਾਂ ਸੂਬਿਆਂ ਨੂੰ 20 ਅਪਰੈਲ ਨੂੰ ਇਕ ਮੀਟਿੰਗ ਲਈ ਸੱਦਿਆ ਹੈ ਤਾਂ ਕਿ ਮਸਲੇ ਦਾ ਹੱਲ ਤਲ-'ਸ਼ਿਆ ਜਾ ਸਕੇ।'' ਸ੍ਰੀ ਰੋਹਤਗੀ ਨੇ ਇਹ ਗੱਲ ਉਦੋਂ ਆਖੀ ਜਦੋਂ ਸੀਨੀਅਰ ਵਕੀਲ ਰਾਮ ਜੇਠਮਲਾਨੀ ਤੇ ਆਰ.ਐਸ. ਸੂਰੀ ਨੇ ਪੰਜਾਬ ਵੱਲੋਂ ਬੇਨਤੀ ਕੀਤੀ ਕਿ ਮਾਮਲੇ ਦੀ 12 ਅਪਰੈਲ ਨੂੰ ਹੋਣ ਵਾਲੀ ਸੁਣਵਾਈ ਘੱਟੋ-ਘੱਟ ਤਿੰਨ ਹਫ਼ਤਿਆਂ ਲਈ ਟਾਲੀ ਜਾਵੇ, ਕਿਉਂਕਿ ਇਸ ਨੇ ਮਾਮਲੇ ਦੇ ਅਦਾਲਤ ਤੋਂ ਬਾਹਰ ਨਿਬੇੜੇ ਦਾ ਸੱਦਾ ਦਿੱਤਾ ਹੈ। ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਕਿਹਾ ਕਿ ਸੂਬੇ ਦੀ ਪਿਛਲੀ ਸਰਕਾਰ ਵੱਲੋਂ ਨਿਯੁਕਤ ਕਾਨੂੰਨੀ ਅਧਿਕਾਰੀਆਂ ਨੇ ਅਸਤੀਫ਼ੇ ਦੇ ਦਿੱਤੇ ਹਨ ਅਤੇ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਮੱਦੇਨਜ਼ਰ ਇਸ ਨੂੰ ਇਨ੍ਹਾਂ ਨਿਯੁਕਤੀਆਂ ਲਈ ਕੁਝ ਸਮਾਂ ਚਾਹੀਦਾ ਹੈ।

ਉਨ੍ਹਾਂ ਵੀ ਸੁਣਵਾਈ ਮੁਲਤਵੀ ਕਰਨ ਦੀ ਮੰਗ ਕੀਤੀ। ਗ਼ੌਰਤਲਬ ਹੈ ਕਿ ਬੀਤੀ 22 ਫਰਵਰੀ ਨੂੰ ਸ੍ਰੀ ਜੇਠਮਲਾਨੀ ਨੇ ਕਿਹਾ ਸੀ ਕਿ ਮਾਮਲੇ ਦੇ ਸਿਆਸੀ ਹੱਲ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਤੇ ਕੇਂਦਰ ਸਾਲਸ ਦੀ ਭੂਮਿਕਾ ਨਿਭਾਵੇ। ਦੂਜੇ ਪਾਸੇ ਹਰਿਆਣਾ ਵੱਲੋਂ ਪੇਸ਼ ਸੀਨੀਅਰ ਵਕੀਲ ਸ਼ਿਆਮ ਦੀਵਾਨ ਤੇ ਜਗਦੀਪ ਧਨਖੜ ਨੇ ਸੁਣਵਾਈ ਟਾਲੇ ਜਾਣ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਟੈਂਡ ਵਿੱਚ ਕੁਝ ਵੀ ਨਵਾਂ ਨਹੀਂ ਹੈ ਅਤੇ ਸੁਣਵਾਈ ਮਿਥੇ ਮੁਤਾਬਕ 12 ਅਪਰੈਲ ਨੂੰ ਹੋਣੀ ਚਾਹੀਦੀ ਹੈ। ਬੈਂਚ ਨੇ ਸੁਣਵਾਈ ਦੀ ਤਰੀਕ ਨਹੀਂ ਬਦਲੀ। ਬਾਅਦ ਵਿੱਚ ਅਟਾਰਨੀ ਜਨਰਲ ਨੇ ਦੱਸਿਆ ਕਿ ਦੋਵਾਂ ਸੂਬਿਆਂ ਦੇ ਮੁੱਖ ਸਕੱਤਰ ਮੀਟਿੰਗ ਲਈ ਆਉਣਗੇ ਤੇ ਕੇਂਦਰੀ ਪਾਣੀ ਵਸੀਲਾ ਸਕੱਤਰ ਨਾਲ ਗੱਲਬਾਤ ਕਰਨਗੇ।

**ਕੇਂਦਰ ਦੀ ਪਹਿਲ ਦਾ ਕੈਪਟਨ ਵਲੋਂ ਸੁਆਗਤ**

ਚੰਡੀਗੜ੍ਹ- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸਤਲੁਜ-ਯਮੁਨਾ ਲਿੰਕ ਨਹਿਰ ਬਾਰੇ 20 ਅਪਰੈਲ ਨੂੰ ਦੋਵਾਂ ਸੂਬਿਆਂ ਦੀ ਮੀਟਿੰਗ ਸੱਦਣ ਦਾ ਸੁਆਗਤ ਹੈ। ਉਂਜ ਉਨ੍ਹਾਂ ਨਹਿਰ ਬਾਰੇ ਆਪਣਾ ਸਟੈਂਡ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਜੇ ਨਹਿਰ ਕੱਢੀ ਗਈ ਤਾਂ ਪੰਜਾਬ ਲੋੜੀਂਦੇ ਨਹਿਰੀ ਪਾਣੀ ਤੋਂ ਵਾਂਝਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਨਹਿਰ ਦੇ ਮਸਲੇ ਦਾ ਆਪਸੀ ਸਹਿਮਤੀ ਨਾਲ ਹੱਲ ਕੱਢਣ ਦੇ ਹਾਮੀ ਹਨ। ਗ਼ੌਰਤਲਬ ਹੈ ਕਿ ਕੈਪਟਨ ਨੇ ਲਿੰਕ ਨਹਿਰ ਦੇ ਮੁੱਦੇ ਉਤੇ ਬੀਤੇ ਨਵੰਬਰ ਵਿਚ ਲੋਕ ਸਭਾ ਤੋਂ ਅਸਤੀਫਾ ਦਿਤਾ ਸੀ ਤੇ ਕਾਂਗਰਸੀ ਵਿਧਾਇਕਾਂ ਨੇ ਪੰਜਾਬ ਵਿਧਾਨ ਸਭਾ ਤੋਂ ਅਸਤੀਫੇ ਦੇ ਦਿਤੇ ਸਨ। ਉਂਜ ਵਿਧਾਇਕਾਂ ਦੇ ਅਸਤੀਫ਼ੇ ਮਨਜ਼ੂਰ ਨਹੀਂ ਸਨ ਕੀਤੇ ਗਏ।

## ਯੂਐਨ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਵਧਾਈ

**ਅੰਮ੍ਰਿਤਸਰ-** ਸੰਯੁਕਤ ਰਾਸ਼ਟਰ (ਯੂਨਾਈਟਿਡ ਨੇਸ਼ਨਜ਼) ਵੱਲੋਂ ਸਮੁੱਚੇ ਸਿੱਖ ਜਗਤ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਵਧਾਈ ਦਿੱਤੀ ਗਈ ਹੈ, ਜਿਸ ਦਾ ਅਮਰੀਕਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਰਵਾਂ ਸਵਾਗਤ ਕੀਤਾ। ਸੰਸਥਾ ਦੇ ਅੰਡਰ ਸੈਕਟਰੀ ਅਤੇ ਜਨਰਲ ਤੇ ਸਪੈਸ਼ਲ ਸਲਾਹਕਾਰ ਐਡਾਮਾ ਡੀਇੰਗ ਵਲੋਂ ਜਾਰੀ ਇਸ ਵਧਾਈ ਸੰਦੇਸ਼ ਵਿਚ ਉਨ੍ਹਾਂ ਆਖਿਆ ਕਿ ਵਿਸਾਖੀ ਦਾ ਤਿਉਹਾਰ ਸਿੱਖਾਂ ਲਈ ਇਕ ਅਹਿਮ ਦਿਨ ਹੈ। ਇਸ ਦਿਨ 'ਤੇ ਯੂਨਾਈਟਿਡ ਨੇਸ਼ਨਜ਼ ਦਫਤਰ ਵਲੋਂ ਸਮੁੱਚੇ ਸਿੱਖ ਜਗਤ ਨੂੰ ਮੁਬਾਰਕਬਾਦ ਹੈ। ਇਹ ਵਧਾਈ ਸੰਦੇਸ਼ ਨਿਊਯਾਰਕ ਤੋਂ ਜਾਰੀ ਕੀਤਾ ਗਿਆ ਹੈ। ਇਸ ਸੰਦੇਸ਼ ਦਾ ਸਵਾਗਤ ਕਰਦਿਆਂ ਐਸਜੀਪੀਸੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਅਤੇ ਕੁਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਆਖਿਆ ਕਿ ਸੰਯੁਕਤ ਰਾਸ਼ਟਰ ਵਲੋਂ ਸਿੱਖਾਂ ਦੁਆਰਾ ਅਮਰੀਕਾ ਦੀ ਤਰੱਕੀ ਵਿਚ ਅਹਿਮ ਰੋਲ ਦੀ ਸ਼ਲਾਘਾ ਕੀਤੀ ਗਈ ਹੈ। ਇਸ ਸੰਦੇਸ਼ ਤੋਂ ਸਮੁੱਚਾ ਸਿੱਖ ਭਾਈਚਾਰਾ ਖੁਸ਼ ਹੈ। ਇਸ ਮੌਕੇ ਫਰੈਂਡਜ਼ ਆਫ ਸਿੱਖ ਕਾਕਸ ਦੇ ਆਗੂ ਹਰਪ੍ਰੀਤ ਸਿੰਘ ਸੰਧੂ ਤੇ ਹੋਰਨਾਂ ਸਿੱਖ ਆਗੂਆਂ ਨੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ।

## ਤਖ਼ਤ ਦਮਦਮਾ ਸਾਹਿਬ ਵਿਖੇ ਚਾਰ ਰੋਜ਼ਾ ਵਿਸਾਖੀ ਮੇਲਾ

**ਤਲਵੰਡੀ ਸਾਬੋ-** ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਹਰ ਸਾਲ ਲੱਗਣ ਵਾਲਾ ਵਿਸਾਖੀ ਮੇਲਾ ਗੁਰਦੁਆਰਾ ਲਿਖਣਸਰ ਸਾਹਿਬ ਵਿਖੇ ਅਖੰਡ ਪਾਠ ਦੇ ਪ੍ਰਕਾਸ਼ ਨਾਲ ਰਸਮੀ ਤੌਰ 'ਤੇ ਸ਼ੁਰੂ ਹੋ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਲਿਖਣਸਰ ਸਾਹਿਬ ਵਿਖੇ ਅਖੰਡ ਪਾਠ ਪ੍ਰਕਾਸ਼ ਕੀਤੇ ਗਏ, ਜਿਨ੍ਹਾਂ ਦੀ ਆਰੰਭਤਾ ਦੀ ਅਰਦਾਸ ਮੁੱਖ ਗ੍ਰੰਥੀ ਭਾਈ ਜਗਤਾਰ ਸਿੰਘ ਨੇ ਕੀਤੀ।

ਮੇਲੇ ਦੇ ਪਹਿਲੇ ਦਿਨ ਸ਼ਰਧਾਲੂਆਂ ਇੱਥੇ ਪੁੱਜਣੇ ਸ਼ੁਰੂ ਹੋ ਗਏ ਹਨ। ਇਸ ਦੌਰਾਨ ਤਖ਼ਤ ਸਾਹਿਬ ਸਮੇਤ ਇੱਥੋਂ ਦੇ ਸਾਰੇ ਗੁਰਦੁਆਰਿਆਂ ਅਤੇ ਮੁੱਖ ਰਸਤਿਆਂ ਨੂੰ ਰੰਗ-ਬਿਰੰਗੀਆਂ ਲਾਈਟਾਂ ਨਾਲ ਸਜਾਇਆ ਗਿਆ ਹੈ। ਗੁਰੂ ਦੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘ ਘੋੜਿਆਂ 'ਤੇ ਸਵਾਰ ਹੋ ਕੇ ਦਮਦਮਾ ਸਾਹਿਬ ਪੁੱਜ ਗਏ ਹਨ, ਜੋ ਮੇਲੇ ਦੇ ਅਖ਼ੀਰਲੇ ਦਿਨ 14 ਅਪਰੈਲ ਨੂੰ ਛਿਆਨਵੇਂ ਕਰੋੜੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿੱਚ ਕੱਢੇ ਜਾਣ ਵਾਲੇ ਰਿਵਾਇਤੀ ਮਹੱਲੇ ਦੌਰਾਨ ਘੋੜ-ਸਵਾਰੀ ਦੇ ਜੌਹਰ ਦਿਖਾਉਣਗੇ। ਮੇਲੇ ਦੇ ਤੀਜੇ ਮੁੱਖ ਦਿਨ 13 ਅਪਰੈਲ ਨੂੰ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਨਫਰੰਸਾਂ ਦੀਆਂ ਤਿਆਰੀਆਂ ਵੀ ਜਾਰੀ ਹਨ।

ਇਸ ਮੌਕੇ ਸੰਤ ਸੇਵਕ ਬੁੰਗਾ ਮਸਤੂਆਣਾ ਸਾਹਿਬ ਦੇ ਚੇਅਰਮੈਨ ਬਾਬਾ ਛੋਟਾ ਸਿੰਘ ਨੇ ਦੱਸਿਆ ਕਿ ਮੇਲੇ ਵਿੱਚ ਦੂਰ-ਦੁਰਾਡੇ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਲੰਗਰ ਅਤੇ ਰਹਿਣ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਤਖ਼ਤ ਸਾਹਿਬ ਦੇ ਮੈਨੇਜਰ ਜਗਜੀਤ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਮੇਲੇ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਹਨ। ਉਨ੍ਹਾਂ ਦੱਸਿਆ ਕਿ ਸੁਰੱਖਿਆ ਲਈ ਭਾਵੇਂ ਵੱਡੀ ਗਿਣਤੀ ਪੁਲੀਸ ਤਾਇਨਾਤ ਰਹੇਗੀ ਪਰ ਸ਼੍ਰੋਮਣੀ ਕਮੇਟੀ ਨੇ ਵੀ ਸ਼ਰਾਰਤੀ ਅਨਸਰਾਂ 'ਤੇ ਨਜ਼ਰ ਰੱਖਣ ਲਈ ਆਪਣੀ ਟਾਸਕ ਫੋਰਸ ਦੀਆਂ ਡਿਊਟੀਆਂ ਲਾਈਆਂ ਹਨ। ਉਨ੍ਹਾਂ ਦੱਸਿਆ ਕਿ ਭਾਈ ਡੱਲ ਸਿੰਘ ਦੀਵਾਨ ਹਾਲ ਵਿੱਚ 12 ਤੋਂ 14 ਅਪਰੈਲ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ ਤੇ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਵੇਗਾ।

## ਕੈਲੀਫੋਰਨੀਆ ਦੇ ਸਕੂਲ 'ਚ ਗੋਲੀ ਚੱਲੀ

(ਪਹਿਲੇ ਸਫੇ ਦੀ ਬਾਕੀ)

ਜੈਰਡ ਬਰਗੁਆਨ ਅਨੁਸਾਰ ਹਾਲਾਤ ਕਾਬੂ ਹੇਠ ਹਨ ਤੇ ਸਾਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਉਸ ਨੇ ਦਸਿਆ ਕਿ ਸਕੂਲ ਖੇਤਰ ਨੂੰ ਖਤਰਾ-ਮੁਕਤ ਕਰ ਦਿਤਾ ਗਿਆ ਹੈ। ਉਸ ਨੇ ਜਾਣਕਾਰੀ ਦਿਤੀ ਕਿ ਘਟਨਾ ਤੋਂ ਬਾਅਦ ਬੱਚਿਆਂ ਦੀ ਸੁਰੱਖਿਆ ਲਈ ਉਨ੍ਹਾਂ ਨੂੰ ਨੇੜੇ ਦੇ ਕੇਜ਼ਨ ਹਾਈ ਸਕੂਲ ਲਿਜਾਇਆ ਗਿਆ ਸੀ, ਜਿਥੋਂ ਉਹ ਮਾਪਿਆਂ ਨੂੰ ਸੌਂਪ ਦਿਤੇ ਗਏ। ਮਾਪਿਆਂ ਨੂੰ ਮਿਲਣ ਤੋਂ ਬਾਅਦ ਉਨ੍ਹਾਂ ਦੇ ਗਲ ਨਾਲ ਚਿੰਬੜ ਜਾਣ ਤੋਂ ਪਤਾ ਲਗਦਾ ਸੀ ਕਿ ਬੱਚੇ ਕਿੰਨੇ ਖੌਫ਼ਜ਼ਦਾ ਹਨ। ਘਟਨਾ ਬੀਤੇ ਦਿਨ ਸਵੇਰੇ ਸਕੂਲ ਖੁੱਲ੍ਹਣ ਦੇ ਕੁਝ ਦੇਰ ਬਾਅਦ ਵਾਪਰੀ।



ਜਾਂਚ ਅਧਿਕਾਰੀ ਕੈਪਟਨ ਰੌਨ ਮਾਸ ਅਨੁਸਾਰ ਘਟਨਾ ਮੌਕੇ ਸਕੂਲ 'ਚ 600 ਬੱਚੇ ਸਨ, ਪਰ ਹਮਲਾਵਰ ਦਾ ਨਿਸ਼ਾਨਾ ਸਿਰਫ ਅਧਿਆਪਕਾ ਹੀ ਸੀ। ਉਸਨੇ ਦਸਿਆ ਕਿ ਜ਼ਖ਼ਮੀ ਹੋਏ ਬੱਚੇ ਅਚਾਨਕ ਗੋਲੀਬਾਰੀ ਦੀ ਲਪੇਟ ਆ ਗਏ ਲਗਦੇ ਹਨ। ਘਟਨਾ ਤੋਂ ਬਾਅਦ ਤਿੰਨ ਬੱਚਿਆਂ ਨੂੰ ਏਅਰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ, ਪਰ 8 ਸਾਲ ਦਾ ਇਕ ਬੱਚਾ ਰਸਤੇ 'ਚ ਹੀ ਦਮ ਤੋੜ ਗਿਆ। ਬਾਕੀ ਦੋਹਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ ਹੈ। ਬੱਚਿਆਂ ਦੇ ਮਾਪੇ ਸਵਾ ਕੁ ਸਾਲ ਪਹਿਲਾਂ ਸ਼ਹਿਰ ਦੇ ਇਕ ਸਕੂਲ 'ਚ ਵਾਪਰੀ ਇੰਜ ਦੀ ਘਟਨਾ ਦੇ ਖੌਫ 'ਚੋਂ ਅਜੇ ਉਭਰੇ ਵੀ ਨਹੀ ਸਨ ਕਿ ਇਸ ਘਟਨਾ ਨੇ ਉਨ੍ਹਾਂ ਨੂੰ ਹੋਰ ਵੀ ਡਰਾ ਦਿਤਾ ਹੈ। ਘਟਨਾ ਤੋਂ ਕੁਝ ਦੇਰ ਪਹਿਲਾਂ ਹੀ ਸਕੂਲ ਲੱਗਾ ਸੀ ਤੇ ਬੱਚੇ ਜਮਾਤਾਂ 'ਚ ਸਨ।

## ਬਸਪਾ ਵੱਲੋਂ ਮੋਦੀ ਸਰਕਾਰ ਉੱਤੇ ਲੋਕਤੰਤਰ ਦਾ ਘਾਣ ਕਰਨ ਦੇ ਦੋਸ਼

**ਚੰਡੀਗੜ੍ਹ-** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪੰਜਾਬ ਅਤੇ ਚੰਡੀਗੜ੍ਹ ਇਕਾਈ ਵੱਲੋਂ 11 ਅਪ੍ਰੈਲ ਨੂੰ ਸੈਕਟਰ 25 ਵਿੱਚ ਰੈਲੀ ਕਰਕੇ ਦੋਸ਼ ਲਾਇਆ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਵਿਧਾਨ ਸਭਾ ਚੋਣਾਂ ਵਿਚ ਇਲੈਕਟ੍ਰੌਨਿਕ ਮਸ਼ੀਨਾਂ (ਈਵੀਐਮ) ਨਾਲ ਛੇੜਛਾੜ ਕਰਕੇ ਲੋਕਤੰਤਰ ਦਾ ਘਾਣ ਕੀਤਾ ਹੈ।

ਇਸ ਮੌਕੇ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਇੰਚਾਰਜ ਡਾਕਟਰ ਮੇਘਰਾਜ ਸਿੰਘ ਅਤੇ ਪਾਰਟੀ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਅਵਤਾਰ ਸਿੰਘ ਕਰੀਮਪੁਰੀ ਨੇ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਡਾਕਟਰ ਅੰਬੇਦਕਰ ਦੇ ਵਿਚਾਰਾਂ ਨੂੰ ਦਬਾਉਣ ਲਈ ਉਨ੍ਹਾਂ ਦੇ ਸਮਰਥਕਾਂ ਨੂੰ ਸਤਾ ਤੋਂ ਬਾਹਰ ਰਖਣ ਦੀ ਸਾਜ਼ਿਸ਼ ਘੜੀ ਗਈ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਸਰਕਾਰ ਨੇ ਉਤਰ ਪ੍ਰਦੇਸ਼ ਅਤੇ ਉਤਰਾਖੰਡ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਈਵੀਐਮ ਨਾਲ ਛੇੜਛਾੜ ਕਰਕੇ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਮੋਦੀ ਸਰਕਾਰ ਨੂੰ ਬੈਲਟ ਪੇਪਰਾਂ ਰਾਹੀਂ ਚੋਣਾਂ ਕਰਵਾਉਣ ਦੀ ਚਣੌਤੀ ਦਿੱਤੀ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਦੇਸ਼ ਦਾ ਭਾਈਚਾਰਾ ਤੋੜ ਕੇ ਇਥੇ ਹਿੰਦੂ ਰਾਸ਼ਟਰ ਬਣਾਉਣ ਦੇ ਯਤਨਾਂ ਵਿਚ ਹੈ। ਜਿਸ ਕਾਰਨ ਹੋਰ ਧਰਮਾਂ ਦੇ ਲੋਕ ਆਪਣੇ ਹੀ ਦੇਸ਼ ਵਿਚ ਖੁੱਦ ਨੂੰ ਅਪਮਾਨਿਤ ਅਤੇ ਗੁਲਾਮ ਮਹਿਸੂਸ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਪੂਰੀ ਤਰਾਂ ਸੰਵਿਧਾਨ ਦੇ ਉਲਟ ਕੰਮ ਕਰ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਪੰਥਕ ਏਕਤਾ ਲਈ ਬਾਬਾ ਸਰਬਜੋਤ ਸਿੰਘ ਬੇਦੀ ਨੂੰ ਸੌਂਪੀ ਜ਼ਿੰਮੇਵਾਰੀ

**ਊਨਾ-** ਸਿੱਖ ਪੰਥ ਵਿੱਚ ਚੱਲ ਰਹੇ ਸਿਧਾਂਤਕ ਅਤੇ ਨਿਜੀ ਧਾਰਮਿਕ ਵਿਵਾਦਾਂ ਦੇ ਚੱਲਦਿਆਂ ਆਪਸੀ ਕਸਮਕਸ਼ ਨੂੰ ਲੈ ਕੇ ਸਾਰਿਆਂ ਨੂੰ ਇੱਕ ਮੰਚ ਉੱਤੇ ਇੱਕ ਜੁੱਟ ਕਰਣ ਲਈ ਪੰਥਕ ਸਖਸ਼ੀਆਤਾਂ ਦੁਆਰਾ ਬਾਬਾ ਸਰਬਜੋਤ ਸਿੰਘ ਬੇਦੀ ਨੂੰ ਅਹਿਮ ਜ਼ਿੰਮੇਦਾਰੀ ਸੌਂਪੀ ਗਈ। ਵੱਖ ਵੱਖ ਸੰਤ ਮਤਾਂ ਨਾਲ ਜੁੜੇ ਸੰਤ ਪੁਰਸ਼ਾਂ, ਜਥੇਦਾਰਾਂ ਦੁਆਰਾ ਜੋਧਾਂ ਮੰਸੂਰਾ ਵਿੱਚ ਹੋਈ ਇੱਕ ਬੈਠਕ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਆਏ ਪੰਜ ਪਿਆਰਿਆਂ ਵੱਲੋਂ ਹੁਕਮ ਕੀਤਾ ਗਿਆ ਦੀ ਉਹ ਪੰਥਕ ਏਕਤਾ ਲਈ ਅੱਗੇ ਆਉਣ, ਸਿੱਖ ਪੰਥ ਵਿੱਚ ਬਿਖਰਾਓ ਦੇ ਦੋਰ ਨੂੰ ਖ਼ਤਮ ਕਰ ਕੇ ਤੇ ਸਾਰੀਆਂ ਪੰਥਕ ਧਿਰਾਂ ਨੂੰ ਇੱਕ ਨਿਸ਼ਾਂਨ ਥੱਲੇ ਇਕੱਠਾ ਕਰ ਕੇ ਪੰਥਕ ਸ਼ਕਤੀ ਨੂੰ ਮਜ਼ਬੂਤ ਕੀਤਾ ਜਾਵੇ। ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਨਿਭਾਉਣ ਦੀ ਪੂਰੀ ਕੋਸ਼ਿਸ਼ ਕਰਨਗੇ। ਉਨ੍ਹਾਂ ਚੱਲ ਰਹੇ ਵਿਵਾਦਾਂ ਦਾ ਹੱਲ ਕਰਨ ਲਈ ਯੋਗ ਕਾਰਵਾਈ ਕਰਨਗੇ। ਉਨ੍ਹਾਂ ਕਿਹਾ ਦੀ ਸਿੱਖ ਪੰਥ ਮੁਸ਼ਕਲ ਦੇ ਦੋਰ ਤੋਂ ਗੁਜ਼ਰ ਰਿਹਾ ਹੈ ਤੇ ਪੰਥ ਵਿਰੋਧੀ ਤਾਕਤਾਂ ਨਹੀਂ ਚਾਹੁੰਦੀਆਂ ਕੀ ਸਿੱਖ ਪੰਥ ਇੱਕ ਜੁੱਟ ਹੋਵੇ। ਉਹ ਸਾਰੀਆਂ ਧਿਰਾਂ ਨੂੰ ਨਾਲ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਵਿੱਚ ਪੰਥ ਨੂੰ ਇੱਕਜੁਟ ਕਰਣ ਲਈ ਕਾਰਜ ਕਰਨਗੇ।

**ਹਿਮਾਚਲ ਦੇ ਸਿੱਖ ਸੰਗਠਨ ਵੀ ਦੇਣਗੇ ਬਾਬਾ ਬੇਦੀ ਦਾ ਸਾਥ**

ਹਿਮਾਚਾਲ ਦੇ ਵੱਖ ਵੱਖ ਸਿੱਖ ਸੰਗਠਨਾਂ ਗੁਰੂ ਨਾਨਕ ਮਿਸ਼ਨ ਸੰਸਥਾ, ਹਿਮਾਚਲ ਸਿੱਖ ਫੈਡਰੇਸ਼ਨ, ਹਿਮਾਚਲ ਸਿੱਖ ਯੂਥ ਆਰਗਨਾਈਜ਼ੇਸ਼ਨ, ਬਾਬਾ ਸਾਹਿਬ ਸਿੰਘ ਸੇਵਾ ਸੋਸਾਇਟੀ ਦੇ ਨੁਮਾਇੰਦਿਆਂ ਵੱਲੋਂ ਬਾਬਾ ਸਰਬਜੋਤ ਸਿੰਘ ਬੇਦੀ ਨੂੰ ਪੰਥਕ ਏਕਤਾ ਦੀ ਵੱਡੀ ਜ਼ਿੰਮੇਦਾਰੀ ਦਿੱਤੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਤੋਂ ਹੀ ਪੰਥ ਨੂੰ ਇੱਕਜੁਟ ਕਰਨ ਦਾ ਕਾਰਜ ਆਰੰਭਿਆ ਗਿਆ ਹੈ ਅਤੇ ਬਾਬਾ ਸਾਹਿਬ ਸਿੰਘ ਬੇਦੀ ਦੁਆਰਾ ਵੀ ਸਿੱਖ ਮਿਸਲਾਂ ਨੂੰ ਇੱਕ ਜੁੱਟ ਕਰ ਮਹਾਰਾਜਾ ਰਣਜੀਤ ਸਿੰਘ ਨੂੰ ਰਾਜ ਤਿਲਕ ਦਿੱਤਾ ਗਿਆ ਸੀ, ਹੁਣ ਬਾਬਾ ਸਰਬਜੋਤ ਸਿੰਘ ਬੇਦੀ ਨੂੰ ਫਿਰ ਤੋਂ ਗੁਰੂ ਪੰਥ ਦੁਆਰਾ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ।

## ਉੱਤਰੀ ਕੋਰੀਆ ਅਤੇ ਅਮਰੀਕਾ ਦਰਮਿਆਨ ਵਧਿਆ ਤਣਾਅ

**ਸਿਓਲ-** ਉੱਤਰੀ ਕੋਰੀਆ ਨੇ ਅਮਰੀਕਾ ਵੱਲੋਂ ਕੋਰੀਆ ਦੀਪ ਉਪਰ ਜੰਗੀ ਬੇੜੇ ਦੀ ਤਾਇਨਾਤੀ ਦੀ ਅੱਜ ਆਲੋਚਨਾ ਕੀਤੀ ਤੇ ਤਣਾਅ ਦੇ ਹੋਰ ਵਧਣ ਦੀ ਚਿ-ਤਾਵਨੀ ਦਿੰਦਿਆਂ ਕਿਹਾ ਕਿ ਉਹ ਜੰਗ ਲਈ ਤਿਆਰ ਹੈ। ਕਾਰਲ ਵਿਨਸਨ ਜੰਗੀ ਬੇੜੇ ਨੇ ਸ਼ਕਤੀ ਪ੍ਰਦਰਸ਼ਨ ਲਈ ਕੋਰਿਆਈ ਖੇਤਰ ਵੱਲ ਵੱਧਣ ਕਾਰਨ ਆਪਣੀ ਪਹਿਲਾਂ ਤੈਅ ਆਸਟਰੇਲੀਆ ਫੇਰੀ ਰੱਦ ਕਰ ਦਿੱਤੀ ਹੈ। ਵਾਸ਼ਿੰਗਟਨ ਨੇ ਇਸ ਰਾਹੀਂ ਸੰਕੇਤ ਦਿੱਤਾ ਹੈ ਕਿ ਉਹ ਉੱਤਰੀ ਕੋਰੀਆ ਦੀ ਪਰਮਾਣੂ ਸਮਰੱਥਾ ਨੂੰ ਖਤਮ ਕਰਨ ਲਈ ਕਾਰਵਾਈ ਕਰ ਸਕਦਾ ਹੈ।

ਉੱਤਰੀ ਕੋਰੀਆ ਦੀ ਸਮਾਚਾਰ ਏਜੰਸੀ ਕੇਸੀਐਨਏ ਮੁਤਾਬਕ, ਉੱਤਰੀ ਕੋਰੀਆ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਹੈ ਕਿ ਇਸ ਤੋਂ ਸਾਬਤ ਹੋਵੇਗਾ ਕਿ ਅਮਰੀਕਾ ਨੇ ਉੱਤਰੀ ਕੋਰੀਆ 'ਤੇ ਹਮਲਾ ਬੋਲਣ ਲਈ ਜਲਦਬਾਜ਼ੀ ਵਿਚ ਜੋ ਕਦਮ ਚੁੱਕਿਆ ਹੈ, ਉਹ ਗੰਭੀਰ ਗੇੜ ਵਿੱਚ ਦਾਖਲ ਹੋ ਗਿਆ ਹੈ। ਅਮਰੀਕਾ ਜਿਹੋ ਜਿਹੀ ਜੰਗ ਚਾਹੁੰਦਾ ਹੋਵੇ, ਉੱਤਰ ਕੋਰੀਆ ਉਸ ਦਾ ਜੁਆਬ ਦੇਣ ਲਈ ਤਿਆਰ ਹੈ। ਅਮਰੀਕਾ ਦੇ ਇਕ ਉੱਚ ਅਧਿਕਾਰੀ ਨੇ ਐਤਵਾਰ ਨੂੰ ਕਿਹਾ ਸੀ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੀਰੀਆ 'ਤੇ ਮਿਜ਼ਾਈਲ ਹਮਲਾ ਕਰਨ ਦਾ ਹੁਕਮ ਦੇਣ ਤੋਂ ਇਲਾਵਾ ਆਪਣੇ ਸਲਾਹਕਾਰਾਂ ਨੂੰ ਕਿਹਾ ਸੀ ਕਿ ਉਹ ਉੱਤਰੀ ਕੋਰੀਆ ਨੂੰ ਕਾਬੂ ਵਿੱਚ ਕਰਨ ਲਈ ਰਾਹ ਲੱਭਣ। ਟਰੰਪ ਨੇ ਇਸ ਤੋਂ ਪਹਿਲਾਂ ਇਹ ਵੀ ਚਿਤਾਵਨੀ ਦਿੱਤੀ ਸੀ ਕਿ ਜੇ ਉੱਤਰੀ ਕੋਰੀਆ ਦਾ ਇਕੋ ਇਕ ਵੱਡਾ ਸਹਿਯੋਗੀ ਚੀਨ ਆਪਣੇ ਗੁਆਂਢੀ ਦੇ ਪਰਮਾਣੂ ਹਥਿਆਰਾਂ 'ਤੇ ਕੰਟਰੋਲ ਵਿੱਚ ਮਦਦ ਨਹੀਂ ਕਰਦਾ ਤਦ ਵੀ ਅਮਰੀਕਾ ਇਕਪਾਸੜ ਕਾਰਵਾਈ ਕਰ ਸਕਦਾ ਹੈ। ਦੂਜੇ ਪਾਸੇ ਉੱਤਰੀ ਕੋਰੀਆ ਨੇ ਸਾਫ਼ ਕੀਤਾ ਹੈ ਕਿ ਉਸ ਨੇ ਜਿਹੜਾ ਰਾਹ ਫੜਿਆ ਹੈ ਉਹ ਉਸ ਉਪਰ ਚਲਦਾ ਜਾਵੇਗਾ, ਜੇ ਕੋਈ ਮੁਲਕ ਦੀਆਂ ਸਰਹੱਦਾਂ ਵੱਲ ਝਾਕੇਗਾ ਤਾਂ ਉਸ ਦਾ ਮਾਕੂਲ ਜੁਆਬ ਦਿੱਤਾ ਜਾਵੇਗਾ। ਇਸ ਤਣਾਅ ਦਾ ਜੋ ਵੀ ਨਤੀਜਾ ਨਿਕਲੇਗਾ ਉਸ ਦਾ ਜ਼ਿੰਮੇਵਾਰ ਅਮਰੀਕਾ ਹੀ ਹੋਵੇਗਾ।

ਇਹ ਕਿਆਸੇ ਲਾਏ ਜਾ ਰਹੇ ਹਨ ਕਿ ਉੱਤਰੀ ਕੋਰੀਆ ਆਪਣੇ ਸਥਾਪਨਾ ਦਿਵਸ ਤੇ ਆਪਣੇ ਬਾਨੀ ਦੇ 150ਵੇਂ ਜਨਮ ਦਿਨ, ਜੋ ਸ਼ਨਿੱਚਰਵਾਰ ਨੂੰ ਹੈ, 'ਤੇ ਪਰਮਾਣੂ ਹਥਿਆਰ ਦੀ ਪਰਖ ਕਰ ਸਕਦਾ ਹੈ। ਇਹ ਮੁਲਕ ਹੁਣ ਤੱਕ ਪੰਜ ਵਾਰ ਪਰਮਾਣੂ ਹਥਿਆਰਾਂ ਦੀ ਪਰਖ ਕਰ ਚੁੱਕਿਆ ਹੈ ਤੇ ਸੈਟੇਲਾਈਟ ਤਸਵੀਰਾਂ ਤੋਂ ਨਜ਼ਰ ਆ ਰਿਹਾ ਹੈ ਕਿ ਇਹ ਮੁਲਕ ਛੇਵੀਂ ਪਰਖ ਵੀ ਕਰ ਸਕਦਾ ਹੈ।

## ਜਬਰੀ ਵਸੂਲੀ ਕਰਨ ਦੇ ਦੋਸ਼ਾਂ ਵਿੱਚ ਘਿਰੇ ਪੰਜ ਪੁਲਿਸ ਅਧਿਕਾਰੀਆਂ ਖ਼ਿਲਾਫ਼ ਜਾਂਚ ਵਿਜੀਲੈਂਸ ਨੂੰ ਸੌਂਪੀ

**ਚੰਡੀਗੜ੍ਹ-** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਗਰੂਰ ਜ਼ਿਲ੍ਹੇ ਦੇ ਦੋ ਕਿਸਾਨਾਂ ਕੋਲੋਂ ਕਥਿਤ ਜਬਰੀ ਵਸੂਲੀ ਕਰਨ ਦੇ ਦੋਸ਼ਾਂ ਵਿੱਚ ਘਿਰੇ ਸੰਗਰੂਰ ਦੇ ਤਤਕ-'ਲੀ ਐਸਐਸਪੀ ਇੰਦਰਬੀਰ ਸਿੰਘ, ਸੁਨਾਮ ਦੇ ਡੀਐਸਪੀ ਜਸ਼ਨਦੀਪ ਸਿੰਘ ਗਿੱਲ, ਲੌਂਗੋਵਾਲ ਥਾਣੇ ਦੇ ਐਸਐਚਓ ਇੰਸਪੈਕਟਰ ਸਿਕੰਦਰ ਸਿੰਘ ਅਤੇ ਦੋ ਹੋਰ ਥਾਣੇਦਾਰਾਂ ਖ਼ਿਲਾਫ਼ ਵਿਜੀਲੈਂਸ ਜਾਂਚ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ। ਵਿਜੀਲੈਂਸ ਬਿਊਰੋ ਵੱਲੋਂ ਜਾਂਚ ਦੀ ਜ਼ਿੰਮੇਵਾਰੀ ਪੰਜਾਬ ਵਿਜੀਲੈਂਸ ਦੇ ਆਈਜੀ ਸ਼ਿਵ ਕੁਮਾਰ ਵਰਮਾ ਨੂੰ ਸੌਂਪੀ ਗਈ ਹੈ। ਇਸ ਦੌਰਾਨ ਰਾਜ ਸਰਕਾਰ ਨੇ ਇੰਦਰਬੀਰ ਸਿੰਘ (ਏਆਈਜੀ ਪਰਸੋਨਲ) ਨੂੰ ਚੰਡੀਗੜ੍ਹ ਪੁਲੀਸ ਦਾ ਐਸਐਸਪੀ ਲਾਉਣ ਲਈ ਯੂਟੀ ਪ੍ਰਸ਼ਾਸਨ ਨੂੰ ਭੇਜੇ ਤਿੰਨ ਆਈਪੀਐਸ ਅਧਿਕਾਰੀਆਂ ਦੇ ਪੈਨਲ ਵਿੱਚੋਂ ਉਨ੍ਹਾਂ ਦਾ ਨਾਂ ਵਾਪਸ ਲੈ ਲਿਆ ਹੈ। ਸੰਗਰੂਰ ਜ਼ਿਲ੍ਹੇ ਦੇ ਐਸਐਸਪੀ ਮਨਦੀਪ ਸਿੰਘ ਸਿੱਧੂ ਵੱਲੋਂ ਇਸ ਮਾਮਲੇ ਸਬੰਧੀ ਪਟਿਆਲਾ ਜ਼ੋਨ ਦੇ ਆਈਜੀ ਏ.ਐਸ.ਰਾਏ ਅਤੇ ਡੀਆਈਜੀ ਸੁਖਚੈਨ ਸਿੰਘ ਗਿੱਲ ਨੂੰ ਭੇਜੀ ਮੁੱਢਲੀ ਰਿਪੋਰਟ ਮੀਡੀਆ ਵਿੱਚ ਛਪਣ ਕਰਕੇ ਅੱਜ ਸਾਰਾ ਦਿਨ ਇਹ ਰਿਪੋਰਟ ਸੱਤਾ ਦੇ ਗਲਿਆਰਿਆਂ ਵਿੱਚ ਚੁੰਝ ਚਰਚਾ ਦਾ ਵਿਸ਼ਾ ਬਣੀ ਰਹੀ।

ਸਰਕਾਰ ਦੇ ਹੇਠਲੇ ਤੋਂ ਲੈ ਕੇ ਸੀਨੀਅਰ ਅਧਿਕਾਰੀ ਵੀ ਇਸ ਰਿਪੋਰਟ ਦੀਆਂ ਕਨਸੋਆਂ ਲੈਂਦੇ ਰਹੇ। ਸੰਗਰੂਰ ਜ਼ਿਲ੍ਹੇ ਦੇ ਐਸਐਸਪੀ ਸਿੱਧੂ ਨੇ ਆਪਣੀ ਰਿਪੋਰਟ ਵਿੱਚ ਇਸ ਮਾਮਲੇ ਦੀ ਜਾਂਚ ਵਿਜੀਲੈਂਸ ਕੋਲੋਂ ਕਰਵਾਉਣ ਅਤੇ ਪੁਲੀਸ ਕੇਸ ਦਰਜ ਕਰਨ ਦੀ ਸਿਫਾਰਸ਼ ਕੀਤੀ ਹੈ।

ਸਰਕਾਰ ਨੇ ਵਿਜੀਲੈਂਸ ਜਾਂਚ ਮੁਕੰਮਲ ਹੋਣ ਤੱਕ ਪੰਜਾਂ ਅਧਿਕਾਰੀਆਂ, ਜਿਨ੍ਹਾਂ ਵਿਚ ਸੰਗਰੂਰ ਜ਼ਿਲ੍ਹੇ ਦੀ ਸਿਟੀ ਪੁਲੀਸ ਚੌਕੀ ਦੇ ਇੰਚਾਰਜ ਏਐਸਆਈ ਬਲਜਿੰਦਰ ਸਿੰਘ ਅਤੇ ਬਡਰੁਖਾਂ ਚੌਕੀ ਦੇ ਇੰਚਾਰਜ ਏਐਸਆਈ ਗੁਰਮੇਲ ਸਿੰਘ ਵੀ ਸ਼ਾਮਲ ਹਨ, ਨੂੰ ਲਾਈਨ ਹਾਜ਼ਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ। ਜਾਣਕਾਰੀ ਅਨੁਸਾਰ ਸੂਬੇ ਦੇ ਗ੍ਰਹਿ ਵਿਭਾਗ ਨੇ ਯੂਟੀ ਚੰਡੀਗੜ੍ਹ ਦਾ ਐਸਐਸਪੀ ਲਾਉਣ ਲਈ ਤਿੰਨ ਆਈਪੀਐਸ ਅਧਿਕਾਰੀਆਂ ਦਾ ਨਵਾਂ ਪੈਨਲ ਭੇਜਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਵਿੱਚ ਇਕ ਮਹਿਲਾ ਆਈਪੀਐਸ ਅਧਿਕਾਰੀ ਦਾ ਨਾਂ ਵੀ ਸ਼ਾਮਲ ਹੈ ਤੇ ਇਸ ਲਈ ਯੂਟੀ ਵਿੱਚ ਔਰਤ ਐਸਐਸਪੀ ਲੱਗਣ ਦੇ ਆਸਾਰ ਬਣ ਸਕਦੇ ਹਨ। ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਨੇ ਸੀਨੀਅਰ ਅਧਿਕਾਰੀਆਂ ਨੂੰ ਕਿਹਾ ਹੈ ਕਿ ਇਸ ਮਸਲੇ ਦੀ ਅਸਲੀਅਤ ਤੱਕ ਪਹੁੰਚਿਆ ਜਾਵੇ । ਉਨ੍ਹਾਂ ਕਿਹਾ ਕਿ ਜੇਕਰ ਕੋਈ ਅਧਿਕਾਰੀ ਕਿਸੇ ਅਣਗਹਿਲੀ ਜਾਂ ਸਾਜ਼ਿਸ਼ ਵਿੱਚ ਸ਼ਾਮਲ ਨਾ ਹੋਇਆ ਤਾਂ ਉਸ ਨੂੰ ਬਰੀ ਕਰ ਦਿੱਤਾ ਜਾਵੇਗਾ, ਪਰ ਕਿਸੇ ਵੀ ਕੀਮਤ 'ਤੇ ਭ੍ਰਿਸ਼ਟਾਚਾਰ ਨੂੰ ਸਹਿਣ ਨਹੀਂ ਕੀਤਾ ਜਾਵੇਗਾ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਇਕ ਵਿਚਾਰਧਾਰਾ ਦਾ ਨਾਂ ਡਾ. ਅੰਬੇਡਕਰ

ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਡਕਰ ਦਾ 126ਵਾਂ ਜਨਮ ਦਿਹਾੜਾ ਮਨਾਉਂਦਿਆਂ ਅੱਜ ਅਸੀਂ ਬਾਬਾ ਸਾਹਿਬ ਬਾਰੇ ਤਾਂ ਬਹੁਤ ਕੁਝ ਕਹਿੰਦੇ ਹਾਂ, ਉਹਨਾਂ ਨੂੰ ਮਹਾਨ ਵਿਦਵਾਨ ਕਹਿੰਦੇ ਹਾਂ, ਮਨੁੱਖੀ ਅਧਿਕਾਰ ਚੈਂਪੀਅਨ, ਭਾਰਤੀ ਸੰਵਿਧਾਨ ਦਾ ਨਿਰਮਾਤਾ ਕਹਿੰਦੇ ਹਾਂ ਅਤੇ ਦੱਬੇ-ਕੁਚਲੇ ਸਮਾਜ ਲਈ ਲੜਨ ਵਾਲਾ ਯੋਧਾ ਵੀ ਕਹਿੰਦੇ ਹਾਂ। ਆਮ ਲੋਕੀ ਵੀ ਡਾ. ਅੰਬੇਡਕਰ ਦੀ ਵਿਦਵਤਾ ਦੇ ਕਾਇਲ ਹਨ ਪਰ ਉਹਨਾਂ ਦੀਆਂ ਸਿੱਖਿਆਵਾਂ ਤੇ ਅਮਲ ਅਤੇ ਵਿਚਾਰ ਬਹੁਤ ਘੱਟ ਹੁੰਦਾ ਹੈ। ਅਸੀਂ ਬਾਬਾ ਸਾਹਿਬ ਜਾਂ ਬਹੁਜਨ ਸਮਾਜ ਦੇ ਹੋਰ ਮਹਾਂਪੁਰਖਾਂ ਦਾ ਗੁਣਗਾਣ ਬਹੁਤ ਕਰਦੇ ਹਾਂ, ਉਹਨਾਂ ਨੂੰ ਮੰਨਦੇ ਵੀ ਹਾਂ ਪਰ ਉਹਨਾਂ ਦੇ ਦਰਸਾਏ ਮਾਰਗ 'ਤੇ ਨਹੀਂ ਚੱਲਦੇ। ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਸਾਰੇ ਧਰਮਾਂ, ਫਿਰਕਿਆਂ ਦੇ ਲੋਕ ਡਾ. ਅੰਬੇਡਕਰ ਨੂੰ ਮਹਾਨ ਵਿਦਵਾਨ ਮੰਨਦੇ ਹਨ ਪਰ ਉਹਨਾਂ ਨੂੰ ਪੜ੍ਹਨ, ਉਹਨਾਂ ਦੀ ਵਿਦਵਤਾ ਨੂੰ ਗਹਿਰਾਈ ਨਾਲ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।

ਭਾਰਤ ਦੀਆਂ ਸਰਕਾਰਾਂ- ਸਿਆਸੀ ਪਾਰਟੀਆਂ ਜਨਮ ਦਿਨ ਤੇ ਅਨੇਕਾਂ ਭਲਾਈ ਯੋਜਨਾਵਾਂ ਬਣਾਉਣ 'ਚ ਜੁਟੀਆਂ ਹਨ ਪਰ ਬਾਬਾ ਸਾਹਿਬ ਦੇ ਸੁਪਨਿਆਂ ਦਾ ਭਾਰਤ ਜਿੱਥੇ ਉਹ ਦਲਿਤ ਸਮਾਜ ਅਤੇ ਔਰਤ ਵਰਗ ਦੇ ਨਾਲ-ਨਾਲ ਸਾਰੇ ਮੁਲਕ ਦਾ ਭਲਾ ਚਾਹੁੰਦੇ ਸਨ, ਉਹ ਅਜੇ ਦੂਰ ਦੀ ਗੱਲ ਨਜ਼ਰ ਆਉਂਦੀ ਹੈ। ਡਾ. ਅੰਬੇਡਕਰ ਨੇ ਆਪਣਾ ਬਹੁਤਾ ਸਮਾਂ ਦਲਿਤ ਅਤੇ ਦੱਬੇ ਕੁਚਲੇ ਵਰਗ ਨੂੰ ਉਪਰ ਚੁੱਕਣ ਅਤੇ ਉਹਨਾਂ ਦੇ ਕਲਿਆਣ ਲਈ ਲਗਾਇਆ ਪਰ ਅੱਜ ਸਿਆਸੀ ਪਾਰਟੀਆਂ ਇਸ ਵਰਗ ਨੂੰ ਵੋਟ ਬੈਂਕ ਹੀ ਮੰਨਦੀਆਂ ਹਨ।

ਭਾਰਤ ਵਿਚ ਡਾ. ਅੰਬੇਡਕਰ ਦੁਆਰਾ ਦਿੱਤੀ ਗਈ ਸੰਵਿਧਾਨਕ ਰਿਜ਼ਰਵੇਸ਼ਨ ਦੀ ਮੰਗ ਦਿਨੋ ਦਿਨ ਪ੍ਰਬੱਲ ਹੁੰਦੀ ਜਾ ਰਹੀ ਹੈ। ਭਾਰਤ ਵਿਚ ਇਸ ਨੂੰ ਲੈ ਕੇ ਨਫਰਤ ਦੀ ਰਾਜਨੀਤੀ ਵੀ ਹੁੰਦੀ ਹੈ ਅਤੇ ਸਮਾਜਿਕ ਤੌਰ ਤੇ ਵੀ ਵਿਰੋਧੀਆਂ ਵੱਲੋਂ ਨਫਰਤ ਵਾਲਾ ਮਾਹੌਲ ਬਣਾਇਆ ਜਾਂਦਾ ਹੈ। ਭਾਰਤ ਵਿਚ ਰਿਜ਼ਰਵੇਸ਼ਨ ਦੇ ਹੱਕਦਾਰ ਲੋਕ ਜਦੋਂ ਵਿਦੇਸ਼ ਵਿਚ ਜਾਂਦੇ ਹਨ ਅਤੇ ਰਹਿੰਦੇ ਹਨ ਪਰ ਉਹ ਵਿਦੇਸ਼ਾਂ ਵਿਚ ਕਦੇ ਵੀ ਰਿਜ਼ਰਵੇਸ਼ਨ ਦੀ ਮੰਗ ਨਹੀਂ ਕਰਦੇ। ਦੁਨੀਆਂ ਦੇ ਹੋਰਨਾਂ ਮੁਲਕਾਂ ਵਿਚ ਜਾਤੀਵਾਦ ਹੈ ਹੀ ਨਹੀਂ ਅਤੇ ਨਾ ਹੀ ਵਿਤਕਰਾ ਕੀਤਾ ਜਾਂਦਾ। ਪੱਛਮੀ ਮੁਲਕਾਂ ਨੇ ਆਪਣਾ ਸਿਸਟਮ ਹੀ ਅਜਿਹਾ ਵਧੀਆ ਬਣਾਇਆ ਹੈ ਕਿ ਉਥੇ ਹਰੇਕ ਨਾਗਰਿਕ ਦੇ ਕਲਿਆਣ ਲਈ ਪੂਰਾ ਸਿਸਟਮ ਕੰਮ ਕਰਦਾ ਹੈ। ਭਾਰਤ ਵਿਚ ਅਸਮਾਨਤਾ ਹੋਣ ਦੇ ਕਾਰਨ ਹੀ ਰਿਜ਼ਰਵੇਸ਼ਨ ਦੀ ਵਿਵਸਥਾ ਕਰਨੀ ਪਈ ਅਤੇ ਅੱਜ ਇਹ ਸਿਆਸੀ ਅਤੇ ਸਮਾਜਿਕ ਨਫਰਤ ਦਾ ਸ਼ਿਕਾਰ ਵੀ ਹੋ ਰਹੀ ਹੈ। ਕਿਉਂ ਨਾ ਭਾਰਤ ਸਰਕਾਰ ਇਕ ਅਜਿਹਾ ਹੀ ਸਿਸਟਮ ਅਖਤਿਆਰ ਕਰੇ, ਜਿਸ ਵਿਚ ਸਾਰੇ ਨਾਗਰਿਕਾਂ ਨੂੰ ਬਰਾਬਰੀ ਮਿਲੇ ਅਤੇ ਬਰਾਬਰ ਆਪਣੀ ਤਰੱਕੀ ਦਾ ਮੌਕਾ ਮਿਲੇ, ਫਿਰ ਭਾਰਤ ਵਿਚ ਵੀ ਰਿਜ਼ਰਵੇਸ਼ਨ ਦੀ ਲੋੜ ਨਹੀਂ ਰਹੇਗੀ।

ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਜਿਵੇਂ ਬਾਬਾ ਸਾਹਿਬ ਦੇ ਜਨਮ ਦਿਨ ਮਨਾਉਣ ਦੀ, ਖਾਸ ਕਰਕੇ ਪਿਛਲੇ ਸਾਲ 125ਵਾਂ ਅਤੇ ਇਸ ਸਾਲ 126ਵਾਂ ਜਨਮ ਦਿਨ ਮਨਾਉਣ 'ਚ ਰੁਚੀ ਦਿਖਾਈ ਜਾ ਰਹੀ ਹੈ, ਕਿੰਨਾ ਚੰਗਾ ਹੋਵੇਗਾ ਜੇਕਰ ਡਾ. ਅੰਬੇਡਕਰ ਵੱਲੋਂ ਦਿੱਤੀ ਸੰਵਿਧਾਨਕ ਨਸੀਹਤ ਧਿਆਨ ਵਿਚ ਰੱਖ ਕੇ, ਭਾਰਤ ਸਰਕਾਰ ਤੇ ਉਥੋਂ ਦੀਆਂ ਰਾਜ ਸਰਕਾਰਾਂ ਅਮਲੀ ਰੂਪ 'ਚ ਉਹਨਾਂ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਵੀ ਸੁਹਿਰਦਤਾ ਨਾਲ ਕੰਮ ਕਰਨ। ਇਹੀ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ। ਅਦਾਰਾ 'ਦੇਸ਼ ਦੁਆਬਾ' ਬਾਬਾ ਸਾਹਿਬ ਦੇ ਜਨਮ ਦਿਨ ਤੇ ਆਪਣੇ ਸਾਰੇ ਪਾਠਕਾਂ ਅਤੇ ਸ਼ੁਭਚਿੰਤਕਾਂ ਨੂੰ ਹਾਰਦਿਕ ਵਧਾਈ ਦਿੰਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-29

## ਗੁਰਬਾਣੀ ਦੇ ਚਾਨਣ ਵਿੱਚ ਲੋਭ ਦੀ ਵਿਆਖਿਆ



ਅਵਤਾਰ ਸਿੰਘ ਮਿਸ਼ਨਰੀ
510-432-5827

ਕਾਮ, ਕ੍ਰੋਧ, ਲੋਭ ਮੋਹ ਅਤੇ ਹੰਕਾਰ ਚੋਂ ਲੋਭ ਦਾ ਤੀਜੇ ਥਾਂ ਤੇ ਹੈ। ਲੋਭ ਦੇ ਅਰਥ-ਲੱਬ, ਲਾਲਚ, ਦੂਸਰੇ ਦੇ ਪਦਾਰਥਾਂ ਦੀ ਇਛਾ, ਹਿਰਸ, ਲਬ, ਕਿਸੇ ਸ਼ੈ ਦੇ ਲੈਣ ਦੀ ਇੰਨੀ ਤਿੱਖੀ ਤੇ ਤੀਬਰ ਚਾਹ ਕਿ ਉਸ ਦਾ ਲੈਣਾ ਠੀਕ ਹੈ ਕਿ ਨਹੀਂ, ਇਹ ਵਿਚਾਰ ਵੀ ਨਾ ਕਰਨੀ, ਲਾਭ ਅਤੇ ਮਤਲਵ ਆਦਿਕ ਹਨ। ਗੁਰਬਾਣੀ ਵਿਖੇ ਲੋਭ ਦੀ ਪ੍ਰਭਾਸ਼ਾ ਇਸ ਪ੍ਰਕਾਰ ਹੈ-

ਹੇ ਨਾਨਕ! ਭੈੜੀਆਂ ਵਾਸ਼ਨਾਵਾਂ ਵੱਲ ਲੱਗੇ ਮੂਰਖ ਲੋਕ ਝੂਠੇ ਵਿਕਾਰਾਂ ਦੇ ਮੋਹ ਲਾਲਚ ਵਿੱਚ ਖਚਤ ਹੋ ਜਾਂਦੇ ਹਨ-ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ॥ ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ॥੧॥ (੨੫੨) ਮਾਇਆ ਮੋਹ ਵਿੱਚ ਅੰਨ੍ਹਿਓਂ ਝੂਠਾ ਲੋਭ ਛੱਡ ਦਿਓ ਕਿਉਂਕਿ ਇਸ ਵਿੱਚ ਭਾਰੀ ਦੁੱਖ ਸਹਿਣਾ ਪੈਂਦਾ ਹੈ-ਲਾਲਚੁ ਛੋਡਹੁ ਅੰਧਿਹੁ ਲਾਲਚਿ ਦੁਖੁ ਭਾਰੀ॥ (੪੧੯) ਲੋਭ ਆਦਮੀ ਨੂੰ ਇਉਂ ਵਿਗਾੜ ਦਿੰਦਾ ਹੈ ਜਿਵੇਂ ਪਾਣੀ ਨੂੰ ਬੂਰ-ਲਬੁ ਵਿਣਾਹੇ ਮਾਣਸਾਂ! ਜਿਉਂ ਪਾਣੀ ਬੂਰੁ॥(ਗੁਰੂ ਗ੍ਰੰਥ) ਲਾਲਚੀ ਅੰਦਰ ਲੋਭ ਟਿਕਆ ਰਹਿੰਦਾ ਹੈ ਜਿਵੇਂ ਕੁੱਤੇ ਨੂੰ ਹਲਕ ਹੋਣ ਤੇ ਉਹ ਆਪ ਵੀ ਦੁਖੀ ਅਤੇ ਲੋਕਾਂ ਨੂੰ ਵੀ ਦੁਖੀ ਕਰਦਾ ਹੈ। ਬਿਨਾ ਗਿਆਨ ਵਾਲੀ ਬੁੱਧ ਭਾਵ ਚੰਗੇ ਮੰਦੇ ਦੀ ਪਰਖ ਨ ਕਰ ਸਕਣ ਕਰਕੇ, ਉਹ ਮਾਇਆ ਦੀ ਖਾਤਰ ਭਟਕਦਾ ਫਿਰਦਾ ਹੈ। ਲੋਭ ਦੇ ਹਨੇਰੇ ਕੈਦਖਾਨੇ ਵਿੱਚ ਇਸ ਦੇ ਆਪਣੇ ਕਮਾਏ ਪਾਪ ਪੈਰਾਂ ਵਿੱਚ ਲੋਹੇ ਦੀ ਬੇੜੀ ਬਣੇ ਪਏ ਹਨ-ਲਬੁ ਅੰਧੇਰਾ ਬੰਦੀਖਾਨਾ ਅਉਗਣ ਪੈਰਿ ਲੋਹਾਰੀ॥(੧੧੯੧) ਹੇ ਫਰੀਦ ਲਾਲਚਵਸ ਕੀਤੀ ਬੰਦਗੀ ਝੂਠਾ ਪਿਆਰ ਹੈ ਜਿਵੇਂ ਟੁੱਟੇ ਛੱਪਰ ਤੇ ਮੀਂਹ ਪੈਂਦਿਆਂ ਕਦ ਤਾਈਂ ਸਮਾ ਨਿਕਲ ਸੱਕੇਗਾ ਭਾਵ ਜਦ ਦੁਨੀਆਂ ਵਾਲੀ ਗਰਜ ਪੂਰੀ ਨਾ ਹੋਈ ਤਾ ਪਿਆਰ ਟੁੱਟ ਜਾਵੇਗਾ-ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹ॥ ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥੧੮॥ (੧੩੭੮) ਜਿਵੇਂ ਹਲਕਾ ਕੁੱਤਾ ਸਭ ਪਾਸੇ ਵੱਲ ਭਜਦਾ ਹੈ ਤਿਵੇਂ ਲੋਭੀ ਜੀਵ ਨੂੰ ਕੁਝ ਵੀ ਨਹੀਂ ਸੁਝਦਾ ਚੰਗੀ-ਮੰਦੀ (ਹਲਾਲ-ਹਰਾਮ) ਹਰੇਕ ਚੀਜ਼ ਖਾ ਲੈਂਦਾ ਹੈ-ਜਿਉ ਕੂਕਰਿ ਹਰਕਾਇਆ ਧਾਵੈ ਦਹ ਦਿਸ ਝਾਇ॥ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥

ਲੋੜ ਤੋਂ ਵੱਧ ਧੋਖੇ ਧੜੀ ਨਾਲ ਦੁਨਿਆਵੀ ਪਦਾਰਥ ਇਕੱਠੇ ਕਰਕੇ ਉਨ੍ਹਾਂ ਦੀ ਦੁਰਵਰਤੋਂ ਕਰਨੀ ਹੀ ਲੋਭ ਹੈ। ਲੋਭ ਮਨੁੱਖ ਨੂੰ ਚੋਰ, ਡਾਕੂ, ਜ਼ਾਲਮ, ਕਪਟੀ, ਈਰਖਾਲੂ, ਅਕ੍ਰਿਤਘਣ, ਦੁਰਾਚਾਰੀ, ਧੋਖੇਬਾਜ ਅਤੇ ਬੇਸ-ਬਰਾ ਬਣਾ ਦਿੰਦਾ ਹੈ। ਲੋਭੀ ਆਪਣੇ ਸੁਆਰਥ ਲਈ ਇਤਬਾਰੀ ਮਿਤਰਾਂ ਨਾਲ ਵੀ ਧੋਖਾ ਕਰਦਾ ਹੈ। ਉਹ ਲਾਲਚ ਵੱਸ ਭੱਖ-ਅਭੱਖ ਖਾ ਕੇ ਆਪਣੇ ਸਰੀਰ ਨੂੰ ਵੀ ਰੋਗੀ ਕਰ ਲੈਂਦਾ ਹੈ। ਲੋਭੀ ਲਾਲਚੀ ਮਨੁੱਖ ਸਾਰੀ ਉਮਰ ਹੇਰਾ ਫੇਰੀਆਂ ਅਤੇ ਸਖਤ ਮਿਹਨਤਾਂ ਕਰਕੇ ਪੈਸਾ ਪਦਾਰਥ ਜੋੜਦਾ ਥੈਲੀਆਂ ਨਾਲ ਖਜ਼ਾਨੇ ਭਰਦੈ ਪਰ ਮਰਨ ਉਪ੍ਰੰਤ ਉਸ ਨੂੰ ਹੋਰ ਹੀ ਵਰਤਦੇ ਹਨ-ਸੰਚਤ ਸੰਚਤ ਥੈਲੀ ਕੀਨੀ॥ ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨੀ॥੧॥(੩੯੨) ਲਾਲਚੀ ਕੁੱਤੇ ਮਾਸ ਦੀ ਬੋਟੀ ਦੇ ਲੋਭ ਵਿੱਚ ਆਪਣੀ ਜਾਨ ਗਵਾ ਲੈਂਦੇ ਹਨ।

ਲੋਭੀ ਮਨੁੱਖ ਤੋਂ ਭਲੇ ਦੀ ਆਸ ਨਹੀਂ ਰੱਖਣੀ ਚਾਹੀਦੀ ਭਾਵੇਂ ਉਹ ਪ੍ਰਵਾਰ ਦਾ ਮੁਖੀ, ਡੇਰੇ ਸਮਾਜ ਦਾ ਮੁਖੀ, ਸਭਾ ਸੁਸਾਇਟੀ, ਸਕੂਲ ਕਾਲਜ ਦਾ ਮੁਖੀ, ਗੁਰਦੁਆਰੇ ਮੰਦਰ ਮਸਜਿਦ ਦਾ ਮੁਖੀ, ਪਿੰਡ ਦਾ ਮੁਖੀ, ਜਿਲ੍ਹੇ ਦਾ ਮੁਖੀ, ਸਟੇਟ ਦਾ ਮੁਖੀ ਅਤੇ ਦੇਸ਼ ਦਾ ਮੁਖੀ ਕਿਉਂ ਨਾ ਹੋਵੇ ਜਿੱਥੋਂ ਤੱਕ ਹੋ ਸੱਕੇ ਇਨ੍ਹਾਂ ਦਾ ਵੇਸਾਹ ਨਹੀਂ ਕਰਨਾ-ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥(੧੪੧੭) ਅੱਜ ਦੁਨੀਆਂ ਆਰਥਕ, ਸਾਮਾਜਿਕ, ਰਾਜਨੀਤਕ ਅਤੇ ਧਾਰਮਿਕ ਤੌਰ ਤੇ ਅਤਿ ਲੋਭੀ ਸੁਆਰਥੀ ਆਗੂਆਂ ਕਰਕੇ ਖਜਲ ਖੁਆਰ ਹੋ ਰਹੀ ਹੈ।

# ਗੁਰਦੁਆਰਾ ਪਾਤਸ਼ਾਹੀ ਦਸਵੀਂ ਪਿੰਡ ਘੁਲਾਲ (ਲੁਧਿਆਣਾ)



ਤਸਵਿੰਦਰ ਸਿੰਘ ਬੜੈਚ
91-98763-22677

ਗੁਰਦੁਆਰਾ ਪਾਤਸਾਹੀ ਦਸਵੀਂ ਪਿੰਡ ਘੁਲਾਲ ਉਹ ਪਵਿੱਤਰ ਅਸਥਾਨ ਹੈ, ਜਿੱਥੇ ਕਲਯੁੱਗ ਦੇ ਮਹਾਨ ਰਹਿਬਰੀ ਪੁਰਸ਼, ਕਲਮ ਅਤੇ ਤਲਵਾਰ ਦੇ ਧਨੀ ਸਹਿਬੇ ਕਮਾਲ, ਸਰਬੰਸਦਾਨੀ, ਬਾਦਸ਼ਾਹ ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਤੋਂ ਉੱਚ ਦਾ ਪੀਰ ਬਣ ਕੇ 11 ਪੋਹ 1761 ਬਿਕਰਮੀ ਨੂੰ ਪਹੁੰਚੇ। ਉਨ੍ਹਾਂ ਦੇ ਨਾਲ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਨਬੀ ਖਾਂ ਤੇ ਭਾਈ ਗਨੀ ਖਾਂ ਵੀ ਸਨ। ਇਥੇ ਗੁਰੂ ਜੀ ਦੁਪਹਿਰ ਸਮੇਂ ਆਏ ਅਤੇ ਆਰਾਮ ਕਰਕੇ ਅੱਗੇ ਚਾਲੇ ਪਾਏ। ਇਸ ਪਿੰਡ ਦਾ ਇਕ ਸਿੱਖ ਭਾਈ ਝੰਡਾ ਸਿੰਘ ਜੋ ਗੁਰੂ ਜੀ ਦਾ ਸਰਧਾਲੂ ਸੀ ਅਤੇ ਗੁਰੂ ਜੀ ਨੂੰ ਤੀਰ ਬਣਾ ਕੇ ਭੇਂਟ ਕਰਿਆ ਕਰਦਾ ਸੀ, ਜਦੋਂ ਗੁਰੂ ਜੀ ਇਥੇ ਆਏ ਤਾਂ ਉਸ ਦਿਨ ਵੀ ਉਸ ਨੇ ਗੁਰੂ ਜੀ ਨੂੰ 1 ਕਮਾਨ, 2 ਕਿਰਪਾਨਾਂ ਅਤੇ 22 ਤੀਰ ਭੇਂਟ ਕੀਤੇ। ਇਹ ਭੇਂਟਾ ਲੈ ਕੇ ਗੁਰੂ ਜੀ ਨੇ ਅੱਗੇ ਚਾਲੇ ਪਾ ਦਿੱਤੇ। ਇਥੋਂ ਚੱਲ ਕੇ ਗੁਰੂ ਜੀ ਪਿੰਡ ਲੱਲਾ ਵਿਖੇ ਦੋ ਪਹਿਰ ਵਿਸ਼ਰਾਮ ਕਰਨ ਉਪਰੰਤ ਛੇਵੇਂ ਪਾਤਸਾਹ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਕਟਾਣਾ ਸਾਹਿਬ ਪਹੁੰਚੇ। ਗੁਰੂ ਜੀ ਨੇ ਇਥੇ ਹੀ ਪਲੰਘ ਰਖਵਾਇਆ ਤੇ ਅਰਦਾਸ ਕਰਕੇ ਦੇਗ ਵਰਤਾਈ। ਆਪਣੀ ਮਿੱਟੀ ਵਿਚ ਵਿਸ਼ੇਸ਼ ਇਤਿਹਾਸ ਲੁਕਾਈ ਬੈਠੇ ਮਾਲਵੇ ਦੇ ਜਿਲ੍ਹਾ ਲੁਧਿਆਣਾ ਅਧੀਨ ਪੈਂਦੇ ਪਿੰਡ ਘੁਲਾਲ ਜਿਥੇ ਗੁਰੂ ਗੋਬਿੰਦ ਸਿੰਘ ਜੀ ਠਹਿਰੇ, ਉਥੇ ਸਿੱਖ ਸੰਗਤ ਨੇ ਸ਼ਰਧਾ ਅਤੇ ਪਿਆਰ ਨਾਲ ਭਿੱਜ ਕੇ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਸਾਰੀ ਕੀਤੀ। ਦਰਬਾਰ ਸਾਹਿਬ ਦੀ ਪਹਿਲੀ ਇਮਾਰਤ ਛੋਟੀ ਹੋਣ ਕਰਕੇ ਅਸਮਾਨ ਨੂੰ ਛੂਹਦੀ ਆ-ਧੁਨਿਕ ਤਰੀਕੇ ਨਾਲ ਬਣ ਰਹੀ ਦੂਸਰੀ ਵਿਸ਼ਾਲ ਇਮਾਰਤ ਦੀ ਕਾਰ ਸੇਵਾ ਚੱਲ ਰਹੀ ਹੈ। ਇਹ ਵਿਸ਼ਾਲ ਇਮਾਰਤ ਸੁੰਦਰ ਤੇ ਵਿਲੱਖਣ ਹੋਵੇਗੀ, ਜੋ ਕਿ ਸੰਗਤਾਂ ਦੇ ਦੇਖਣ ਲਈ ਖਿੱਚ ਦਾ ਕੇਂਦਰ ਬਣੇਗੀ। ਇਸ ਪਾਵਨ ਪਵਿੱਤਰ ਅਸਥਾਨ ਤੇ ਸੰਗਰਾਂਦ ਵਾਲੇ ਦਿਨ ਭਾਰੀ ਜੋੜ ਮੇਲਾ ਲੱਗਦਾ ਹੈ, ਜਿਸ ਵਿਚ ਦੇਸ਼-ਵਿਦੇਸ਼ ਤੋਂ ਸੰਗਤਾਂ ਬਹੁਤ ਹੀ ਸ਼ਰਧਾ ਨਾਲ ਪਹੁੰਚ ਕੇ ਨਤਮਸਤਕ ਹੁੰਦੀਆ ਹਨ ਤੇ ਗੁਰੂ ਘਰ ਵਿਚ ਹਾਜ਼ਰੀ ਭਰ ਕੇ ਆਪਣਾ ਜੀਵਨ ਸਫਲਾ ਕਰਦੀਆ ਹਨ। ਗੁਰੂ ਦੇ ਲੰਗਰ ਵੀ ਅਟੁੱਟ ਵਰਤਾਏ ਜਾਂਦੇ ਹਨ। ਇਥੇ ਹਰ ਰੋਜ ਸਵੇਰੇ--ਸ਼ਾਮ ਵੀ ਸਿੱਖ-ਸੰਗਤ ਗੁਰੂ-ਘਰ ਵਿਚ ਇਕੱਠੀ ਹੁੰਦੀ ਹੈ ਤੇ ਕਥਾ ਕੀਰਤਨ ਦਾ ਅਨੰਦ ਮਾਣਦੀ ਹੈ। ਇਹ ਗੁਰੂ-ਘਰ ਲੁਧਿਆਣਾ-ਚੰਡੀਗੜ੍ਹ ਰੋਡ ਤੋਂ ਕੁਝ ਕੁ ਮੀਟਰ ਦੀ ਦੂਰੀ 'ਤੇ ਪਿੰਡ ਘੁਲਾਲ (ਨੇੜੇ ਸਮਰਾਲਾ) ਜਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ।





ਕਿਰਨ ਸਾਂਪਲਾ, ਸੋਹਨ ਲਾਲ ਸਾਂਪਲਾ (ਜਰਮਨ), ਹਰਬੰਸ ਵਿਰਦੀ (ਯੂ ਕੇ), ਜੈਮਲ ਰੋਇਲ, ਫਤਿਹਜੰਗ ਸਿੰਘ (ਉਘੇ ਬੁੱਧੀਜੀਵੀ) ਬਹੁਜਨ ਚੈਨਲ ਦੇ ਸੰਚਾਲਕ ਸ੍ਰੀ ਜੈਮਲ ਰੋਇਲ ਨਾਲ ਇਕ ਮਿਲਣੀ ਦਰਮਿਆਨ ਚੰਡੀਗੜ੍ਹ ਵਿਖੇ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬ ਪੁਲਿਸ ’ਚ ਪ੍ਰਸ਼ਾਸਨਿਕ ਫੇਰਬਦਲ, ਨਵੀਂ ਬੋਤਲ ਪਰ ਸ਼ਰਾਬ ਪੁਰਾਣੀ ਹੀ



ਪੰਮੀ ਲਾਲੋ ਮਜਾਰਾ
91-95011-43755

ਲੱਗਦਾ ਕੈਪਟਨ ਵੀ ਪੰਜਾਬ ਸਰਕਾਰ ਨੇ ਬਾਦਲ ਸਰਕਾਰ ਦੀਆਂ ਅਸਫਲਤਾਵਾਂ ਤੋਂ ਹਾਲੇ ਵੀ ਕੋਈ ਸਬਕ ਨਹੀਂ ਸਿੱਖਿਆ, ਕਿਉਂਕਿ ਜਿਹਨਾਂ ਪੁਲਿਸ ਮੁਲਾਜ਼ਮਾਂ ਦੇ ਕਰਕੇ ਅਕਾਲੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਲੋਕਾਂ ਦਾ ਭਰੋਸਾ ਉਠਿਆ ਸੀ, ਉਹ ਅੱਜ ਵੀ ਆਪਣਾ ਜੁਗਾੜ ਫਿੱਟ ਕਰਕੇ ਇੱਧਰ ਉਧਰ ਆਪਣੇ ਉਚ ਅਹੁਦਿਆਂ ਤੇ ਬਿਰਾਜਮਾਨ ਹਨ। ਸੈਂਕੜੇ ਐਚ. ਐਚ. ਓ. ਅਤੇ ਡੀ. ਐਸ. ਪੀ. ਤੇ ਐਸ. ਪੀ. ਪੱਧਰ ਤੱਕ ਦੇ ਪੁਲਿਸ ਅਫਸਰ, ਜਿਹਨਾਂ ’ਤੇ 306, 302 ਜਾਂ ਭ੍ਰਿਸ਼ਟਾਚਾਰ ਦੇ ਮੁਕੱਦਮੇ ਦਰਜ ਹਨ ਤੇ ਜਾਂ ਜਿਹਨਾਂ ਨੇ ਹਜ਼ਾਰਾਂ ਕਾਂਗਰਸੀਆਂ ਤੇ ਜਾਂ ਹੋਰ ਪਾਰਟੀਆਂ ਦੇ ਸਿਆਸੀ ਕਾਰਕੁੰਨਾਂ ਤੇ ਝੂਠੇ ਪਰਚੇ ਦਰਜ ਕੀਤੇ ਸਨ, ਉਹ ਅੱਜ ਵੀ ਮਲਾਈਦਾਰ ਅਹੁਦਿਆਂ ’ਤੇ ਸੁਸ਼ੋਭਿਤ ਹਨ। ਅਜਿਹੇ ਅਫਸਰ ਸਿਰਫ ਬਦਲੇ ਦੀ ਭਾਵਨਾ ਨਾਲ ਕੰਮ ਕਰਨ ਵਿਚ ਵਿਸ਼ਵਾਸ ਰੱਖਦੇ ਹਨ, ਜਦਕਿ ਆਮ ਜਨਤਾ ਨੂੰ ਨਿਆਂ ਦੇਣ ਵਿਚ ਅਜਿਹੇ ਅਫਸਰਾਂ ਦੀ ਕੋਈ ਵੀ ਇੱਛਾ ਸ਼ਕਤੀ ਨਹੀਂ ਹੁੰਦੀ। ਅਜਿਹੇ ਅਫਸਰ ਸਿਰਫ ਸਰਕਾਰਾਂ ਦੇ ਹੱਥ ਠੋਕੇ ਹੁੰਦੇ ਹਨ। ਅੱਜ ਵੀ ਕਈ ਅਜਿਹੇ ਬੇਈਮਾਨ ਤੇ ਕੁਰੱਪਟ ਪੁਲਿਸ ਅਫਸਰ ਹਨ, ਜੋ ਇਮਾਨਦਾਰ ਅਕਸ ਵਾਲੇ ਅਫਸਰਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਪ੍ਰੇਸ਼ਾਨ ਤੇ ਜਾਂ ਬਦਨਾਮ ਕਰਨ ਦੇ ਜੁਗਾੜ ਵਿਚ ਰਹਿੰਦੇ ਹਨ। ਅਜਿਹਾ ਹੀ ਇਕ ਬਿਆਨ ਦੁਖੀ ਮਨ ਨਾਲ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਕੁੰਵਰ ਵਿਜੈ ਪ੍ਰਤਾਪ ਸਿੰਘ ਜੀ ਨੇ ਮੀਡੀਆ ਨੂੰ ਦਿੱਤਾ ਸੀ। ਜੇ ਵੀ. ਆਈ. ਪੀ. ਕਲਚਰ ਖਤਮ ਹੋਣ ਨਾਲ ਸਾਰੇ ਪੁਲਿਸ ਆਪਣੇ ਆਪ ਨੂੰ ਸਹਿਜ ਮਹਿਸੂਸ ਕਰ ਰਹੇ ਹਨ ਤੇ ਫਿਰ ਉਹਨਾਂ ਪੁਲਿਸ ਅਫਸਰਾਂ ਨੂੰ ਬਣਦੀਆਂ ਸਜ਼ਾਵਾਂ ਤੇ ਖੁੱਡੇ ਲਾਈਨ ਵੀ ਲਾਉਣਾ ਪਵੇਗਾ, ਜਿਹਨਾਂ ਨੇ ਆਮ ਜਨਤਾ ਨੂੰ ਇਨਸਾਫ ਤਾਂ ਕੀ ਦੇਣਾ ਸੀ, ਇਨਸਾਫ ਲਈ ਅੱਖਾਂ ’ਚੋਂ ਤੜਪ-ਤੜਪ ਕੇ ਡਿੱਗ ਰਹੇ ਅੱਥਰੂਆਂ ਦੀ ਵੀ ਪ੍ਰਵਾਹ ਨਹੀਂ ਕੀਤੀ।


### ਮਾਇਆਵਤੀ ਤੇ ਪੰਜ ਆਈ. ਪੀ. ਐਸ. ਅਫਸਰ

ਕਿਸੇ ਸਮੇਂ ਉਤਰ ਪ੍ਰਦੇਸ਼ ਵਿਚ ਬਸਪਾ ਦੇ 19 ਸੰਸਦ ਮੈਂਬਰ ਹੋਇਆ ਕਰਦੇ ਸਨ। ਪਰ ਹਾਲ ਹੀ ਵਿਚ 13 ਸੰਸਦ ਮੈਂਬਰਾਂ ਦੀ ਥਾਂ 19 ਬਸਪਾ ਵਿਧਾਇਕਾਂ ਨੇ ਲੈ ਲਈ ਹੈ। ਜਿਹੜੀ ਔਰਤ ਕਿਸੇ ਵਕਤ ਆਪਣੇ ਮਨ ਵਿਚ ਇਸ ਮੁਲਕ ਦਾ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਵੇਖਦੀ ਸੀ, ਉਹ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਮੁੱਖ ਮੰਤਰੀ ਦੇ ਅਹੁਦੇ ਤੋਂ ਵੀ ਅਗਲੇ ਪੰਜ ਸਾਲਾਂ ਲਈ ਦੂਰ ਹੋ ਗਈ। ਇੱਥੋਂ ਤੱਕ ਕਿ 19 ਵਿਧਾਇਕਾਂ ਦੇ ਸਿਰ ’ਤੇ ਉਹ ਮੁੜ ਰਾਜ ਸਭਾ ਵਿਚ ਵੀ ਨਹੀਂ ਜਾ ਸਕਦੀ। ਰਾਜ ਸਭਾ ਵਿਚ ਪਹੁੰਚਣ ਲਈ ਉਸਨੂੰ ਕਾਂਗਰਸ ਤੇ ਸਪਾ ਦੀ ਜ਼ਰੂਰਤ ਪਵੇਗੀ। ਜੇ ਮਾਇਆਵਤੀ ਅਜਿਹਾ ਕੋਈ ਸਮਝੌਤਾ ਕਿਸੇ ਦੂਸਰੀ ਪਾਰਟੀ ਨਾਲ ਕਰਦੀ ਹੈ ਤਾਂ ਸਵਾਲ ਉਠਣਾ ਲਾਜ਼ਮੀ ਹੈ ਕਿ ਕੀ ਉਹ ਅਜਿਹਾ ਸਮਝੌਤਾ ਪਹਿਲਾਂ ਨਹੀਂ ਸੀ ਕਿਸੇ ਪਾਰਟੀ ਨਾਲ ਕਰ ਸਕਦੀ? ਜੇ ਅਜਿਹਾ ਪਹਿਲਾਂ ਹੀ ਕੀਤਾ ਹੁੰਦਾ ਤਾਂ ਸ਼ਾਇਦ ਉਤਰ ਪ੍ਰਦੇਸ਼ ਦਾ ਸਿਆਸੀ ਨਕਸ਼ਾ ਕੁਝ ਹੋਰ ਹੀ ਹੁੰਦਾ। ਤੇ ਮਾਇਆਵਤੀ ਇਕ ਸਿਆਸੀ ਤਾਕਤ ਹੁੰਦੀ ਤੇ ਬਹੁਜਨ ਸਮਾਜ ਦੀਆਂ ਅੱਖਾਂ ਵਿਚ ਇਕ ਨਵੀਂ ਚਮਕ ਹੁੰਦੀ। ਪਰ ਹੁਣ ਕਨਸੋਆਂ ਹਨ ਕਿ ਉਚ ਅਹੁਦਿਆਂ ਤੇ ਰਹਿ ਚੁੱਕੇ ਪੰਜ ਸਾਬਕਾ ਆਈ. ਪੀ. ਐਸ. ਅਫਸਰਾਂ ਨੇ ਮਾਇਆਵਤੀ ਨੂੰ ਮਿਲ ਕੇ ਕੁਝ ਨਵੇਂ ਸਿਆਸੀ ਸੁਝਾਅ ਦਿੱਤੇ ਹਨ ਕਿ ਇਸ ’ਕਾਫਿਲੇ ਨੂੰ ਅੱਗੇ ਕਿਵੇਂ ਵਧਾਇਆ ਜਾਵੇ।’ ਦੂਜੇ ਪਾਸੇ ਮਾਇਆਵਤੀ ਨੂੰ ਆਪਣੀ ਖੋਹੀ ਹੋਈ ਵਿਰਾਸਤ ਨੂੰ ਵਾਪਸ ਲਿਆਉਣ ਲਈ ਕਈ ਤਿਆਗ ਵੀ ਕਰਨੇ ਪੈਣਗੇ। ਦਿੱਲੀ ਦੀ ਥਾਂ ਤੇ ਲਖਨਊ ਜ਼ਿਆਦਾ ਸਮਾਂ ਬਿਤਾਉਣਾ ਪਵੇਗਾ। ਸ਼ਾਹੀ ਠਾਠ-ਬਾਠ ਛੱਡ ਕੇ ਲੋਕਾਂ ’ਚ ਜਾਣਾ ਪਵੇਗਾ ਤੇ ਦੱਬੇ ਕੁਚੇ ਸਮਾਜ ਦੇ ਲੋਕਾਂ ਦੇ ਮਸਲਿਆਂ ਤੇ ਮੋਦੀ ਸਰਕਾਰ ਖਿਲਾਫ ਇਕ ਨਿਧੜਕ ਹੋ ਕੇ, ਜੇਲ੍ਹ ’ਚ ਜਾਣ ਦੀ ਪਰਵਾਹ ਛੱਡ ਕੇ, ਇਕ ਜਬਰਦਸਤ ਜੰਗ ਸ਼ੁਰੂ ਕਰਨੀ ਪਵੇਗੀ ਤੇ ਹਰ ਆਏ ਗਏ ਲਈ ਆਪਣੇ ਘਰ ਦੀਆਂ ਬੂਹੇ ਤੇ ਬਾਰੀਆਂ ਖੋਲ੍ਹ ਕੇ ਰੱਖਣੀਆਂ ਪੈਣਗੀਆਂ।

### ਪੰਜਾਬ ਬਸਪਾ ਦਾ ਭਵਿੱਖ

ਕਦੇ ਪੰਜਾਬ ’ਚ ਕਾਂਗਰਸ ਤੇ ਅਕਾਲੀ ਦਲ ਵਰਗੀਆਂ ਪਾਰਟੀਆਂ ’ਚ ਬਹੁਜਨ ਸਮਾਜ ਪਾਰਟੀ ਦੀ ਦਿਲੋ ਦਿਮਾਗ ’ਚ ਰਾਜਨੀਤਿਕ ਦਹਿਸ਼ਤ ਹੁੰਦੀ ਸੀ। ਪਰ ਸਮੇਂ ਨੇ ਅਜਿਹੀ ਕਰਵਟ ਲਈ ਕਿ ਲੰਘੀਆਂ ਫਰਵਰੀ ਮਹੀਨੇ ਦੀਆਂ ਚੋਣਾਂ ਵਿਚ ਪਾਰਟੀ ਡੇਢ ਫੀਸਦੀ ਵੋਟਾਂ ਹੀ ਮਸਾਂ ਲੈ ਸਕੀ। ਇਸ ਕਰਕੇ ਅੱਜ ਦੀ ਤਾਰੀਕ ਵਿਚ ਬਸਪਾ ਨਾ ਕਾਂਗਰਸ ਲਈ ਤੇ ਨਾ ਅਕਾਲੀ ਦਲ ਦੀ ਨਜ਼ਰ ’ਚ ਕੋਈ ਅਹਿਮੀਅਤ ਰੱਖਦੀ ਹੈ। ਬਸਪਾ ਨਾਲ ਜੁੜਿਆ ਹਰ ਕਾਰਕੁੰਨ ਹੀ ਨਿਰਾਸ਼ ਹੈ। 1997 ਤੋਂ ਬਾਅਦ ਪਾਰਟੀ ਦਾ ਗ੍ਰਾਫ ਹਮੇਸ਼ਾ ਡਿੱਗਦਾ ਹੀ ਗਿਆ। 2002 ਦੀਆਂ ਚੋਣਾਂ ਵਿਚ ਖੁਦ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ 13 ਮਹੀਨੇ ਜ਼ੀਰੋ ਗਰਾਊਂਡ ਤੇ ਰਹਿ ਕੇ ਸਖਤ ਮਿਹਨਤ ਕੀਤੀ, ਪਰ ਕਿਸੇ ਦੂਸਰੀ ਪਾਰਟੀ ਨਾਲ ਗੱਠਜੋੜ ਨਾ ਕਰਨ ਦੀ ਗਲਤੀ ਨੇ ਸਭ ਕੁਝ ਤਹਿਸ-ਨਹਿਸ ਕਰਕੇ ਰੱਖ ਦਿੱਤਾ। ਅੱਜ ਦੀ ਤਾਰੀਖ ਵਿਚ ਬਸਪਾ ਦੇ ਲੋਕ ਜਿਹਨਾਂ ਨੂੰ ਗੱਦਾਰ ਕਹਿੰਦੇ ਨਹੀਂ ਸੀ ਥੱਕਦੇ, ਉਹ ਅੱਜ ਜਿੱਤ ਕੇ ਦੂਸਰੀਆਂ ਪਾਰਟੀਆਂ ਵਿਚ ਸਰਦਾਰ ਬਣੇ ਬੈਠੇ ਹਨ, ਜਿਵੇਂ ਫਿਲੌਰ ਤੋਂ ਬਲਦੇਵ ਖਹਿਰਾ, ਆਦਮਪੁਰ ਤੋਂ ਟੀਨੂੰ, ਬੰਗਾ ਤੋਂ ਡਾ. ਸੁੱਖੀ ਤੇ ਕਾਂਗਰਸ ’ਚ ਹਰਦਿਆਲ ਕੰਬੋਜ। ਪੰਜਾਬ ਵਿਚ ਸਾਰੀ ਹਾਰ ਦਾ ਠੀਕਰਾ ਕਰੀਮਪੁਰੀ ਸਿਰ ਭੰਨਿਆ ਜਾ ਰਿਹਾ ਹੈ, ਪਰ ਸਚਾਈ ਇਹ ਹੈ ਕਿ ਮਾਇਆਵਤੀ ਜਦੋਂ ਤੱਕ ਆਪਣੇ ਬਲਬੂਤੇ ਦਾ ਰਾਗ ਅਲਾਪਣਾ ਛੱਡ ਕੇ, ਕਿਸੇ ਦੂਸਰੀ ਪਾਰਟੀ ਨਾਲ ਗੱਠਜੋੜ ਕਰਨ ਨੂੰ ਤਰਜੀਹ ਨਹੀਂ ਦਿੰਦੀ, ਉਦੋਂ ਤੱਕ ਨਾ ਪੰਜਾਬ ’ਚ ਬਸਪਾ ਦੀ ਵਾਪਸੀ ਸੰਭਵ ਹੈ ਤੇ ਨਾ ਹੀ ਉਤਰ ਪ੍ਰਦੇਸ਼ ਵਿਚ। ਹਾਂ ਬਸਪਾ ਨੂੰ ਹਾਲ ਦੀ ਘੜੀ ਜੇ ਮਾਇਆਵਤੀ ਤਰੇੜਾਂ ਪੈਣ ਤੋਂ ਹੀ ਰੋਕ ਲਵੇ ਤਾਂ ਇਹ ਵੀ ਉਸਦੀ ਬਹੁਤ ਵੱਡੀ ਪ੍ਰਾਪਤੀ ਹੋਵੇਗੀ। ਕੋਈ ਪਾਰਟੀ ’ਚ ਹੋਰ ਸਵਾਮੀ ਪ੍ਰਸਾਦਿ ਮੌਰੀਆ ਨਾ ਪੈਦਾ ਹੋਵੇ, ਜ਼ਰਾ ਸੰਭਲਣ ਦੀ ਲੋੜ ਹੈ।

## ਕਾਮਾਗਾਟਾਮਾਰੂ ਦੇ ਸ਼ਹੀਦ ਸਿੱਖਾਂ ਨੂੰ ਅਕਾਲ ਤਖਤ ਤੋਂ ਮਿਲਿਆ ਸ਼ਹੀਦ ਦਾ ਦਰਜਾ



**ਅੰਮ੍ਰਿਤਸਰ–** 1913 ਵਿਚ ਕੋਲਕਾਤਾ ਦੇ ਬਜਬਜ ਘਾਟ ਤੇ ਕਾਮਾਗਾਟਾ ਮਾਰੂ ਜਹਾਜ਼ ਵਿਚ ਸਵਾਰ ਜਿਹਨਾਂ ਹਿੰਦੂ-ਸਿੱਖ ਤੇ ਮੁਸਲਮਾਨ ਭਾਰਤੀਆਂ ਨੂੰ ਬਰਤਾਨਵੀ ਹਕੂਮਤ ਨੇ ਉਤਰਨ ਤੋਂ ਪਹਿਲਾਂ ਗੋਲੀਆਂ ਨਾਲ ਭੁੰਨ ਦਿੱਤਾ ਸੀ, ਉਹਨਾਂ ਵਿਚ ਸ਼ਾਮਲ ਸਿੱਖਾਂ ਨੂੰ 193 ਸਾਲਾਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ਹੀਦ ਦਾ ਦਰਜਾ ਦਿੱਤਾ ਗਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਚਰਨ ਸਿੰਘ ਨੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਦੀ ਅਗਵਾਈ ਕਰਦਿਆਂ ਇਹ ਇਤਿਹਾਸਕ ਫੈਸਲਾ ਸੁਣਾਇਆ ਹੈ। ਸਿੰਘ ਸਾਹਿਬ ਨੇ ਕਿਹਾ ਕਿ ਉਹ ਗੁਰੂ ਦੇ ਸਿੱਖ ਸਨ ਤੇ ਉਹਨਾਂ ਨੇ ਦੇਸ਼ ਅਤੇ ਕੌਮ ਲਈ ਸ਼ਹਾਦਤ ਦਿੱਤੀ ਸੀ ਪਰ ਉਸ ਦੌਰਾਨ ਉਹਨਾਂ ਨੂੰ ਕਿਸੇ ਕਾਰਨਾਂ ਕਰਕੇ ਸ਼ਹੀਦ ਨਹੀਂ ਮੰਨਿਆ ਗਿਆ ਸੀ। ਪਰ ਪਿਛਲੇ ਕਈ ਵਰ੍ਹਿਆਂ ਤੋਂ ਇਸ ਮੁੱਦੇ ਤੇ ਛਿੜੀ ਬਹਿਸ ਅਤੇ ਦੇਸ਼-ਵਿਦੇਸ਼ ਵਿਚ ਵੱਸੇ ਸਿੱਖਾਂ ਦੀ ਮੰਗ ਕਾਰਨ ਇਹ ਫੈਸਲਾ ਲਿਆ ਗਿਆ ਹੈ।

## ਸੈਲੂਲਰ ਜੇਲ੍ਹ ਦਾ ਹਕੀਕੀ ਇਤਿਹਾਸ ਸੰਭਾਲਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਜ਼ੋਰਦਾਰ ਸੱਦਾ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਨੇ ਕੌਮੀ ਵਿਰਾਸਤ ਨੂੰ ਆਪਣੀ ਬੁੱਕਲ ’ਚ ਸਮੋਈ ਬੈਠੀ ਸੈਲੂਲਰ ਜੇਲ੍ਹ ਅੰਡੇਮਾਨ-ਨਿਕੋਬਾਰ ਨੂੰ ਅਜਾਇਬ ਘਰ ਦਾ ਰੁਤਬਾ ਦੇਣ ਅਤੇ ਲਾਈਟ ਐਂਡ ਸਾਊਂਡ ਸਮਾਗਮ ਚਲਾਉਣ ਸਮੇਂ ਆਜ਼ਾਦੀ ਸੰਗਰਾਮ ਦੇ ਹਕੀਕੀ ਨਾਇਕਾਂ ਨੂੰ ਜਾਣ-ਬੁੱਝਕੇ ਦਰ ਕਿਨਾਰ ਕਰਨ ਅਤੇ ਬਰਤਾਨਵੀ ਸਾਮਰਾਜ ਕੋਲੋਂ ਮੁਆਫ਼ੀਆਂ ਮੰਗਣ ਵਾਲਿਆਂ ਨੂੰ ਆਜ਼ਾਦੀ ਜੱਦੋ ਜਹਿਦ ਦੇ ਨਾਇਕ ਬਣਾਕੇ ਪੇਸ਼ ਕਰਨ ਦੀ ਤਿੱਖੀ ਆਲੋਚਨਾ ਕੀਤੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ ’ਚ ਕਿਹਾ ਹੈ ਕਿ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ ਅਤੇ ਗ਼ਦਰ ਲਹਿਰ ਦੇ ਮਹੱਤਵਪੂਰਣ ਅਧਿਆਇ ਕਾਮਾਗਾਟਾ ਮਾਰੂ ਕਾਂਡ ਦੇ ਸੈਂਕੜੇ ਇਨ-ਕਲਾਬੀ ਦੇਸ਼ ਭਗਤਾਂ ਨੂੰ ਉਮਰ ਭਰ ਸੈਲੂਲਰ ਜੇਲ੍ਹ ਵਿੱਚ ਸੜਨ-ਮਰਨ ਲਈ ਮਜ਼ਬੂਰ ਕੀਤਾ ਗਿਆ। ਅਣਮਨੁੱਖੀ ਤਸੀਹੇ ਦਿੱਤੇ ਗਏ। ਇਸ ਜੇਲ੍ਹ ਅੰਦਰ ਸਖ਼ਤ ਮੁਸ਼ੱਕਤ, ਕੁੱਟ-ਮਾਰ, ਮਾੜੀ ਖੁਰਾਕ ਅਤੇ ਮਰਨ ਉਪਰੰਤ ਸਮੁੰਦਰ ਵਿੱਚ ਰੋੜ੍ਹ ਦੇਣ ਦੀਆਂ ਹਿਰਦੇਵੇਦਕ ਘਟਨਾਵਾਂ ਲੂੰ ਕੰਡੇ ਖੜ੍ਹੇ ਕਰਦੀਆਂ ਹਨ। ਇਸਦਾ ਪ੍ਰਮਾਣਿਕ ਇਤਿਹਾਸ ਅੱਜ ਜੱਗ ਜ਼ਾਹਰ ਹੈ। ਇਸ ਇਤਿਹਾਸ ਅਤੇ ਲਾ-ਮਿਸਾਲ ਸਭਿਆਚਾਰ ਨੂੰ ਅਜਾਇਬ ਘਰ ਵਿਚੋਂ ਮਨਫ਼ੀ ਕਰਨ ਦੇ ਸੋਚੇ ਸਮਝੇ ਮਨਸੂਬੇ ਨਾਕਾਮ ਕਰਨ ਲਈ ਦੇਸ਼-ਵਿਦੇਸ਼ ਵਿਚੋਂ ਜ਼ਬਰਦਸਤ ਲੋਕ-ਆਵਾਜ਼ ਉਠਾਉਣ ਦੀ ਲੋੜ ਹੈ। ਦੇਸ਼ ਭਗਤ ਕਮੇਟੀ ਨੇ ਇਹ ਦੋਸ਼ ਵੀ ਲਾਇਆ ਹੈ ਕਿ ਇੱਕ ਬੰਨੇ ਇਨਕਲਾਬੀਆਂ ਨੂੰ ਇਤਿਹਾਸ ਵਿਚੋਂ ਖਾਰਜ਼ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ ਦੂਜੇ ਬੰਨੇ ਜਿਨ੍ਹਾਂ ਨੇ ਦੇਸ਼ ਦੀ ਕੌਮੀ ਏਕਤਾ, ਧਰਮ-ਨਿਰਪੱਖਤਾ, ਗ਼ਦਰ ਲਹਿਰ ਦੀ ਵਿਚਾਰਧਾਰਾ ਅਤੇ ਆਦਰਸ਼ਾਂ ਨਾਲੋਂ ਮੂਲੋਂ ਤੋੜ-ਵਿ-ਛੋੜਾ ਕਰਕੇ ਹਿੰਦੂਤਵ ਦਾ ਅਜੰਡਾ ਸਾਹਮਣੇ ਲੈ ਕੇ ਆਂਦਾ ਉਹਨਾਂ ਵਿਅਕਤੀਆਂ ਨੂੰ ਸੈਲੂਲਰ ਜੇਲ੍ਹ ’ਚ ਬਣੇ ਅਜਾਇਬ ਘਰ ਵਿੱਚ ਆਜ਼ਾਦੀ ਦੇ ਨਾਇਕ ਬਣਾਕੇ ਸ਼ਿੰਗਾਰਿਆ ਜਾ ਰਿਹਾ ਹੈ।





ਇਤਿਹਾਸਕ ਤੱਥਾਂ ਅਨੁਸਾਰ ਸਾਵਰਕਰ ਨੇ 30 ਅਗਸਤ 1911 ਨੂੰ ਅੰਗਰੇਜ਼ ਸਰਕਾਰ ਨੂੰ ਆਪਣੀ ਸਫਾਈ ਦਿੱਤੀ ਚਿੱਠੀ ਲਿਖੀ ਜੋ ਰੱਦ ਕਰ ਦਿੱਤੀ। ਦੂਜੀ ਅਰਜ਼ੀ 14 ਨਵੰਬਰ 1913 ਨੂੰ ਲਿਖੀ। ਜਿਸ ਵਿੱਚ ਸਾਵਰਕਰ ਨੇ ਲਿਖਿਆ:

"ਭਾਰਤੀ ਰਾਜਨੀਤੀ ਦੀ ਅਜੋਕੀ ਘਟਨਾ ਅਤੇ ਭਾਰਤ ਸਰਕਾਰ ਦੀ ਸ਼ਾਂਤੀ ਨੀਤੀ ਨੇ ਇੱਕ ਵਾਰ ਫਿਰ ਸੰਵਿਧਾਨਕ ਰਾਹ ਖੋਲ੍ਹ ਦਿੱਤੇ ਹਨ। ਆਪਣੇ ਦਿਲੋਂ ਭਾਰਤ ਅਤੇ ਮਾਨਵਤਾ ਦਾ ਭਲਾ ਸੋਚਣ ਵਾਲਾ ਕੋਈ ਵੀ ਵਿਅਕਤੀ ਅੱਖਾਂ ਮੀਚਕੇ, ਉਹਨਾਂ ਕੰਡਿਆਲੇ ਰਾਹਾਂ ਉੱਤੇ ਨਹੀਂ ਤੁਰੇਗਾ ਜਿਨ੍ਹਾਂ ਉਤੇ ਸ਼ਾਂਤੀ ਅਤੇ ਵਿਕਾਸ ਦਾ ਰਾਹ ਛੱਡਕੇ ਤੁਰਨ ਲਈ 1906-07 ਦੇ ਸਮੇਂ ਦੌਰਾਨ ਦੀ ਉਲਾਰ ਅਤੇ ਨਿਰਾਸ਼ਾ ਵਾਲੀ ਸਥਿਤੀ ਨੇ ਸਾਨੂੰ ਭੜਕਾ ਦਿੱਤਾ ਸੀ''। 30 ਮਾਰਚ 1920 ਨੂੰ ਲਿਖੀ ਚਿੱਠੀ ’ਚ ਸਾਵਰਕਰ ਨੇ ਫਿਰ ਕਿਹਾ ਕਿ: "ਸਾਡੇ ਮੁਲਕ ਲਈ ਸਭ ਤੋਂ ਵੱਡਾ ਖ਼ਤਰਾ ਉੱਤਰ ਵੱਲੋਂ ਏਸ਼ੀਆ ਦੇ ਅੱਤਵਾਦੀ ਟੋਲਿਆਂ ਤੋਂ ਹੈ ਜਿਹੜੇ ਭਾਰਤ ਲਈ ਮੁਸੀਬਤ ਬਣ ਰਹੇ ਹਨ। ਅਜਿਹੀ ਸਥਿਤੀ ਵਿੱਚ ਮੈਂ ਧੁਰ ਅੰਦਰੋਂ ਮਹਿਸੂਸ ਕਰਦਾ ਹਾਂ ਕਿ ਭਾਰਤ ਨੂੰ ਪਿਆਰ ਕਰਨ ਵਾਲੇ ਹਰ ਸਿਆਣੇ ਵਿਅਕਤੀ ਨੂੰ ਮੁਲਕ ਦੇ ਹਿੱਤਾਂ ਲਈ ਅੰਗਰੇਜ਼ ਹਕੂਮਤ ਦਾ ਵਫ਼ਾਦਾਰ ਰਹਿਣਾ ਚਾਹੀਦਾ ਹੈ।'' ਅਜੇਹੀ ਸਾਮਰਾਜ-ਭਗਤੀ ਦਾ ਨੰਗਾ ਚਿੱਟਾ ਇਕਬਾਲ ਕਰਨ ਵਾਲਿਆਂ ਨੂੰ ਅੰਡੇਮਾਨ ’ਚ ਵਿਸ਼ੇਸ਼ ਤੌਰ ’ਤੇ ਲਾਈਟ ਐਂਡ ਸਾਊਂਡ ਸਮਾਗਮ ਸਮਰਪਤ ਕੀਤਾ ਗਿਆ ਹੈ। ਇਹਨਾਂ ਦਾ ਰਿਕਾਰਡ, ਬੁੱਤ ਆਦਿ ਮਾਣ-ਸਨਮਾਨ ਨਾਲ ਸਾਂਭੇ ਅਤੇ ਪੇਸ਼ ਕੀਤੇ ਜਾ ਰਹੇ ਹਨ ਜਦ ਕਿ ਅਸਲੀ ਦੇਸ਼ ਭਗਤਾਂ ਨੂੰ ਇਤਿਹਾਸ ਦੇ ਪੰਨਿਆਂ ਤੋਂ ਮਿਟਾਉਣ ’ਤੇ ਜ਼ੋਰ ਲਾਇਆ ਜਾ ਰਿਹਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਦੇਸ਼ ਭਗਤਾਂ ਦੇ ਸਮੂਹ ਵਾਰਸਾਂ ਨੂੰ ਥਾਓਂ ਥਾਈਂ, ਇਤਿਹਾਸਕ ਸੱਚ ਦੇ ਹੱਕ ’ਚ ਆਵਾਜ਼ ਲਾਮਬੰਦ ਕਰਨ ਦੀ ਅਪੀਲ ਕੀਤੀ ਹੈ।

**ਰਿਪੋਰਟ– ਅਮੋਲਕ ਸਿੰਘ**

## ਜਨਮ ਦਿਨ ਮੁਬਾਰਕ



ਜਨਮ ਮਿਤੀ: 10 ਅਪ੍ਰੈਲ
ਨਾਮ: ਅਮਰਜੀਤ ਕੌਰ
ਸਥਾਨ: ਗੁਰੂ ਹਰਸਹਾਏ, ਫਿਰੋਜ਼ਪੁਰ
ਸਾਰੇ ਪਰਿਵਾਰ ਵਲੋਂ ਜਨਮ ਦਿਨ ਦੀਆਂ ਬਹੁਤ-ਬਹੁਤ ਮੁਬਾਰਕਾਂ

## ਮਿਸਰ ਵਿੱਚ ਤਿੰਨ ਮਹੀਨਿਆਂ ਲਈ ਐਮਰਜੈਂਸੀ ਲੱਗੀ

**ਕਾਹਿਰਾ–** ਦੋ ਗਿਰਜਾਘਰਾਂ ਵਿੱਚ ਧਮਾਕਿਆਂ ਮਗਰੋਂ ਰਾਸ਼ਟਰ-ਪਤੀ ਅਬਦੁਲ-ਫਤਾਹ ਅਲ-ਸਿਸੀ ਨੇ ਮਿਸਰ ਵਿੱਚ ਤਿੰਨ ਮਹੀਨੇ ਲਈ ਐਮਰਜੈਂਸੀ ਲਾ ਦਿੱਤੀ ਅਤੇ ਫੌਜ ਨੂੰ ਸਾਰੇ ਅਹਿਮ ਟਿਕ-’ਣਿਆਂ ਦੀ ਸੁਰੱਖਿਆ ਦਾ ਹੁਕਮ ਦਿੱਤਾ ਹੈ।



ਰਾਸ਼ਟਰਪਤੀ ਸਿਸੀ ਨੇ ਬੀਤੀ ਰਾਤ ਥੋੜ੍ਹੇ ਸਮੇਂ ਲਈ ਟੈਲੀਵਿਜ਼ਨ ਉਤੇ ਕੀਤੇ ਸੰਬੋਧਨ ਦੌਰਾਨ ਦੇਸ਼ ਭਰ ਵਿੱਚ ਤਿੰਨ ਮਹੀਨੇ ਲਈ ਐਮਰਜੈਂਸੀ ਲਾਉਣ ਦਾ ਐਲਾਨ ਕੀਤਾ। ਇਹ ਐਲਾਨ ’ਪਾਮ ਸੰਡੇ’ ਮੌਕੇ ਘੱਟ ਗਿਣਤੀ ਕੌਪਟਿਕ ਈਸਾਈਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਧਮਾਕਿਆਂ ਮਗਰੋਂ ਹੋਇਆ। ਇਨ੍ਹਾਂ ਧਮਾਕਿਆਂ ਵਿੱਚ 45 ਜਣੇ ਮਾਰੇ ਗਏ ਸਨ ਤੇ 100 ਤੋਂ ਵੱਧ ਜ਼ਖ਼ਮੀ ਹੋਏ ਸਨ। ਰਾਸ਼ਟਰਪਤੀ ਨੇ ਕੱਲ੍ਹ ਬਾਅਦ ਦੁਪਹਿਰ ਕੌਮੀ ਸੁਰੱਖਿਆ ਕੌਂਸਲ ਦੀ ਮੀਟਿੰਗ ਵੀ ਸੱਦੀ ਸੀ। ਪਿਛਲੇ ਮਹੀਨਿਆਂ ਵਿੱਚ ਇਹ ਕੌਂਸਲ ਦੀ ਅਜਿਹੀ ਦੂਜੀ ਮੀਟਿੰਗ ਸੀ।

ਮਿਸਰ ਸਰਕਾਰ ਨੇ ਫੌਜ ਦੇ ਵਿਸ਼ੇਸ਼ ਦਸਤਿਆਂ ਨੂੰ ਦੇਸ਼ ਭਰ ਵਿੱਚ ਅਹਿਮ ਸਰਕਾਰੀ ਟਿਕਾਣਿਆਂ ਦੀ ਸੁਰੱਖਿਆ ਲਈ ਪੁਲੀਸ ਨਾਲ ਸਹਿਯੋਗ ਕਰਨ ਵਾਸਤੇ ਕਿਹਾ। ਹੋਰ ਹਮਲਿਆਂ ਦੇ ਸ਼ੱਕ ਕਾਰਨ ਸੁਰੱਖਿਆ ਦਸਤਿਆਂ ਨੂੰ ਚੌਕਸ ਰੱਖਿਆ ਗਿਆ ਹੈ। ਟੈਂਟਾ ਤੇ ਅਲੈਗਜ਼ੈਂਡਰੀਆ ਸ਼ਹਿਰਾਂ ਵਿੱਚ ਦੋ ਗਿਰਜਾਘਰਾਂ ਉਤੇ ਹਮਲਿਆਂ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਜਥੇਬੰਦੀ ਨੇ ਲਈ ਸੀ। ਨੀਲ ਨਦੀ ਦੇ ਡੈਲਟਾ ਉਤੇ ਵਸੇ ਸ਼ਹਿਰ ਟੈਂਟਾ ਦੇ ਸੇਂਟ ਜਾਰਜ ਵਜੋਂ ਮਸ਼ਹੂਰ ਮਾਰ ਗਿਰਗਿਸ ਗਿਰਜਾਘਰ ਵਿੱਚ ਪਹਿਲੇ ਧਮਾਕੇ ਵਿੱਚ 27 ਜਣੇ ਮਾਰੇ ਗਏ ਅਤੇ 78 ਹੋਰ ਜ਼ਖ਼ਮੀ ਹੋਏ ਸਨ। ਇਸ ਤੋਂ ਕੁੱਝ ਘੰਟੇ ਬਾਅਦ ਅਲੈਗਜ਼ੈਂਡਰੀਆ ਦੇ ਸੇਂਟ ਮਾਰਕਜ਼ ਕੌਪਟਿਕ ਗਿਰਜਾਘਰ ਵਿੱਚ ਧਮਾਕਾ ਹੋਇਆ। ਗ੍ਰਹਿ ਮੰਤਰੀ ਅਹਿਮਦ ਅਮਾਦ ਮੁਤਾਬਕ ਇਸ ਆਤਮਘਾਤੀ ਹਮਲੇ ਵਿੱਚ 18 ਜਣੇ ਮਾਰੇ ਗਏ ਅਤੇ 41 ਹੋਰ ਜ਼ਖ਼ਮੀ ਹੋਏ।

## ਭਾਰਤੀ ਨਾਗਰਿਕ ਜਾਧਵ ਨੂੰ ਪਿਕ ’ਚ ਸਜ਼ਾ-ਏ-ਮੌਤ

**ਨਵੀਂ ਦਿੱਲੀ–** ਪਾਕਿਸਤਾਨ ਦੀ ਇਕ ਫ਼ੌਜੀ ਅਦਾਲਤ ਨੇ ਅੱਜ ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਨੂੰ ਮੁਲਕ ਵਿੱਚ ’ਜਾਸੂਸੀ ਤੇ ਭੰਨ-ਤੋੜ ਦੀਆਂ ਕਾਰਵਾਈਆਂ’ ਦਾ ਦੋਸ਼ੀ ਕਰਾਰ ਦਿੰਦਿਆਂ ਸਜ਼ਾ-ਏ-ਮੌਤ ਸੁਣਾਈ ਹੈ। ਦੂਜੇ ਪਾਸੇ ਭਾਰਤ ਨੇ ਇਸ ਕਾਰਵਾਈ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ’ਗਿਣਿਆ-ਮਿਥਿਆ ਕਤਲ’ ਕਰਾਰ ਦਿੱਤਾ ਹੈ। ਪਾਕਿਸਤਾਨ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਭਾਰਤ ਨੇ ਮੁਕੱਦਮੇ ਦੀ ਕਾਰਵਾਈ ਨੂੰ ਵੀ ’ਹਾਸੋਹੀਣੀ’ ਦੱਸਿਆ ਹੈ। ਭਾਰਤੀ ਸਮੁੰਦਰੀ ਫ਼ੌਜ ਦੇ ਸਾਬਕਾ ਅਧਿਕਾਰੀ ਸ੍ਰੀ ਜਾਧਵ (46) ਨੂੰ ਇਕ ਕੋਰਟ ਮਾਰਸ਼ਲ ਰਾਹੀਂ ਸੁਣਾਈ ਗਈ ਸਜ਼ਾ ਦੀ ਮੁਲਕ ਦੀ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਪੁਸ਼ਟੀ ਕਰ ਦਿੱਤੀ ਹੈ। ਇਸ ਨਾਲ ਪਹਿਲਾਂ ਹੀ ਨਾਜ਼ੁਕ ਦੌਰ ਵਿੱਚੋਂ ਲੰਘ ਰਹੇ ਭਾਰਤ-ਪਾਕਿ ਰਿਸ਼ਤਿਆਂ ਦੇ ਹੋਰ ਵੀ ਬੁਰੀ ਤਰ੍ਹਾਂ ਵਿਗੜ ਜਾਣ ਦਾ ਖ਼ਦਸ਼ਾ ਹੈ। ਭਾਰਤ ਵਿਚ ਬੀਤੇ ਸਾਲ ਪਾਕਿਸਤਾਨ ਆਧਾਰਤ ਦਹਿਸ਼ਤਗਰਦਾਂ ਵੱਲੋਂ ਪਠਾਨਕੋਟ ਤੇ ਉੜੀ ’ਚ ਕੀਤੇ ਹਮਲਿਆਂ ਨੇ ਦੋਵਾਂ ਮੁਲਕਾਂ ਦੇ ਸਬੰਧਾਂ ਨੂੰ ਭਾਰੀ ਸੱਟ ਮਾਰੀ ਸੀ। ਪਾਕਿਸਤਾਨ ਫ਼ੌਜ ਦੇ ਮੀਡੀਆ ਵਿੰਗ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ਆਈਐਸਪੀਆਰ) ਨੇ ਕਿਹਾ ਹੈ ਕਿ ਫੀਲਡ ਜਨਰਲ ਕੋਰਟ ਮਾਰਸ਼ਲ ਨੇ ਸ੍ਰੀ ਜਾਧਵ ਨੂੰ ’ਲਾਏ ਗਏ ਸਾਰੇ ਦੋਸ਼ਾਂ’ ਤਹਿਤ ਦੋਸ਼ੀ ਕਰਾਰ ਦਿੱਤਾ ਹੈ।

# ਐੱਸ.ਸੀ. ਬੀ. ਸੀ. ਇੰਪਲਾਇਜ ਫੈੱਡਰੇਸ਼ਨ ਦੀ ਤਹਿਸੀਲ ਹੁਸ਼ਿਆਰਪੁਰ ਹੋਈ ਚੋਣ



ਹੁਸ਼ਿਆਰਪੁਰ- ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਇਜ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਤਹਿਸੀਲ ਹੁਸ਼ਿਆਰਪੁਰ ਦੀ ਵਿਸ਼ੇਸ਼ ਮੀਟਿੰਗ ਸੂਬਾ ਕਮੇਟੀ ਚੇਅਰਮੈਨ ਸ. ਜਸਵੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਮੁਖ ਸਕੱਤਰ ਡਾ. ਜਸਵੰਤ ਰਾਏ ਦੀ ਅਗਵਾਈ ਵਿਚ ਸ਼੍ਰੀ ਗੁਰੂ ਰਵਿਦਾਸ ਗੁਰਦਵਾਰਾ ਕਮਾਲਪੁਰ ਵਿਖੇ ਹੋਈ ਜਿਸ ਵਿਚ ਵਿਸ਼ੇਸ਼ ਤੌਰ ਤੇ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਜੀ ਸ਼ਾਮਿਲ ਹੋਏ। ਸ਼੍ਰੀ ਬਲਰਾਜ ਕੁਮਾਰ ਅਤੇ ਡਾ. ਰਾਏ ਨੇ ਦੱਸਿਆ ਕਿ ਜਥੇਬੰਦੀ ਬਾਬਾ ਸਾਹਿਬ ਦੀ ਸੋਚ ਨੂੰ ਲੈ ਕੇ ਲਗਾਤਾਰ ਦਲਿਤ ਸਮਾਜ ਦੀਆਂ ਮੰਗਾਂ ਲਈ 1997 ਤੋਂ ਸੰਘਰਸ਼ ਕਰ ਰਹੀ ਹੈ। ਜਥੇਬੰਦੀ ਸਮਾਜਿਕ ਅਤੇ ਆਰਥਿਕ ਬਰਾਬਰੀ ਨੂੰ ਲੈ ਕੇ ਹਮੇਸ਼ਾਂ ਚੇਤੰਨ ਅਤੇ ਸੰਘਰਸ਼ਸ਼ੀਲ ਰਹੀ ਹੈ ਭਾਂਵੇ ਇਸ ਲਈ ਜਥੇਬੰਦੀ ਨੂੰ ਸੁਪਰੀਮ ਕੋਰਟ, ਪਾਰਲੀਮੈਂਟ ਅਤੇ ਪੰਜਾਬ ਵਿਧਾਨ ਸਭਾ ਦਾ ਘਿਰਾਓ ਹੀ ਕਿਉਂ ਨਾ ਕਰਨਾ ਪਿਆ ਹੋਵੇ।

ਇਸ ਸਮੇਂ ਜਥੇਬੰਦੀ ਦੀਆਂ ਬਲਾਕ ਪੱਧਰ ਤੋਂ ਲੈ ਕੇ ਸਟੇਟ ਪੱਧਰ ਤੱਕ ਦੀ ਸੰਗਠਨ ਪ੍ਰਕਿਰਿਆ ਜੋਰਾਂਸ਼ੋਰਾਂ ਨਾਲ ਚੱਲ ਰਹੀ ਹੈ। ਇਸ ਮੌਕੇ ਸਰਬਸੰਮਤੀ ਨਾਲ ਤਹਿਸੀਲ ਹੁਸ਼ਿਆਰਪੁਰ ਲਈ ਪ੍ਰਧਾਨ ਡਾ. ਜਸਵੰਤ ਰਾਏ, ਮੀਤ ਪ੍ਰਧਾਨ ਜਰਨੈਲ ਸਿੰਘ ਸੀਕਰੀ, ਜਨਰਲ ਸਕੱਤਰ ਯੋਧਾ ਮੱਲ, ਹੰਸ ਰਾਜ ਹੰਸ, ਵਿੱਤ ਸਕੱਤਰ ਬਲਵਿੰਦਰ ਕੁਮਾਰ, ਪ੍ਰੈੱਸ ਸਕੱਤਰ ਸੁਰਜੀਤ ਸਿੰਘ ਅਤੇ ਚੇਅਰਮੈਨ ਪ੍ਰਿੰਸੀ. ਜੈ ਸਿੰਘ ਹੀਰਾ ਚੁਣੇ ਗਏ।ਆਹੁਦੇਦਾਰਾਂ ਨੂੰ ਤਹਿਸੀਲ ਦੀ 31 ਮੈਂਬਰੀ ਟੀਮ ਦਾ ਗਠਨ ਕਰਨ ਲਈ ਕਿਹਾ ਗਿਆ।ਅੰਤ ਵਿਚ ਸੂਬਾ ਪ੍ਰਧਾਨ ਨੇ ਨਵੀਂ ਚੁਣੀ ਟੀਮ ਨੂੰ ਵਧਾਈ ਦਿੱਤੀ ਅਤੇ ਹਾਜ਼ਰਿਨ ਲਈ ਧੰਨਵਾਦੀ ਸ਼ਬਦ ਆਖੇ। ਮੀਟਿੰਗ ਵਿਚ ਬਲਾਕ ਪ੍ਰਧਾਨ ਰਣਵੀਰ ਕੁਮਾਰ 1-ਏ, ਯੋਧਾ ਮੱਲ 2-ਏ, ਗੁਲਜਾਰੀ ਲਾਲ 1-ਬੀ, ਬਲਵੀਰ ਕੁਮਾਰ 2-ਬੀ, ਜਤਿੰਦਰ ਕੁਮਾਰ ਨਿਆੜਾ, ਮੰਗਲ ਨਾਥ, ਸ਼ਸ਼ੀ ਕੁਮਾਰ, ਲਖਵਿੰਦਰ ਰਾਮ, ਸੰਦੀਪ ਕੁਮਾਰ, ਪ੍ਰਿੰਸੀ. ਚਰਨ ਸਿੰਘ, ਆਦਿ ਸ਼ਾਮਿਲ ਸਨ।

**ਰਿਪੋਰਟ: ਡਾ. ਜਸਵੰਤ ਰਾਏ**
**(9815825999)**

# ਨੌਜਵਾਨ ਨਸ਼ਿਆਂ ਤੋਂ ਬਚਣ ਲਈ ਬਾਣੀ ਤੇ ਬਾਣੇ ਨਾਲ ਜੁੜਨ- ਗੱਤਕਾ ਕਲੱਬ ਭਿੱਖੀਵਿੰਡ



**ਭਿੱਖੀਵਿੰਡ (ਭੁਪਿੰਦਰ ਸਿੰਘ)**–ਸਮਾਜਿਕ ਬੁਰਾਈਆਂ ਦੀ ਜੜ੍ਹਾਂ ਤੇ ਖ਼ੂਨੀ ਰਿਸ਼ਤਿਆਂ ਵਿੱਚ ਤਰੇੜ੍ਹਾਂ ਪਾ ਰਹੇ ਮਾਰੂੰ ਨਸ਼ਿਆਂ ਨੂੰ ਮੁੱਢੋਂ ਖਤਮ ਕਰਨ ਲਈ ਨੌਜਵਾਨ ਆਪਣਾ ਧਿਆਨ ਵਿਸ਼ੇਸ ਰੂਪ ਵਿੱਚ ਧਾਰਮਿਕ ਸ਼ਸਤਰ ਵਿੱਦਿਆ ਤੇ ਬਾਣੀ ਵੱਲ ਕੇਂਦਰਤ ਕਰਨ ਤਾਂ ਨੌਜਵਾਨ ਪੀੜੀ ਨਸ਼ਿਆਂ ਤੋਂ ਬੱਚ ਸਕੇ। ਇਹਨਾਂ ਸ਼ਬਦਾ ਦਾ ਪ੍ਰਗਟਾਵਾ ਅਮਰ ਸ਼ਹੀਦ ਬਾਬਾ ਦੀਪ ਸਿੰਘ ਗੱਤਕਾ ਕਲੱਬ (ਰਜਿ:) ਭਿੱਖੀਵਿੰਡ ਦੇ ਮੁੱਖ ਸੇਵਾਦਾਰ ਭਾਈ ਪਲਵਿੰਦਰ ਸਿੰਘ ਕੰਡਾ ਨੇ ਸ਼ਸਤਰ ਵਿੱਦਿਆ ਪ੍ਰਾਪਤ ਕਰ ਰਹੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕੀਤਾ ਤੇ ਆਖਿਆ ਕਿ ਕਲਗੀਧਰ ਪਾਤਸ਼ਾਹ ਨੇ ਖਾਲਸਾ ਪੰਥ ਦੀ ਸਥਾਪਨਾ ਕਰਕੇ ਆਪਣੇ ਪਰਿਵਾਰ ਨੂੰ ਬਾਣੀ ਤੇ ਬਾਣੇ ਨਾਲ ਜੁੜਣ ਨਾਲ ਜੁੜਣ ਦਾ ਉਪਦੇਸ਼ ਦਿੱਤਾ ਸੀ ਅਤੇ ਗਰੀਬ ਤੇ ਬੇਸਹਾਰੇ ਲੋਕਾਂ ਦੀ ਮਦਦ ਕਰਨ ਲਈ ਪ੍ਰੇਰਿਤ ਕੀਤਾ ਸੀ, ਜਿਸ ਤੇ ਸਾਨੂੰ ਸਾਰਿਆਂ ਨੂੰ ਚੱਲ ਕੇ ਸਹੀ ਮਾਰਗ ਦਾ ਰਸਤਾ ਅਖਤਿਆਰ ਕਰਨਾ ਚਾਹੀਦਾ ਹੈ ਤਾਂ ਜੋ ਸਰਬੱਤ ਦਾ ਭਲਾ ਹੋ ਸਕੇ। ਇਸ ਸਮੇ ਕਰਨੈਲ ਸਿੰਘ, ਗੁਰਅਵਤਾਰ ਸਿੰਘ ਲਾਲੀ, ਗੁਰਲਾਲ ਸਿੰਘ, ਭੁਪਿੰਦਰ ਸਿੰਘ ਪਨੇਸਰ, ਦਵਿੰਦਰ ਸਿੰਘ, ਗੁਰਵਿੰਦਰ ਸਿੰਘ, ਪ੍ਰਭਦੀਪ ਸਿੰਘ, ਅਮਨਦੀਪ ਸਿੰਘ, ਰਣਜੀਤ ਸਿੰਘ ਆਦਿ ਕਲੱਬ ਮੈਂਬਰ ਹਾਜਰ ਸਨ।

# ਐਸ. ਸੀ., ਐਸ. ਟੀ. ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਬੰਦ ਕਰੇ ਸਰਕਾਰ- ਆਈ. ਆਈ. ਟੀ. ਸੰਸਥਾਵਾਂ

**ਨਵੀਂ ਦਿੱਲੀ–** ਰਿਜ਼ਰਵ ਵਰਗਾਂ ਦੇ ਵਿਦਿਆਰਥੀਆਂ ਨੂੰ ਉਚ ਸਿੱਖਿਆ ਵਿਚ ਮਿਲ ਰਹੇ ਲਾਭਾਂ ਤੋਂ ਲੈ ਕੇ ਦੇਸ਼ ਦੀਆਂ ਸਾਰੀਆਂ ਆਈ. ਆਈ. ਟੀ. ਸੰਸਥਾਵਾਂ ਨੇ ਸਵਾਲ ਉਠਾਏ ਹਨ। ਆਈ. ਆਈ. ਟੀ. ਸੰਸਥਾਵਾਂ ਨੇ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਪੱਛੜੇ ਵਿਦਿਆਰਥੀਆਂ ਨੂੰ ਫੀਸ ਵਿਚ ਛੋਟ ਜਾਂ ਮੁਆਫੀ ਦੇਣ ਦੀ ਬਜਾਏ ਸਰਕਾਰ ਨੂੰ ਰਿੰਮਬਰਸਮੈਂਟ ਸਿਸਟਮ ਲਿਆਉਣਾ ਚਾਹੀਦਾ ਹੈ। ਆਈ. ਆਈ. ਟੀ. ਸੰਸਥਾਵਾਂ ਦਾ ਕਹਿਣਾ ਹੈ ਕਿ ਐਸ. ਸੀ., ਐਸ. ਟੀ. ਦੇ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਦੇਣ ਦੇ ਕਾਰਨ ਆਈ. ਆਈ. ਟੀ. ਸੰਸਥਾਵਾਂ ਦੀ ਵਿਤੀ ਹਾਲਤ 'ਤੇ ਅਸਰ ਪੈ ਰਿਹਾ ਹੈ। ਦੇਸ਼ ਦੀਆਂ ਸਾਰੀਆਂ ਆਈ. ਆਈ. ਟੀ. ਸੰਸਥਾਵਾਂ ਦੇ ਡਾਇਰੈਕਟਰ 12 ਦਸੰਬਰ ਨੂੰ ਆਈ. ਆਈ. ਟੀ. ਕਾਨ੍ਹਪੁਰ ਵਿਚ ਸਾਰੇ ਡਾਇਰੈਕਟਰਾਂ ਦੀ 155 ਵੀਂ ਬੈਠਕ ਹੋਈ ਸੀ।

### ਮਸਲਾ ਖੜ੍ਹਾ ਹੋਣ ਦੀ ਸੰਭਾਵਨਾ


ਆਈ. ਆਈ. ਟੀ. ਸੰਸਥਾਵਾਂ ਦੇ ਇਸ ਵਿਵਾਦਗ੍ਰਸਤ ਪ੍ਰਸਤਾਵ ਤੋਂ ਬਾਅਦ ਸਿਆਸੀ ਹੰਗਾਮਾ ਖੜ੍ਹਾ ਹੋ ਸਕਦਾ ਹੈ। ਵਰਣਨਯੋਗ ਹੈ ਕਿ ਦੇਸ਼ ਦੇ ਸਾਰੇ ਆਈ. ਆਈ. ਟੀ. ਸੰਸਥਾਵਾਂ ਵਿਚ ਐਸ. ਸੀ. , ਐਸ. ਟੀ. ਅਤੇ ਪੱਛੜੇ ਵਰਗ ਦੇ ਵਿਦਿਆਰਥੀਆਂ ਨੂੰ ਫੀਸ ਵਿਚ ਛੋਟ ਦਿੱਤੀ ਜਾਂਦੀ ਹੈ। ਹਾਲਾਂਕਿ ਆਈ. ਆਈ. ਟੀ. ਡਾਇਰੈਕਟਰਾਂ ਨੇ ਇਹ ਵੀ ਸੁਝਾਅ ਦਿੱਤਾ ਹੈ ਕਿ ਆਰਥਿਕ ਤੌਰ ਤੇ ਪੱਛੜੇ ਵਰਗਾਂ ਨੂੰ ਫੀਸ ਵਿਚ ਪੂਰੀ ਜਾਂ ਘੱਟ ਛੋਟ ਦੇਣ ਦੀ ਬਜਾਏ ਸਰਕਾਰ ਨੂੰ ਵਿਆਜ ਰਹਿਤ ਲੋਨ ਦੇਣਾ ਚਾਹੀਦਾ ਹੈ। ਇਸ ਬੈਠਕ ਵਿਚ ਸਾਰੇ ਡਾਇਰੈਕਟਰਾਂ ਨੇ ਇੱਕਜੁਟ ਹੋ ਕੇ ਇਸ ਪ੍ਰਸਤਾਵ ਨੂੰ ਆਈ. ਆਈ. ਟੀ. ਕੌਂਸਲ ਦੇ ਕੋਲ ਭੇਜਣ ਦਾ ਫੈਸਲਾ ਲਿਆ। 2016 ਦੀ ਸ਼ੁਰੂਆਤ ਵਿਚ ਮਨੁੱਖੀ ਸਰੋਤ ਵਿਕਾਸ ਮੰਤਰੀ ਨੇ ਸਾਰੇ ਆਈ. ਆਈ. ਟੀ. ਸੰਸਥਾਵਾਂ ਵਿਚ 2017 ਤੋਂ ਫੀਸ 90 ਹਜ਼ਾਰ ਰੁਪਏ ਸਲਾਨਾ ਤੋਂ ਵਧਾ ਕੇ 2 ਲੱਖ ਰੁਪਏ ਕਰਨ ਦਾ ਐਲਾਨ ਕੀਤਾ ਸੀ।

ਨਰਿੰਦਰ ਮੋਦੀ ਨੂੰ ਚਾਹੀਦਾ ਹੈ ਕਿ ਡਾ. ਅੰਬੇਡਕਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਲਈ ਉਹਨਾਂ ਦੀ ਪੁਸਤਕ 'ਐਨਹਿਲੇਸ਼ਨ ਆਫ ਕਾਸਟ' ਨੂੰ ਉਚ ਸਿੱਖਿਆ ਸੰਸਥਾਵਾਂ ਵਿਚ ਲਾਜ਼ਮੀ ਕਰ ਦੇਵੇ।

**ਲਾਲੂ ਪ੍ਰਸਾਦ ਯਾਦਵ**
**ਪ੍ਰਧਾਨ, ਰਾਸ਼ਟਰੀ ਜਨਤਾ ਦਲ**



# ਮੇਰੇ ਹਿੱਸੇ ਦੇ ਬਾਬਾ ਬਿਲਗਾ ਜੀ



**ਗੁਰਮੀਤ**
ਜਨਰਲ ਸਕੱਤਰ
ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

ਬਾਬਾ ਬਿਲਗਾ ਜੀ ਨੂੰ ਅਸੀਂ ਕੁਝ ਮਿੱਤਰ 1970-71 ਲਾਇਲਪੁਰ ਖ਼ਾਲਸਾ ਕਾਲਜ ਪੜ੍ਹਨ ਸਮੇਂ ਕਦੇ-ਕਦੇ ਦੇਸ਼ ਭਗਤ ਯਾਦਗਾਰ ਹਾਲ 'ਚ ਸਟੂਡੈਂਟਸ ਫੈਡਰੇਸ਼ਨ ਦੀਆਂ ਮੀਟਿੰਗਾਂ ਸਮੇਂ ਹਾਲ 'ਚ ਵੇਖਦੇ ਪਰ ਉਨ੍ਹਾਂ ਨਾਲ ਗੱਲਬਾਤ ਕਰਨ ਤੇ ਮਿਲਣ ਦਾ ਮੌਕਾ 1972-73 'ਚ ਮਿਲਿਆ ਜਦੋਂ ਮੈਂ ਰੋਜ਼ਾਨਾ ਨਵਾਂ ਜ਼ਮਾਨਾ ਪਰਿਵਾਰ ਵਿਚ ਕੁਲਵਕਤੀ ਦੇ ਤੌਰ ਤੇ ਕੰਮ ਕਰਨ ਲੱਗ ਪਿਆ। ਪਰ ਬਾਬਾ ਜੀ ਨਾਲ ਇਹ ਮਿਲਣ ਦੇ ਮੌਕੇ ਬਹੁਤ ਸੰਖੇਪ ਹੁੰਦੇ। ਕਿਸੇ ਖ਼ਬਰ ਜਾਂ ਕੋਈ ਉਥੇ ਹੋ ਰਹੀ ਮੀਟਿੰਗ ਦੀ ਜਾਣਕਾਰੀ ਲੈਣ ਤੱਕ ਸੀਮਤ ਹੁੰਦੇ। ਪਰ ਮੈਨੂੰ ਯਾਦ ਹੈ ਕਿ 29 ਜੁਲਾਈ 1982 ਦਾ ਦਿਨ ਸੀ ਜਦੋਂ ਸਾਨੂੰ 'ਨਵਾਂ ਜ਼ਮਾਨਾ' 'ਚ ਕਾਮਰੇਡ ਸੋਹਨ ਸਿੰਘ ਜੋਸ਼ ਜੀ ਦੇ ਦੇਹਾਂਤ ਦੀ ਖ਼ਬਰ ਮਿਲੀ। ਉਸ ਵੇਲੇ ਮੇਰੀ ਡਿਊਟੀ ਦੇਸ਼ ਭਗਤ ਯਾਦਗਾਰ ਹਾਲ ਜਾ ਕੇ ਬਾਬਾ ਬਿਲਗਾ ਨੂੰ ਇਹ ਇਤਲਾਹ ਦੇਣ ਦੀ ਲੱਗੀ। ਜਦੋਂ ਮੈਂ ਦੇਸ਼ ਭਗਤ ਯਾਦਗਾਰ ਬਾਬਾ ਜੀ ਨੂੰ ਮਿਲਿਆ ਤਾਂ ਉਨ੍ਹਾਂ ਨੂੰ ਪਹਿਲਾਂ ਹੀ ਖ਼ਬਰ ਮਿਲ ਚੁੱਕੀ ਸੀ। ਉਹ ਬਹੁਤ ਗੰਭੀਰ ਮੁਦਰਾ 'ਚ ਬੈਠੇ ਸਨ। ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਉਨ੍ਹਾਂ ਦੂਨੀ ਚੰਦ (ਦੇਸ਼ ਭਗਤ ਹਾਲ ਦਾ ਕੇਅਰ ਟੇਕਰ) ਨੂੰ ਆਵਾਜ਼ ਮਾਰੀ ਤੇ ਨਾਲ ਹੀ ਮੇਰਾ ਹੱਥ ਫੜ ਕੇ ਹਾਲ ਦੇ ਨਾਲ ਪੁਰਾਣੀ ਕੋਠੀ ਵੱਲ (ਜਿੱਥੇ ਹੁਣ ਵੱਡੀ ਸਟੇਜ ਤੇ ਖੁੱਲ੍ਹਾ ਸਟੇਡੀਅਮ ਹੈ) ਚਲ ਪਏ। ਉਨ੍ਹਾਂ ਦੱਸਿਆ ਕਿ ਜੋਸ਼ ਹੁਣਾਂ ਦੇ ਕਮਰੇ 'ਚ ਉਨ੍ਹਾਂ ਦਾ ਟਰੰਕ ਪਿਆ ਹੈ ਇਸ 'ਚ ਉਨ੍ਹਾਂ ਦਾ ਸਾਮਾਨ ਹੈ। ਕਮਰੇ ਦੀ ਚਾਬੀ ਨਾ ਮਿਲਣ ਤੇ ਦੂਨੀ ਚੰਦ ਨੇ ਹਥੌੜੇ ਨਾਲ ਤਾਲਾ ਤੋੜਿਆ ਤੇ ਫਿਰ ਅੰਦਰ ਪਏ ਟਰੰਕ ਦਾ ਤਾਲਾ ਤੋੜਿਆ ਤੇ ਉਸ ਦੇ ਅੰਦਰ ਤਹਿ ਕਰਕੇ ਰੱਖੇ ਇਕ ਕੁੜਤੇ ਪਜਾਮੇ ਦੇ ਉੱਪਰ ਜੋਸ਼ ਹੁਣਾਂ ਦੇ ਹੱਥ ਦੀ ਲਿਖੀ ਵਸੀਅਤ ਵਾਲਾ ਬਿਨਾ ਤਹਿ ਕੀਤਾ ਕਾਗਜ਼ ਪਿਆ ਸੀ। ਬਾਬਾ ਜੀ ਨੇ ਵਸੀਅਤ ਚੁੱਕੀ ਤੇ ਮੇਰੇ ਹੱਥ ਫੜਾਉਂਦਿਆ ਕਿਹਾ ਕਿ ਇਸ ਨੂੰ ਨਵਾਂ ਜ਼ਮਾਨਾ 'ਚ ਜ਼ਰੂਰ ਛਾਪ ਦੇਣਾ (ਮੈਨੂੰ ਮਹਿਸੂਸ ਹੋਇਆ ਕਿ ਬਾਬਾ ਜੀ ਨੂੰ ਵਸੀਅਤ ਬਾਰੇ ਪਹਿਲਾਂ ਹੀ ਪਤਾ ਸੀ) ਨਾਲ ਉਨ੍ਹਾਂ ਦੇ ਕੱਪੜੇ ਫੜਾਉਂਦਿਆ ਕਿਹਾ ਕਿ ਇਹ ਉਨ੍ਹਾਂ ਦੇ ਪਿੰਡ ਅੱਜ ਹੀ ਭੇਜ ਦਿਓ...!

ਜਨਵਰੀ 1991 ਨੂੰ 'ਨਵਾਂ ਜ਼ਮਾਨਾ' ਛੱਡ ਦਿੱਤਾ ਤੇ ਉਸ ਵੇਲੇ ਸਾਡੀ ਮਿੱਤਰ ਮੰਡਲੀ ਦਾ ਡੇਰਾ ਦੇਸ਼ ਭਗਤ ਹਾਲ ਦੇ ਬਾਹਰਲੇ ਗੇਟ ਦੇ ਨਾਲ ਹਰਮੀਤ ਔਜਲਾ ਦੇ ਦਫ਼ਤਰ 'ਚ ਹੁੰਦਾ... ਤੇ ਫਿਰ ਉਥੋਂ ਹੀ ਸ਼ੁਰੂ ਹੋਇਆ 'ਮੇਲਾ ਗ਼ਦਰੀ ਬਾਬਿਆਂ ਦਾ'। ਕਾਮਰੇਡ ਨੌਨਿਹਾਲ ਤੇ ਬਾਬਾ ਜੀ ਦੀ ਅਗਵਾਈ 'ਚ ਪਹਿਲਾ ਮੇਲਾ 23-24 ਸਤੰਬਰ 1992 ਨੂੰ ਸ਼ੁਰੂ ਹੋਇਆ। ਮੇਲੇ ਦੀ ਸ਼ੁਰੂਆਤ ਦਾ ਬਾਬਾ ਜੀ ਦੇ ਚਿਹਰੇ 'ਤੇ ਅਲੌਕਿਕ ਨੂਰ ਸੀ ਜਿਵੇਂ ਉਨ੍ਹਾਂ ਦੇ ਮਨ ਦੀ ਕੋਈ ਚਿਰਾਂ ਤੋਂ ਪਈ ਖਾਹਿਸ਼ ਪੂਰੀ ਹੋਈ ਹੋਵੇ... ਉਦੋਂ ਤੋਂ ਹੀ ਦੇਸ਼ ਭਗਤ ਹਾਲ ਮੇਰਾ ਘਰ ਬਣ ਗਿਆ... 2009 ਤੱਕ... ਬਾਬਾ ਜੀ ਦਾ ਦਿਨ-ਰਾਤ ਸਾਥ ਮਾਣਿਆ। ਬਹੁਤ ਕੁਝ ਉਨ੍ਹਾਂ ਤੋਂ ਸਿਖਿਆ। ਮੈਂ ਤੇ ਹਰਮੀਤ ਉਨ੍ਹਾਂ ਦੇ ਸਭ ਤੋਂ ਵੱਧ ਲਾਡਲੇ ਪੁੱਤ ਸੀ... ਸਾਡੀ ਸ਼ਾਮ ਵੇਲੇ ਦੀ ਮਹਿਫ਼ਲ ਤੋਂ ਵੀ ਕਈ ਵਾਰ ਸਾਨੂੰ ਮਿੱਠਾ ਜਿਹਾ ਝਿੜਕਦੇ ਵੀ ਸੀ... ਤੇ ਕਦੇ-ਕਦੇ ਮੈਂ ਤੇ ਹਰਮੀਤ ਬਾਬਾ ਜੀ ਨਾਲ ਅੰਦਰ ਵੜ ਕੇ ਦੋ ਘੁੱਟ ਲਾ ਕੇ ਪਾਲੂ ਤੋਂ ਮੱਠੀ ਲਿਆ ਕੇ ਮੂੰਹ ਸਲੂਣਾ ਵੀ ਕਰ ਲੈਂਦੇ ਸੀ। ਅਸੀਂ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਦੇ ਹਿੱਸੇ ਸਾਂ। ਉਹ ਸਾਡੇ ਨਾਲ ਆਪਣੀ ਘਰੇਲੂ ਜ਼ਿੰਦਗੀ ਦੀਆਂ ਸਭ ਗੱਲਾਂ ਸਾਂਝੀਆਂ ਕਰ ਲੈਂਦੇ ਸਨ। ਹਾਲ 'ਚ ਕੋਈ ਅਖ਼ਬਾਰ ਵਾਲਾ, ਕੋਈ ਟੀ.ਵੀ. ਚੈਨਲ ਵਾਲਾ ਇੰਟਰਵਿਊ ਕਰਨ ਆਉਂਦਾ ਤਾਂ ਇਹ ਸਭ ਦਾ ਪ੍ਰਬੰਧ ਮੇਰੇ ਜ਼ਿੰਮੇ ਹੀ ਹੁੰਦਾ। ਦੇਸ਼ ਭਗਤ ਹਾਲ ਵਿਚਲਾ "ਮਿਊਜ਼ੀਅਮ" ਬਾਬਾ ਜੀ ਦੀ ਹੀ ਸੋਚ ਦਾ ਨਤੀਜਾ ਸੀ। ਮੇਲੇ ਤੋਂ ਪਹਿਲਾਂ ਗ਼ਦਰੀ ਸ਼ਹੀਦਾਂ ਦੀਆਂ ਫੋਟੋਆਂ ਹਾਲ ਦੇ ਅੰਦਰ ਲਾਬੀ ਦੀ ਪੜਛੱਤੀ ਨਾਲ ਹੀ ਟੰਗੀਆਂ ਹੁੰਦੀਆਂ ਸਨ। ਪਰ ਪਹਿਲੇ ਮੇਲੇ ਦੇ ਨਾਲ ਹੀ ਬਕਾਇਦਾ ਮਿਊਜ਼ੀਅਮ ਬਣਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਸ ਕੰਮ 'ਚ ਕਾਮਰੇਡ ਗੰਧਰਵ ਸੈਨ ਜੀ ਨੇ ਵੀ ਬਹੁਤ ਮੱਦਦ ਕੀਤੀ।

ਉਮਰ ਦੇ ਇੱਕ ਸੌ ਦੋ ਵਰ੍ਹੇ ਤੱਕ ਵੀ ਬਾਬਾ ਜੀ ਦੀ ਯਾਦਾਸ਼ਤ ਪੂਰੀ ਤਰ੍ਹਾਂ ਕਾਇਮ ਸੀ। ਭਾਵੇਂ ਅਖੀਰਲੇ ਸਮੇਂ ਉਹ ਇੰਗਲੈਂਡ ਵਿੱਚ ਆਪਣੇ ਪੁੱਤਰਾਂ ਪਾਸ ਸਨ, ਪਰ ਦੇਸ਼ ਭਗਤ ਯਾਦਗਾਰ ਹਾਲ ਨਾਲ ਉਨ੍ਹਾਂ ਦਾ ਰੋਜ਼ਾਨਾ ਸੰਪਰਕ ਸੀ। ਅਖੀਰਲੇ ਵੇਲੇ ਵੀ ਉਹ ਕਾਮਰੇਡ ਚਰੰਜੀ ਲਾਲ ਵੱਲੋਂ ਲਿਖੀ ਗ਼ਦਰੀ ਸ਼ਹੀਦ ਮਾਸਟਰ ਊਧਮ ਸਿੰਘ ਕਸੇਲ ਜੀ ਦੀ ਜੀਵਨੀ ਸੁਣ ਰਹੇ ਸਨ, ਜਿਹੜੀ ਬਾਬਾ ਜੀ ਦੇ ਹੀ ਉੱਦਮ ਸਦਕਾ ਦੇਸ਼ ਭਗਤ ਯਾਦਗਾਰ ਕਮੇਟੀ ਨੇ ਪ੍ਰਕਾਸ਼ਤ ਕੀਤੀ ਸੀ।

ਬਾਬਾ ਜੀ ਨਾਲ ਮੇਰਾ ਇਹ ਲੰਮਾ ਸਬੰਧ ਉਨ੍ਹਾਂ ਦੀ ਦੇਹ ਨੂੰ ਅੰਮ੍ਰਿਤਸਰ ਏਅਰਪੋਰਟ 'ਤੇ ਰਸੀਵ ਕਰਨ, ਉਸਨੂੰ ਮਾਤਮੀ ਜਲੂਸ ਦੀ ਸ਼ਕਲ ਵਿਚ ਦੇਸ਼ ਭਗਤ ਯਾਦਗਾਰ ਹਾਲ ਵਿਖੇ ਲੋਕਾਂ ਦੇ ਦਰਸ਼ਨਾਂ ਲਈ ਰੱਖਣ ਅਤੇ ਇਸ ਤੋਂ ਉਪਰੰਤ ਇਸ ਵਡੇਰੇ ਮਾਤਮੀ ਜਲੂਸ ਜਿਸ ਵਿਚ ਹਜ਼ਾਰਾਂ ਲੋਕ ਸ਼ਾਮਲ ਸਨ। ਦੇਸ਼ ਭਗਤ ਹਾਲ ਤੋਂ ਪਿੰਡ ਬਿਲਗਾ ਵਿਚਲੇ ਬਾਬਾ ਜੀ ਦੇ ਨਿੱਜੀ ਘਰ ਵਿਚ ਕੁਝ ਸਮਾਂ ਰੱਖਣ ਉਪਰੰਤ ਸਿਵਿਆਂ 'ਚ ਅਗਨ ਭੇਟ ਕਰਨ ਅਤੇ ਫਿਰ ਉਨ੍ਹਾਂ ਦੀਆਂ ਅਸਥੀਆਂ ਨੂੰ ਹੁਸੈਨੀਵਾਲਾ ਵਿਖੇ ਦਰਿਆ ਸਤਲੁਜ ਵਿੱਚ ਜਲ ਪ੍ਰਵਾਹ ਕਰਨ ਤੱਕ ਨਿਭਿਆ ਹੈ। ਮੈਨੂੰ ਇਸ ਸੋਗ ਭਰੇ ਮਾਹੌਲ ਵਿਚ ਵੀ ਇਹ ਦੇਖ ਕੇ ਸਕੂਨ ਮਿਲਦਾ ਰਿਹਾ ਸੀ ਕਿ ਏਅਰਪੋਰਟ ਤੋਂ ਦੇਸ਼ ਭਗਤ ਹਾਲ ਜਲੰਧਰ ਤੱਕ ਅਤੇ ਜਲੰਧਰ ਤੋਂ ਬਿਲਗੇ ਤੱਕ ਅਨੇਕਾਂ ਥਾਵਾਂ 'ਤੇ ਲੋਕ ਬਾਬਾ ਜੀ ਦੇ ਦਰਸ਼ਨਾਂ ਲਈ ਵਡੇਰੀ ਗਿਣਤੀ ਵਿਚ ਜੁੜਦੇ ਰਹੇ ਅਤੇ ਕਾਫ਼ਲਾ ਵਧਦਾ ਗਿਆ। ਇਸੇ ਤਰ੍ਹਾਂ ਉਨ੍ਹਾਂ ਦੀਆਂ ਅਸਥੀਆਂ ਦਾ ਕਾਫਲਾ ਵੀ ਅਨੇਕ ਥਾਵਾਂ ਤੇ ਵਡੇਰੀ ਗਿਣਤੀ ਵਿੱਚ ਜੁੜੇ ਲੋਕਾਂ ਨੇ ਸਤਿਕਾਰ ਨਾਲ ਰੋਕਿਆ ਤੇ ਹੁਸੈਨੀਵਾਲੇ ਤੱਕ ਨਾਲ ਚੱਲਦੇ ਰਹੇ।

... ਬਾਬਾ ਜੀ ਇੱਕ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਨੂੰ ਗ਼ਦਰ ਪਾਰਟੀ ਦਾ ਆਖਰੀ ਚਿਰਾਗ ਵੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਜਿੱਥੇ ਸਾਰੀ ਉਮਰ ਦੇਸ਼ ਦੀ ਆਜ਼ਾਦੀ, ਕਿਰਤੀਆਂ ਦੇ ਹੱਕਾਂ ਅਤੇ ਜਬਰ-ਜ਼ੁਲਮ ਵਿਰੁੱਧ ਚੱਲੀਆਂ ਲਹਿਰਾਂ ਵਿਚ ਸਰਗਰਮੀ ਨਾਲ ਹਿੱਸਾ ਲਿਆ, ਜੇਲ੍ਹਾਂ ਵੀ ਕੱਟੀਆਂ, ਉੱਥੇ ਉਹ ਦੇਸ਼ ਨੂੰ ਸਾਮਰਾਜੀ ਜੂਲ਼ੇ ਤੋਂ ਮੁਕਤ ਕਰਾਉਣ ਲਈ ਗ਼ਦਰ ਪਾਰਟੀ ਦੇ ਮਹਾਨ ਸੂਰਬੀਰਾਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਲਿਖਣ, ਸਾਂਭਣ ਅਤੇ ਇਸ ਨੂੰ ਅਗਲੀ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ-ਸਰੋਤ ਬਣਾਉਣ ਲਈ ਲਗਾਤਾਰ ਯਤਨ ਕਰਦੇ ਰਹੇ। ਗ਼ਦਰੀ ਸ਼ਹੀਦਾਂ ਦੀ ਸੂਹੀ ਲਾਟ ਦੇਸ਼ ਭਗਤ ਯਾਦਗਾਰ ਹਾਲ ਵੀ ਬਾਬਾ ਗੁਰਮੁੱਖ ਸਿੰਘ ਲਲਤੋਂ ਦੇ ਨਾਲ ਬਾਬਾ ਭਗਤ ਸਿੰਘ ਬਿਲਗਾ ਜੀ ਦੇ ਯਤਨਾਂ ਦੀ ਹੀ ਦੇਣ ਹੈ, ਜਿਨ੍ਹਾਂ ਦੀ ਸਖ਼ਤ ਮਿਹਨਤ ਸਦਕਾ ਅੱਜ ਇਹ ਯਾਦਗਾਰ ਉਸ ਸੂਹੇ ਸੰਗਰਾਮ ਦਾ ਇਤਿਹਾਸ ਸਮੋਈ ਖੜ੍ਹੀ ਹੈ।

ਬਾਬਾ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਵੱਲੋਂ ਕੀਤੇ ਸੰਘਰਸ਼ਾਂ ਬਾਰੇ ਕਿਤਾਬੀ ਰੂਪ ਅਤੇ ਲੇਖਾਂ 'ਚ ਬਹੁਤ ਕੁਝ ਲਿਖਿਆ ਜਾ ਰਿਹਾ ਹੈ। ਅੱਜ ਅਸੀਂ ਉਨ੍ਹਾਂ ਨੂੰ ਯਾਦ ਕਰਦੇ ਹੋਏ ਬਾਬਾ ਜੀ ਵੱਲੋਂ ਆਪਣੀ ਸਮਝ ਅਤੇ ਸੋਚ ਬਾਰੇ ਉਨ੍ਹਾਂ ਵੱਲੋਂ 2002 'ਚ ਆਪ ਲਿਖਿਆ ਸੁਨੇਹਾ ਸਾਂਝਾ ਕਰ ਰਹੇ ਹਾਂ:

"ਪਿਛਲੇ 72 ਸਾਲ ਤੋਂ ਮੈਂ ਰਾਜਨੀਤਕ ਪਿੜ ਵਿੱਚ ਆਪਣਾ ਹਿੱਸਾ ਪਾਉਂਦਾ ਆਇਆ ਹਾਂ। 1930 ਤੋਂ ਅੱਜ ਤੱਕ ਨਿਰੰਤਰ ਮੇਰੀ ਰਾਜਸੀ ਜ਼ਿੰਦਗੀ ਦੀ ਨਿਰਭਰਤਾ ਗ਼ਦਰ ਪਾਰਟੀ ਦੀ ਦੇਣ ਹੈ। ਭਾਵੇਂ ਮੇਰੇ ਪਿੰਡ ਬਿਲਗੇ ਦੇ ਸਿਆਸੀ ਜੀਵਨ ਤੇ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਘੋਲਾਂ ਦਾ ਮੇਰੇ 'ਤੇ ਪਹਿਲੋਂ ਹੀ ਅਸਰ ਸੀ। ਕਰਜ਼ੇ ਹੇਠ ਦੱਬੇ ਆਮ ਨੌਜਵਾਨ, ਕਰਜ਼ੇ ਦੀ ਸੱਟ ਹੇਠੋਂ ਨਿਕਲਣ ਲਈ ਵਿਦੇਸ਼ਾਂ ਨੂੰ ਜਾਂਦੇ ਸਨ। ਮੈਂ ਵੀ ਇਸੇ ਕਾਰਨ ਵਿਦੇਸ਼ ਨੂੰ ਗਿਆ ਸਾਂ। ਪਰ ਗ਼ਦਰ ਪਾਰਟੀ ਦੀ ਸਿੱਖਿਆ ਲੈਣ ਮਗਰੋਂ ਕਰਜ਼ਾ ਲਾਹੁਣ ਦੀ ਬਜਾਏ ਇਨਕਲਾਬ ਲੈ ਕੇ ਦੇਸ਼ ਨੂੰ ਪਰਤ ਆਇਆ ਸਾਂ। ਅੰਡਰ ਗਰਾਊਂਡ ਜ਼ਿੰਦਗੀ ਬਤੀਤ ਕੀਤੀ। ਖੁੱਲ੍ਹੇ ਮੈਦਾਨ ਵਿੱਚ ਬੁਲਾਰੇ ਦੇ ਤੌਰ 'ਤੇ ਵੀ ਕੰਮ ਕੀਤਾ। 'ਲਾਲ ਢੰਡੋਰਾ' ਗੁਪਤ ਅਖ਼ਬਾਰ ਦਾ ਐਡੀਟਰ ਵੀ ਰਿਹਾ। ਜੇਲ੍ਹਾਂ ਤੇ ਨਜ਼ਰਬੰਦੀਆਂ ਵੀ ਕੱਟੀਆਂ, ਪਰ ਸਭ ਤੋਂ ਅਹਿਮ ਮੇਰੇ ਅਖ਼ੀਰਲੇ ਦੋ ਦਹਾਕਿਆਂ ਦੇ ਸਾਲ ਹਨ, ਜਿਸ ਵਿਚ ਮੈਨੂੰ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਧੰਨਵਾਦੀ ਹਾਂ ਦੇਸ਼ ਭਗਤਾਂ ਦਾ, ਜਿਨ੍ਹਾਂ ਮੈਨੂੰ ਹਰ ਮੌਕੇ ਸਫ਼ਲ ਹੋਣ 'ਚ ਸਹਾਇਤਾ ਦਿੱਤੀ। ਇਸ ਮੌਕੇ ਅਨੇਕਾਂ ਵਿਅਕਤੀਆਂ ਨਾਲ ਵਾਹ ਪਿਆ ਅਤੇ ਜੋ ਮੇਰੀ ਜ਼ਿੰਦਗੀ ਦੇ ਸਾਂਝੀਵਾਲ ਬਣੇ, ਉਨ੍ਹਾਂ ਨੂੰ ਮੈਂ ਭੁਲਾ ਨਹੀਂ ਸਕਦਾ। ਤਕਰੀਬਨ 70 ਸਾਲ ਦੀ ਉਮਰ ਵਿੱਚ ਬਹੁਤ ਉਤਰਾਅ ਚੜ੍ਹਾਅ ਦੇਖੇ। ਕੁਝ ਕੀਤਾ, ਕੁਝ ਨਾ ਕਰ ਸਕਿਆ। ਮੇਰੀ ਜ਼ਿੰਦਗੀ ਮੇਰੇ ਲੋਕਾਂ ਦੇ ਸਾਹਮਣੇ ਇੱਕ ਖੁੱਲ੍ਹੀ ਕਿਤਾਬ ਵਾਂਗ ਹੈ। ਜੋ ਨਾ ਕਰ ਸਕਿਆ ਉਸ 'ਤੇ ਮੈਨੂੰ ਮੁਆਫ਼ ਕਰ ਦੇਣਾ ਤੇ ਜੋ ਕਰ ਸਕਿਆ, ਉਸ ਨੂੰ ਘੋਖ ਕੇ ਸਹੀ-ਗ਼ਲਤ ਹੋਣ ਦਾ ਅਧਿਕਾਰ ਤੁਹਾਨੂੰ ਦਿੰਦਾ ਹਾਂ...!"

ਜਿੱਥੇ ਬਾਬਾ ਜੀ ਕਿਰਤੀਆਂ ਦੇ ਹੱਕਾਂ ਲਈ ਚੱਲੇ ਸੰਘਰਸ਼ਾਂ ਵਿੱਚ ਆਪਣਾ ਯੋਗਦਾਨ ਪਾਉਂਦੇ ਰਹੇ ਓਥੇ ਉਨ੍ਹਾਂ ਹਰ ਤਰ੍ਹਾਂ ਫਿਰਕਾਪ੍ਰਸਤੀ ਵਿਰੁੱਧ ਡਟ ਕੇ ਆਵਾਜ਼ ਉਠਾਈ, ਭਾਵੇਂ ਉਹ ਸ਼ਿਵ ਸੈਨਕਾਂ ਦੀ ਗੁੰਡਾਗਰਦੀ ਸੀ ਜਾਂ ਉਹ ਖ਼ਾਲਿਸਤਾਨੀ ਦਹਿਸ਼ਤਗਰਦੀ ਦਾ ਦੌਰ ਸੀ, ਉਨ੍ਹਾਂ ਦਲੇਰੀ ਨਾਲ ਉਨ੍ਹਾਂ ਵਿਰੁੱਧ ਸੰਘਰਸ਼ ਕੀਤਾ ਅਤੇ ਉਹ ਇਨ੍ਹਾਂ ਵੱਖਵਾਦੀ ਤਾਕਤਾਂ ਵਿਰੁੱਧ ਗ਼ਦਰ ਲਹਿਰ ਦੀ ਵਿਚਾਰਧਾਰਾ ਲੈ ਕੇ ਮੈਦਾਨ ਵਿਚ ਨਿੱਤਰੇ। ਅੱਜ ਇੱਕ ਅਪ੍ਰੈਲ 2017 ਨੂੰ ਉਨ੍ਹਾਂ ਦੇ ਜਨਮਦਿਨ ਨਾਲ ਸਬੰਧਿਤ ਸਮਾਗਮ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਕਰਕੇ ਦੇਸ਼ ਭਗਤ ਯਾਦਗਾਰ ਕਮੇਟੀ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੇਗੀ।

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing

**510- 733- 2222**

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

## Kash FABRICS



## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**

Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS

ONE STOP SHOPPING CENTRE

29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com

Like us on Facebook | Follow us on Instagram



# Buying or Selling Gas Stations and Hotels All over in California

Do you want to Buy/Sell your Gas Station and Hotel Business property? Call us for a free consultation.

ਕੀ ਤੁਸੀਂ ਆਪਣਾ ਗੈਸ ਸਟੇਸ਼ਨ ਜਾਂ ਹੋਟਲ ਦੀ ਕਾਰੋਬਾਰੀ ਸੰਪਤੀ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ। ਅਸੀਂ ਤੁਹਾਨੂੰ ਮੁਫਤ ਮਾਹਿਰਾਂ ਦੀ ਸਲਾਹ ਅਤੇ ਹੋਟਲ ਜਾਂ ਗੈਸ ਸਟੇਸ਼ਨ ਦੀ ਕੀਮਤ ਬਾਰੇ ਜਾਣਕਾਰੀ ਦਿਆਂਗੇ।

Call us for a Free Consultation about Selling your Gas Station or Hotel and we can also Give you our Expert opinion of the Value of Your Gas Station or Hotel.









*Commercial Real estate and investment adviser*

Shell | Mobil | EXXON | TEXACO | Chevron | VALERO | Holiday Inn Express & Suites | Hampton Inn | COURTYARD Marriott

**7412 Elsie Avenue, Sacramento CA 95828**

"Honesty and Experience make the Difference"
www.buyorsellgasstationsandhotels.com



# A & S

## Auto Repair & Services

## Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Services



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਵਾਲ-ਵਾਲ ਕਰਜ਼ਾਈ ਹੋਏ ਪੰਜਾਬ ਦੀ ਕੈਪਟਨ ਸਰਕਾਰ ਕੀ ਕਰੇ?



ਗੁਰਮੀਤ ਸਿੰਘ ਪਲਾਹੀ
91-98158-02070

**ਸਰਕਾਰੀ ਖ਼ਜ਼ਾਨੇ ਦਾ ਢਿੱਡ ਕੱਟ ਕੇ ਅਤੇ ਇਸ ਨੂੰ ਖ਼ਾਲੀ ਕਰਨ ਦੇ ਘਪਲਿਆਂ ਦੀ ਲਿਸਟ ਬਿਨਾਂ ਸ਼ੱਕ ਕਾਫ਼ੀ ਲੰਮੀ ਹੈ, ਪਰ 31000 ਕਰੋੜ ਰੁਪਏ ਦਾ ਖ਼ੁਰਾਕ ਘਪਲਾ ਅਤੇ 15000 ਕਰੋੜ ਰੁਪਏ ਦਾ ਉੱਜਵਲ ਯੋਜਨਾ ਦਾ ਘਪਲਾ ਕਾਫ਼ੀ ਚਰਚਾ ਵਿੱਚ ਹਨ। ਉੱਪਰੋਂ ਪੁਰਾਣੀ ਸਰਕਾਰ ਵੱਲੋਂ ਪੰਜਾਬ ਸਿਰ ਚੜ੍ਹੇ ਕਰਜ਼ਿਆਂ ਨੂੰ ਚਲਾਕੀ ਨਾਲ ਪਿਛਲੇ ਬੱਜਟ ਵਿੱਚ ਨਾ ਦਰਸਾ ਕੇ ਜਿਸ ਬੇਈਮਾਨੀ ਦਾ ਸਬੂਤ ਨੇਤਾਵਾਂ ਅਤੇ ਅਫ਼ਸਰਸ਼ਾਹੀ ਵੱਲੋਂ ਦਿੱਤਾ ਗਿਆ, ਉਹ ਅਸਲ ਵਿੱਚ ਆਮ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੇ ਤੁਲ ਹੈ। ਪੰਜਾਬ ਦੀ ਪਿਛਲੀ ਸਰਕਾਰ ਵੱਲੋਂ 5000 ਕਰੋੜ ਰੁਪਿਆਂ ਦੀ ਕਿਸਾਨਾਂ ਤੇ ਪੱਛੜੇ ਵਰਗਾਂ ਨੂੰ ਬਿਜਲੀ ਸਬਸਿਡੀ, ਪੇਂਡੂ ਬਿਜਲੀਕਰਨ ਉੱਤੇ ਪੰਜਾਬ ਸਟੇਟ ਪਾਵਰ ਸਪਲਾਈ ਕਾਰਪੋਰੇਸ਼ਨ ਨੂੰ 2134 ਕਰੋੜ 39 ਲੱਖ ਰੁਪਏ ਦੀ ਸਬਸਿਡੀ ਅਤੇ ਇਸੇ ਹੀ ਸੰਸਥਾ ਨੂੰ ਉਦੈ ਸਕੀਮ ਅਧੀਨ 3925 ਕਰੋੜ 49 ਲੱਖ ਰੁਪਏ ਦੀ ਸਬਸਿਡੀ ਓਵਰ ਡਰਾਫਟ ਰਾਹੀਂ ਕਰਜ਼ਾ ਲੈ ਕੇ ਦਿੱਤੀ ਗਈ।**

ਪਿਛਲੇ ਮਹੀਨੇ ਦੀ ਮੁਲਾਜ਼ਮਾਂ ਦੀ ਤਨਖ਼ਾਹ ਅਤੇ ਹੋਰ ਫੁਟਕਲ ਖ਼ਰਚਿਆਂ ਦੀ ਅਦਾਇਗੀ ਲਈ ਪੰਜਾਬ ਦੀ ਉਸੇ ਮਹੀਨੇ ਬਣੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਪੱਬਾਂ ਭਾਰ ਹੋਣਾ ਪਿਆ। ਪੰਜਾਬ ਸਰਕਾਰ ਦੇ ਸਿਰ ਹਰ ਵਰ੍ਹੇ 26000 ਕਰੋੜ ਰੁਪਏ ਦੀਆਂ ਮੁਲਾਜ਼ਮਾਂ ਦੀਆਂ ਤਨਖ਼ਾਹਾਂ, 6000 ਕਰੋੜ ਰੁਪਏ ਦੀਆਂ ਪੈਨਸ਼ਨਾਂ ਅਤੇ 2000 ਕਰੋੜ ਰੁਪਏ ਹੋਰ ਫੁਟਕਲ ਖ਼ਰਚਿਆਂ ਦੀ ਅਦਾਇਗੀ ਦੀ ਜ਼ਿੰਮੇਵਾਰੀ ਹੈ। ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਜਿਸ ਢੰਗ ਨਾਲ ਵਾਧੂ ਫਜ਼ੂਲ ਖ਼ਰਚੇ ਕਰ ਕੇ ਪੰਜਾਬ ਦੇ ਖ਼ਜ਼ਾਨੇ ਨੂੰ ਚੂਨਾ ਲਗਾਇਆ, ਸੂਬੇ ਨੂੰ ਕਰਜ਼ਾਈ ਕੀਤਾ ਹੈ, ਉਸ ਲਏ ਹੋਏ ਕਰਜ਼ੇ ਦਾ 10,000 ਕਰੋੜ ਰੁਪਿਆ ਵਿਆਜ ਵੀ ਹਰ ਵਰ੍ਹੇ ਸਰਕਾਰ ਨੂੰ ਭਰਨਾ ਪੈਣਾ ਹੈ। ਵਾਲ-ਵਾਲ, ਰੋਮ-ਰੋਮ ਕਰਜ਼ਾ ਲੈ ਕੇ ਪੰਜਾਬ ਸਰਕਾਰ ਦੀ ਓਵਰ ਡਰਾਫਟ ਕਾਰਨ ਸਥਿਤੀ ਇਹ ਬਣੀ ਹੋਈ ਸੀ ਕਿ ਰਿਜ਼ਰਵ ਬੈਂਕ ਆਫ਼ ਇੰਡੀਆ ਨੇ ਬੈਂਕਾਂ ਨੂੰ ਹਦਾਇਤ ਕੀਤੀ ਕਿ ਕੋਈ ਵੀ ਸਰਕਾਰੀ ਬੈਂਕ ਪੰਜਾਬ ਦੀ ਸਰਕਾਰ ਨੂੰ ਕਰਜ਼ਾ ਨਾ ਦੇਵੇ। ਸਾਲ 2016-17 ਦੇ ਅੰਦਾਜ਼ਨ ਬਜਟ 86387 ਕਰੋੜ ਤੋਂ 25,199 ਕਰੋੜ 80 ਲੱਖ ਰੁਪਏ ਵੱਧ ਬਾਦਲ ਸਰਕਾਰ ਨੇ ਪਹਿਲਾਂ ਹੀ ਓਵਰ ਡਰਾਫਟ ਲੈ ਕੇ ਜਨਵਰੀ 2017 ਤੱਕ ਖ਼ਰਚੇ ਹੋਏ ਸਨ। ਰਾਹਤ ਵਾਲੀ ਗੱਲ ਇਹ ਰਹੀ ਹੈ ਕਿ ਪੰਜਾਬ ਨੂੰ 17994 ਕਰੋੜ 21 ਲੱਖ ਰੁਪਏ ਦੀ ਕੈਸ਼ ਕਰੈਡਿਟ ਲਿਮਟ ਕਣਕ ਦੀ ਖ਼ਰੀਦ ਨੂੰ ਧਿਆਨ ਵਿੱਚ ਰੱਖਦਿਆਂ ਜਾਰੀ ਕਰ ਦਿੱਤੀ ਗਈ ਹੈ।

ਪਿਛਲੀ ਸਰਕਾਰ ਦੀਆਂ ਫਜ਼ੂਲ ਖ਼ਰਚੀਆਂ; ਜਿਵੇਂ ਬਿਨਾਂ ਵਜ੍ਹਾ ਸੰਗਤ ਦਰਸ਼ਨ ਦੇ ਨਾਮ ਉੱਤੇ ਆਪਣੇ ਚਹੇਤਿਆਂ ਦੀਆਂ ਝੋਲੀਆਂ ਭਰਨਾ, ਚੀਫ ਪਾਰਲੀਮਾਨੀ ਸਕੱਤਰਾਂ ਦੀ ਫ਼ੌਜ ਭਰਤੀ ਕਰ ਕੇ ਉਨ੍ਹਾਂ ਨੂੰ ਵੱਡੇ ਤਨਖ਼ਾਹਾਂ, ਭੱਤਿਆਂ ਦੇ ਬਿਨਾਂ ਕੰਮ ਤੋਂ ਗੱਫੇ ਦੇਣਾ, ਇੰਪਰੂਵਮੈਂਟ ਟਰੱਸਟਾਂ, ਮਾਰਕੀਟ ਕਮੇਟੀਆਂ ਅਤੇ ਸੂਬੇ 'ਚ ਨਵੇਂ ਜਾਤ-ਬਰਾਦਰੀ ਵਾਲੇ ਬੋਰਡ ਬਣਾ ਕੇ 'ਆਪਣਿਆਂ' ਨੂੰ ਮੈਂਬਰ/ਚੇਅਰਮੈਨ ਲਾ ਕੇ ਕਾਰਾਂ, ਕੋਠੀਆਂ, ਮੋਟੀਆਂ ਤਨਖ਼ਾਹਾਂ ਦੇਣਾ ਅਤੇ ਵੋਟ ਬੈਂਕ ਮਜ਼ਬੂਤ ਕਰਨ ਦੀ ਖ਼ਾਤਰ ਵੱਖੋ-ਵੱਖਰੇ ਵਰਗਾਂ ਵਿੱਚੋਂ 'ਸੂਝਵਾਨ', 'ਸਿਆਣੇ' ਬੰਦੇ ਆਪਣੀ ਪਾਲੇ ਵਿੱਚ ਕਰ ਕੇ ਉਨ੍ਹਾਂ ਨੂੰ ਸਲਾਹਕਾਰ ਨਿਯੁਕਤ ਕਰ ਕੇ, ਦੂਜੀਆਂ ਪਾਰਟੀਆਂ ਵਿੱਚੋਂ ਬੰਦੇ 'ਅਗਵਾ' ਕਰ ਕੇ ਆਪਣੀ ਪਾਰਟੀ 'ਚ ਸ਼ਾਮਲ ਕਰਨਾ ਤੇ ਸਲਾਹਕਾਰਾਂ ਨੂੰ ਵੱਡੀਆਂ ਤਾਕਤਾਂ ਪੰਜਾਬ ਦੇ ਖ਼ਜ਼ਾਨੇ ਉੱਤੇ ਵੱਡਾ ਬੋਝ ਬਣੇ। ਇਸ ਤੋਂ ਵੀ ਅਗਲੀ ਗੱਲ ਇਹ ਕਿ ਰੇਤ, ਬੱਜਰੀ ਖਨਨ ਦੇ ਮਾਮਲੇ 'ਚ ਸਰਕਾਰੀ ਖ਼ਜ਼ਾਨੇ 'ਚ ਪੈਸੇ ਨਾ ਜਾਣ ਦੇਣ ਅਤੇ ਮਾਫੀਆ ਦੀ ਝੋਲੀ ਪਾਉਣ ਦਾ ਵੱਡਾ ਖੱਪਾ ਵੀ ਖ਼ਜ਼ਾਨੇ ਨੂੰ ਪਿਆ। ਰਾਜ ਦੀ ਜਨਤਕ ਟਰਾਂਸਪੋਰਟ ਨੂੰ ਖੂੰਜੇ ਲਾ ਕੇ, ਬਿਨਾਂ ਪਰਮਿਟ ਤੋਂ ਰਾਜਸੀ ਲੋਕਾਂ ਨੂੰ ਬੱਸਾਂ ਚਲਾਉਣ ਦੇਣ ਦੀ ਖੁੱਲ੍ਹ ਦੇਣ ਅਤੇ ਸਧਾਰਨ ਬੱਸਾਂ ਨਾਲੋਂ ਡੀਲੈਕਸ ਬੱਸਾਂ, ਜੋ ਇੱਕ-ਦੋ ਪਰਵਾਰਾਂ ਦੀ ਮਲਕੀਅਤ ਹਨ, ਨੂੰ ਪਰਮਿਟ ਫੀਸ ਵਿੱਚ ਵੱਡੀ ਛੋਟ ਦੇਣ ਨਾਲ ਖ਼ਜ਼ਾਨੇ ਨੂੰ ਵੱਡਾ ਘਾਟਾ ਪਿਛਲੇ ਲੰਮੇ ਸਮੇਂ ਤੋਂ ਸਹਿਣਾ ਪਿਆ ਹੈ। ਰਾਜ ਦੀ ਜਨਤਕ ਟਰਾਂਸਪੋਰਟ ਪਿਛਲੇ ਸਾਲਾਂ 'ਚ ਹੋਰ ਗ਼ਰੀਬ ਹੋ ਗਈ, ਹਿੰਦੋਸਤਾਨ ਦੀ ਨਿੱਤ ਗ਼ਰੀਬ ਹੋ ਰਹੀ ਜਨਤਾ ਵਾਂਗ, ਅਤੇ ਡੀਲੈਕਸ ਬੱਸਾਂ ਦੇ ਮਾਲਕ ਮਾਲਾਮਾਲ ਹੋ ਗਏ, ਦੇਸ਼ ਦੇ ਕਾਰਪੋਰੇਟ ਜਗਤ ਵਾਂਗ।

ਸਰਕਾਰੀ ਖ਼ਜ਼ਾਨੇ ਦਾ ਢਿੱਡ ਕੱਟ ਕੇ ਅਤੇ ਇਸ ਨੂੰ ਖ਼ਾਲੀ ਕਰਨ ਦੇ ਘਪਲਿਆਂ ਦੀ ਲਿਸਟ ਬਿਨਾਂ ਸ਼ੱਕ ਕਾਫ਼ੀ ਲੰਮੀ ਹੈ, ਪਰ 31000 ਕਰੋੜ ਰੁਪਏ ਦਾ ਖ਼ੁਰਾਕ ਘਪਲਾ ਅਤੇ 15000 ਕਰੋੜ ਰੁਪਏ ਦਾ ਉੱਜਵਲ ਯੋਜਨਾ ਦਾ ਘਪਲਾ ਕਾਫ਼ੀ ਚਰਚਾ ਵਿੱਚ ਹਨ। ਉੱਪਰੋਂ ਪੁਰਾਣੀ ਸਰਕਾਰ ਵੱਲੋਂ ਪੰਜਾਬ ਸਿਰ ਚੜ੍ਹੇ ਕਰਜ਼ਿਆਂ ਨੂੰ ਚਲਾਕੀ ਨਾਲ ਪਿਛਲੇ ਬੱਜਟ ਵਿੱਚ ਨਾ ਦਰਸਾ ਕੇ ਜਿਸ ਬੇਈਮਾਨੀ ਦਾ ਸਬੂਤ ਨੇਤਾਵਾਂ ਅਤੇ ਅਫ਼ਸਰਸ਼ਾਹੀ ਵੱਲੋਂ ਦਿੱਤਾ ਗਿਆ, ਉਹ ਅਸਲ ਵਿੱਚ ਆਮ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੇ ਤੁਲ ਹੈ। ਪੰਜਾਬ ਦੀ ਪਿਛਲੀ ਸਰਕਾਰ ਵੱਲੋਂ 5000 ਕਰੋੜ ਰੁਪਿਆਂ ਦੀ ਕਿਸਾਨਾਂ ਤੇ ਪੱਛੜੇ ਵਰਗਾਂ ਨੂੰ ਬਿਜਲੀ ਸਬਸਿਡੀ, ਪੇਂਡੂ ਬਿਜਲੀਕਰਨ ਉੱਤੇ ਪੰਜਾਬ ਸਟੇਟ ਪਾਵਰ ਸਪਲਾਈ ਕਾਰਪੋਰੇਸ਼ਨ ਨੂੰ 2134 ਕਰੋੜ 39 ਲੱਖ ਰੁਪਏ ਦੀ ਸਬਸਿਡੀ ਅਤੇ ਇਸੇ ਹੀ ਸੰਸਥਾ ਨੂੰ ਉਦੈ ਸਕੀਮ ਅਧੀਨ 3925 ਕਰੋੜ 49 ਲੱਖ ਰੁਪਏ ਦੀ ਸਬਸਿਡੀ ਓਵਰ ਡਰਾਫਟ ਰਾਹੀਂ ਕਰਜ਼ਾ ਲੈ ਕੇ ਦਿੱਤੀ ਗਈ। ਇਥੇ ਹੀ ਬੱਸ ਨਹੀਂ, 539 ਕਰੋੜ 23 ਲੱਖ ਪੇਂਡੂ ਸੜਕਾਂ ਲਈ ਪੀ ਡਬਲਯੂ ਡੀ ਨੂੰ ਦੇਣਾ, ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਨੂੰ 2035 ਕਰੋੜ 61 ਲੱਖ ਰੁਪਏ ਮੁਫਤ ਖ਼ੁਰਾਕ ਲਈ ਮਹੱਈਆ ਕਰਨਾ ਅਤੇ 1251 ਕਰੋੜ ਰੁਪਏ ਐਗਰੋ-ਫਾਰੈਸਟਰੀ ਸਕੀਮ ਲਈ ਕਰਜ਼ਾ ਲੈ ਕੇ ਦੇਣਾ ਸਿਰਫ਼ ਤੇ ਸਿਰਫ਼ ਚੋਣਾਂ ਜਿੱਤਣ ਲਈ ਕਾਹਲੀ ਨਾਲ ਕੀਤੇ ਖ਼ਰਚਿਆਂ ਵਿੱਚ ਸ਼ਾਮਲ ਸੀ, ਜਿਸ ਦਾ ਖਮਿਆਜ਼ਾ ਹੁਣ ਦੀ ਸਰਕਾਰ ਨੂੰ ਭੁਗਤਣਾ ਪੈ ਰਿਹਾ ਹੈ, ਜਿਸ ਨੂੰ ਆਪਣੇ ਨਿੱਤ ਦੇ ਖ਼ਰਚਿਆਂ ਲਈ 'ਕੋਈ ਵੀ ਜੁਗਾੜ' ਬਣਾਉਣ ਦੇ ਰਾਹ ਤੁਰਨਾ ਪੈ ਰਿਹਾ ਹੈ। ਵੱਡੇ ਕਰਜ਼ੇ ਦੀ ਪੰਡ, ਓਵਰ ਡਰਾਫਟ ਦਾ 'ਦਾਜ' ਅਤੇ 4000 ਕਰੋੜ ਰੁਪਏ ਦੇ ਵੱਖੋ-ਵੱਖਰੇ ਮਹਿਕਮਿਆਂ ਦੇ ਬਿੱਲਾਂ ਦੀ ਅਦਾਇਗੀ ਸਰਕਾਰ ਲਈ ਇੱਕ ਵੱਡੀ ਸਮੱਸਿਆ ਬਣੀ ਖੜੀ ਹੈ।

ਨਵੀਂ ਸਰਕਾਰ ਮੂਹਰੇ ਖ਼ਰਚੇ ਦੀਆਂ ਵੱਡੀਆਂ ਚੁਣੌਤੀਆਂ ਹਨ। ਪਿਛਲੇ ਸਾਲ ਦੇ 270 ਕਰੋੜ ਰੁਪਏ ਕਿਸਾਨਾਂ ਦੇ ਅਦਾ ਕਰਨ ਵਾਲੇ ਪਏ ਸਨ। ਉਨ੍ਹਾਂ ਦੀ ਅਦਾਇਗੀ ਸਰਕਾਰ 'ਤੇ ਵੱਡਾ ਬੋਝ ਇਸ ਕਰ ਕੇ ਸੀ ਕਿ ਕਿਸਾਨਾਂ ਨਾਲ ਕਰਜ਼ਾ ਮੁਆਫ ਕਰਨ ਤੇ ਉਨ੍ਹਾਂ ਨੂੰ ਸੌਖਿਆਂ ਕਰਨ ਦੇ ਵਾਅਦੇ ਕੀਤੇ ਹੋਏ ਸਨ। ਉੱਪਰੋਂ ਸਰਕਾਰ ਨੂੰ ਨੋਟ-ਬੰਦੀ ਦੇ ਬਾਅਦ ਰੈਵੇਨਿਊ ਵੀ ਘੱਟ ਮਿਲਿਆ। ਸਰਕਾਰ ਨੂੰ ਵੈਟ ਕਾਰਨ ਵੱਡੀ ਆਮਦਨ ਹੁੰਦੀ ਹੈ। ਪਿਛਲੇ ਸਾਲ ਵੈਟ ਤੋਂ ਸਰਕਾਰ ਨੂੰ 18000 ਕਰੋੜ ਰੁਪਏ ਦੀ ਆਮਦਨ ਹੋਈ ਸੀ, ਜੋ ਇਸ ਸਾਲ ਕਾਫ਼ੀ ਘਟ ਗਈ ਹੈ। ਹਾਲਾਂ ਕਿ ਪਿਛਲੇ ਪੰਜ ਵਰ੍ਹਿਆਂ 'ਚ ਇੱਕ ਸਾਲ ਵੀ ਇਹੋ ਜਿਹਾ ਨਹੀਂ ਆਇਆ, ਜਦੋਂ ਸੂਬੇ 'ਚ ਐਕਸਾਈਜ਼ ਅਤੇ ਵੈਟ ਟੀਚੇ ਅਨੁਸਾਰ ਇਕੱਠਾ ਕੀਤਾ ਗਿਆ ਹੋਵੇ।

ਸਰਕਾਰ ਨੂੰ ਹਰ ਸਾਲ 2000 ਕਰੋੜ ਰੁਪਏ ਸਟੈਂਪ ਡਿਊਟੀ ਤੋਂ, 4000 ਕਰੋੜ ਰੁਪਏ ਐਕਸਾਈਜ਼ ਡਿਊਟੀ ਤੋਂ ਅਤੇ 2000 ਕਰੋੜ ਰੁਪਏ ਟਰਾਂਸਪੋਰਟ ਟੈਕਸ ਵਜੋਂ ਪ੍ਰਾਪਤ ਹੁੰਦੇ ਹਨ, ਪਰ ਨੋਟ-ਬੰਦੀ ਦੇ ਚੱਲਦਿਆਂ ਆਮਦਨ ਦਾ ਇਹ ਟੀਚਾ ਪ੍ਰਾਪਤ ਨਹੀਂ ਹੋ ਸਕਿਆ ਅਤੇ ਜੁਲਾਈ 2017 'ਚ ਜੀ ਐੱਸ ਟੀ ਲਾਗੂ ਹੋਣ ਨਾਲ ਸੂਬੇ ਵੱਲੋਂ ਚਲਾਏ ਜਾ ਰਹੇ ਪੇਂਡੂ ਵਿਕਾਸ ਫ਼ੰਡ ਅਤੇ ਪੰਜਾਬ ਇਨਫਰਾਸਟਰਕਚਰ ਡਿਵੈਲਪਮੈਂਟ ਫ਼ੰਡ, ਜੋ 5000 ਕਰੋੜ ਰੁਪਏ ਦਾ ਹੈ, ਵੀ ਜਾਂਦਾ ਰਹੇਗਾ, ਹਾਲਾਂਕਿ ਪੇਂਡੂ ਵਿਕਾਸ ਫ਼ੰਡ ਅਨਾਜ ਉੱਤੇ ਮੰਡੀ ਫੀਸ ਲਾ ਕੇ ਪ੍ਰਾਪਤ ਹੁੰਦਾ ਹੈ ਅਤੇ ਪੰਜਾਬ ਇਨਫਰਾਸਟਰਕਚਰ ਡਿਵੈਲਪਮੈਂਟ ਫ਼ੰਡ ਪੈਟਰੋਲ, ਡੀਜ਼ਲ ਅਤੇ ਬਿਜਲੀ ਡਿਊਟੀ ਤੋਂ ਇਕੱਠਾ ਕੀਤਾ ਜਾਂਦਾ ਹੈ। ਕੀ ਇਸ ਖੱਪੇ ਨੂੰ ਪੂਰਾ ਕਰਨ ਲਈ ਸਰਕਾਰ ਆਪਣੇ ਵਾਅਦਿਆਂ ਤੋਂ ਉਲਟ ਜਾ ਕੇ ਨਵੇਂ ਟੈਕਸ ਲਾਏਗੀ?

ਕੈਪਟਨ ਸਰਕਾਰ ਦੇ ਸਾਹਮਣੇ ਆਉਣ ਵਾਲੇ ਸਮੇਂ 'ਚ ਖ਼ਰਚੇ ਦੀਆਂ ਵੱਡੀਆਂ ਚੁਣੌਤੀਆਂ ਹਨ। ਯੂ ਪੀ ਸਰਕਾਰ ਵੱਲੋਂ ਛੋਟੇ ਤੇ ਸੀਮਾਂਤ ਕਿਸਾਨਾਂ ਦਾ ਇੱਕ ਲੱਖ ਰੁਪਏ ਤੱਕ ਦਾ ਫ਼ਸਲ ਕਰਜ਼ਾ ਮੁਆਫ ਕਰ ਦਿੱਤਾ ਗਿਆ ਹੈ, ਤਾਂ ਪੰਜਾਬ ਸਰਕਾਰ ਉੱਤੇ ਵੀ ਕਰਜ਼ਾ ਮੁਆਫ ਕਰਨ ਦਾ ਦਬਾਅ ਹੈ। ਜੇ ਯੂ ਪੀ ਦੀ ਤਰਜ਼ ਉੱਤੇ ਕਿਸਾਨਾਂ ਦਾ ਕਰਜ਼ਾ ਪੰਜਾਬ ਸਰਕਾਰ ਨੂੰ ਮੁਆਫ ਕਰਨਾ ਪਏਗਾ ਤਾਂ ਉਸ ਨੂੰ ਘੱਟੋ-ਘੱਟ ਤੇਤੀ ਹਜ਼ਾਰ ਕਰੋੜ ਰੁਪਏ ਚਾਹੀਦੇ ਹਨ। ਉਂਜ ਪੰਜਾਬ ਦੇ ਕਿਸਾਨਾਂ ਸਿਰ ਕੁੱਲ 90,000 ਕਰੋੜ ਰੁਪਏ ਦਾ ਕਰਜ਼ਾ ਹੈ। ਪੰਜਾਬ 'ਚ 10.53 ਲੱਖ ਕਿਸਾਨ ਹਨ, ਜਿਨ੍ਹਾਂ ਦੇ 29,76,416 ਬੈਂਕ ਖਾਤੇ ਹਨ। ਇਨ੍ਹਾਂ ਵਿੱਚੋਂ ਛੋਟੇ ਤੇ ਸੀਮਾਂਤ ਕਿਸਾਨਾਂ ਦੇ 15,13,404 ਬੈਂਕ ਖਾਤੇ ਹਨ। ਭਾਵ ਪੰਜਾਬ ਦੇ ਕੁੱਲ ਕਿਸਾਨਾਂ ਵਿੱਚੋਂ ਅੱਧੇ ਛੋਟੇ/ਸੀਮਾਂਤ ਕਿਸਾਨ ਹਨ। ਇਨ੍ਹਾਂ ਕਿਸਾਨਾਂ ਸਿਰ ਕੁੱਲ ਕਰਜ਼ੇ ਦਾ 37.98 ਫ਼ੀਸਦੀ ਹੈ। ਭਾਵ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਦੇ ਜ਼ਿੰਮੇ ਬੈਂਕਾਂ ਦਾ 30,687 ਕਰੋੜ ਰੁਪਏ ਦਾ ਕਰਜ਼ਾ ਖੜਾ ਹੈ ਅਤੇ ਫ਼ਸਲੀ ਕਰਜ਼ੇ ਤੋਂ ਇਲਾਵਾ 2800 ਕਰੋੜ ਰੁਪਏ ਦਾ ਡੀਫਾਲਟਿੰਗ ਕਰਜ਼ਾ ਵੀ ਹੈ।

ਸਰਕਾਰ ਦੇ ਸਿਰ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਤੋਂ ਇਲਾਵਾ ਸੂਬਾ ਸਰਕਾਰ ਵੱਲੋਂ ਫ਼ਸਲ ਬੀਮਾ ਯੋਜਨਾ ਲਾਗੂ ਕਰਨ ਦਾ ਭਾਰ ਵੀ ਹੈ, ਕਿਉਂਕਿ ਪਿਛਲੀ ਸਰਕਾਰ ਨੇ ਵੀ ਅਤੇ ਹੁਣ ਵਾਲੀ ਸਰਕਾਰ ਨੇ ਵੀ ਕੇਂਦਰ ਸਰਕਾਰ ਵਾਲੀ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਨੂੰ ਪ੍ਰਵਾਨ ਨਹੀਂ ਕੀਤਾ, ਕਿਉਂਕਿ ਉਸ ਵਿੱਚ ਵੱਡੀਆਂ ਖਾਮੀਆਂ ਸਨ। ਉਸ ਯੋਜਨਾ ਵਿੱਚ ਪੂਰੇ ਪਿੰਡ ਨੂੰ ਇਕਾਈ ਮੰਨ ਕੇ ਖ਼ਰਾਬ ਹੋਈ ਫ਼ਸਲ ਦਾ ਜਾਇਜ਼ਾ ਲਿਆ ਜਾਂਦਾ ਸੀ, ਜਦੋਂ ਕਿ ਤੇਜ਼ ਬਰਸਾਤ ਜਾਂ ਗੜੇਮਾਰੀ ਨਾਲ ਕਈ ਵੇਰ ਕੁਝ ਖੇਤਰ 'ਚ ਹੀ ਨੁਕਸਾਨ ਹੁੰਦਾ ਹੈ। ਸਕੀਮ 'ਚ ਬੀਮਾ ਕੰਪਨੀ ਪੂਰੇ ਪਿੰਡ ਦੀ ਜ਼ਮੀਨ ਦੇ ਸਾਰੇ ਖੇਤਾਂ ਦਾ ਬੀਮਾ ਕਰਦੀ ਹੈ ਅਤੇ ਕਿਸ਼ਤ ਲੈਂਦੀ ਹੈ, ਜਿਸ ਦਾ ਬਹੁਤੀਆਂ ਹਾਲਤਾਂ ਵਿੱਚ ਪੰਜਾਬ ਦੇ ਕਿਸਾਨਾਂ ਨੂੰ ਲਾਭ ਇਸ ਕਰ ਕੇ ਨਹੀਂ ਸੀ ਕਿ ਪੰਜਾਬ 'ਚ ਔਸਤ ਖ਼ਰਾਬਾ 7 ਫ਼ੀਸਦੀ ਤੋਂ ਕਦੇ ਵੀ ਵੱਧ ਨਹੀਂ ਹੋਇਆ ਅਤੇ ਬੀਮਾ ਕੰਪਨੀ ਘੱਟੋ-ਘੱਟ 10 ਫ਼ੀਸਦੀ ਖ਼ਰਾਬੇ ਲਈ ਹੀ ਮੁਆਵਜ਼ਾ ਦੇਣ ਦੀ ਪਾਬੰਦ ਹੈ।

ਉਂਜ ਵੀ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਦੇ ਤਹਿਤ ਬੀਮੇ ਦੀ ਕਿਸ਼ਤ ਕਿਸਾਨ ਦੇ ਬੈਂਕ ਖਾਤੇ 'ਚੋਂ ਸਿੱਧੀ ਕੱਟੀ ਜਾਂਦੀ ਹੈ ਅਤੇ ਜੇਕਰ ਕਿਸਾਨ ਦੇ ਬੈਂਕਾਂ 'ਚ ਦੋ ਖਾਤੇ ਹਨ ਤਾਂ ਦੋਹਾਂ ਖਾਤਿਆਂ ਵਿੱਚੋਂ ਰਕਮ ਕੱਟ ਲਈ ਜਾਂਦੀ ਹੈ। ਇਸ ਯੋਜਨਾ ਤਹਿਤ ਕਿਸਾਨ ਕਲੇਮ ਕਿੱਥੇ ਕਰੇ, ਅਪੀਲ ਕਿੱਥੇ ਕਰੇ, ਬੀਮਾ ਕੰਪਨੀ ਕਿਸ ਨੂੰ ਜੁਆਬਦੇਹ ਹੋਵੇਗੀ, ਇਸ ਦਾ ਕੋਈ ਜ਼ਿਕਰ ਹੀ ਨਹੀਂ। ਇਹੋ ਜਿਹੀਆਂ ਹਾਲਤਾਂ 'ਚ ਸੂਬਾ ਸਰਕਾਰ ਜੇਕਰ ਫ਼ਸਲ ਬੀਮਾ ਯੋਜਨਾ ਲਾਗੂ ਕਰੇਗੀ ਤਾਂ ਉਸ ਦੀ ਕਿਸ਼ਤ ਦਾ ਕੁਝ ਭਾਗ ਸਰਕਾਰ ਵੀ ਅਦਾ ਕਰੇਗੀ। ਤਦ ਫਿਰ ਇਹ ਰਕਮ ਪੰਜਾਬ ਦੇ ਖ਼ਾਲੀ ਖ਼ਜ਼ਾਨੇ ਵਿੱਚੋਂ ਕਿਵੇਂ ਦਿੱਤੀ ਜਾ ਸਕੇਗੀ, ਕਿੱਥੋਂ ਆਏਗੀ ਐਡੀ ਵੱਡੀ ਰਕਮ? ਪੰਜਾਬ ਦੇ ਹਰ ਪਰਵਾਰ 'ਚ ਇੱਕ ਨੌਕਰੀ ਦਾ ਪ੍ਰਬੰਧ, ਮਹਿਕਮਿਆਂ 'ਚ ਬੁਢਾਪਾ ਪੈਨਸ਼ਨ ਅਤੇ ਹੋਰ ਪੈਨਸ਼ਨਾਂ 2000 ਰੁਪਏ ਮਾਸਿਕ ਕਰਨਾ, ਮੁਫਤ ਆਟਾ-ਦਾਲ ਸਕੀਮ ਦੇ ਨਾਲ-ਨਾਲ ਹੋਰ ਸਾਮਾਨ ਮੁਹੱਈਆ ਕਰਨਾ, ਗ਼ਰੀਬਾਂ ਨੂੰ ਮੁਫਤ ਪਲਾਟ, ਮਕਾਨ ਦੇਣਾ, ਆਦਿ-ਆਦਿ ਕੁਝ ਇਹੋ ਜਿਹੇ ਵਾਅਦੇ ਹਨ, ਜਿਹੜੇ ਮੌਜੂਦਾ ਸਰਕਾਰ ਦੇ ਸਾਹਮਣੇ ਹਨ, ਜਿਹੜੇ 'ਚਾਹੁੰਦਾ ਹੈ ਪੰਜਾਬ ਕੈਪਟਨ ਸਰਕਾਰ' ਲਿਆਉਣ ਦੇ ਨਾਹਰੇ ਨਾਲ ਪੂਰੇ ਕਰਨ ਦਾ ਕਾਂਗਰਸ ਨੇ ਸੰਕਲਪ ਲਿਆ ਹੋਇਆ ਹੈ। ਕੀ ਇਹ ਵਾਅਦੇ ਪੂਰੇ ਹੋ ਸਕਣਗੇ? ਕੀ ਸਰਕਾਰ ਸਿਰਫ਼ ਖ਼ਾਲੀ ਖ਼ਜ਼ਾਨੇ ਅਤੇ ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਰੌਲਾ-ਰੱਪਾ ਪਾ ਕੇ ਗੱਲੀਂ-ਬਾਤੀਂ ਲੋਕਾਂ ਨੂੰ ਪਰਚਾ ਕੇ ਰੱਖ ਸਕੇਗੀ?

ਭਾਵੇਂ ਸਰਕਾਰ ਬਣਿਆਂ ਹਾਲੇ ਇੱਕ ਮਹੀਨਾ ਨਹੀਂ ਬੀਤਿਆ। ਫਜ਼ੂਲ ਖ਼ਰਚੀ ਨਾ ਕਰਨ ਦਾ ਪ੍ਰਣ ਲੈਂਦੀ ਹੋਏ ਪੰਜਾਬ ਸਰਕਾਰ ਵੱਲੋਂ ਖ਼ਜ਼ਾਨੇ ਉੱਤੇ ਭਾਰ ਪਾਉਣ ਦਾ ਅਮਲ ਸ਼ੁਰੂ ਕਰ ਵੀ ਦਿੱਤਾ ਗਿਆ ਹੈ। ਬਿਨਾਂ ਲੋੜੋਂ ਸਲਾਹਕਾਰਾਂ ਦੀ ਫ਼ੌਜ ਭਰਤੀ ਕਰ ਲਈ ਗਈ ਹੈ। ਦਰਜਨ ਭਰ 'ਚਹੇਤੇ' ਸਲਾਹਕਾਰ ਰਾਜ-ਭਾਗ ਸੰਭਾਲਣ ਲਈ ਤਾਇਨਾਤ ਕਰ ਦਿੱਤੇ ਗਏ ਹਨ। ਕਨਸੋਆਂ ਹਨ ਕਿ ਇੱਕ ਮੁੱਖ ਪਾਰਲੀਮਾਨੀ ਸਕੱਤਰ ਅਤੇ ਵੀਹ ਪਾਰਲੀਮਾਨੀ ਸਕੱਤਰ ਵਿਧਾਇਕਾਂ ਵਿੱਚੋਂ ਨਿਯੁਕਤ ਕਰਨ ਲਈ ਮੌਜੂਦਾ ਸਰਕਾਰ ਵੱਲੋਂ ਆਰਡੀਨੈਂਸ ਜਾਰੀ ਕਰਨ ਦੀ ਤਿਆਰੀ ਹੋ ਰਹੀ ਹੈ। ਇਨ੍ਹਾਂ ਇੱਕੀ ਸ਼ਖ਼ਸੀਅਤਾਂ ਉੱਤੇ ਇੱਕ ਲੱਖ ਰੁਪਏ ਪ੍ਰਤੀ ਮਹੀਨਾ ਖ਼ਰਚ ਆਏਗਾ। ਇਹ ਰਕਮ ਕਿੱਥੋਂ ਆਏਗੀ? ਕੀ ਇਹ ਆਤਮਘਾਤੀ ਕਦਮ ਨਹੀਂ? ਕੀ ਇਹੋ ਜਿਹੀਆਂ ਫਜ਼ੂਲ ਦੀਆਂ ਸਿਆਸੀ ਨਿਯੁਕਤੀਆਂ ਕਰ ਕੇ ਆਪਣੇ ਵਿਧਾਇਕਾਂ ਨੂੰ ਖ਼ੁਸ਼ ਕਰਨਾ ਲੋਕਾਂ ਦੇ ਗਾੜ੍ਹੇ-ਪਸੀਨੇ ਦੀ ਕਮਾਈ ਉੱਤੇ ਲਗਾਏ ਟੈਕਸ ਦੀ ਦੁਰਵਰਤੋਂ ਨਹੀਂ?

ਇਸ ਵੇਲੇ ਲੋੜ ਤਾਂ ਲੋਕਾਂ ਉੱਤੇ ਪਹਿਲਾਂ ਹੀ ਪਏ ਵਾਧੂ ਟੈਕਸਾਂ, ਖ਼ਰਚਿਆਂ ਨੂੰ ਘੱਟ ਕਰਨਾ ਹੈ। ਪ੍ਰਾਈਵੇਟ ਹੱਥਾਂ 'ਚ ਦਿੱਤੇ ਕਾਰੋਬਾਰ ਨੂੰ, ਜੋ ਲੋਕਾਂ ਦੀ ਲੁੱਟ-ਖਸੁੱਟ ਦਾ ਕਾਰਨ ਬਣੇ ਹੋਏ ਹਨ, ਸਰਕਾਰੀ ਹੱਥਾਂ 'ਚ ਲੈ ਕੇ ਚੰਗੇ ਪ੍ਰਸ਼ਾਸਨਕ ਢੰਗ ਨਾਲ ਚਲਾਉਣਾ ਹੈ। ਲੋੜ ਤਾਂ ਸਿੱਖਿਆ, ਸਿਹਤ ਜਿਹੇ ਅਹਿਮ ਕੰਮ ਨੂੰ ਮੁੜ ਸਰਕਾਰੀ ਤੰਤਰ ਰਾਹੀਂ ਹਰ ਇੱਕ ਨੂੰ ਬਰਾਬਰ ਦੀ ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਨਾ ਹੈ। ਮੌਜੂਦਾ ਸਮੇਂ ਸਰਕਾਰੀ ਦਫ਼ਤਰਾਂ 'ਚ ਅਨੁਸ਼ਾਸਨ ਦੀ ਕਮੀ ਹੈ, ਭ੍ਰਿਸ਼ਟਾਚਾਰ ਦਾ ਬੋਲ-ਬਾਲਾ ਹੈ, ਕੰਮਾਂ 'ਚ ਕੋਤਾਹੀ ਅਤੇ ਅਣਗਹਿਲੀ ਦੀ ਬਿਰਤੀ ਹੈ। ਅਫ਼ਸਰਸ਼ਾਹੀ- ਬਾਬੂਸ਼ਾਹੀ ਹਾਲੇ ਵੀ ਬੇ-ਲਗਾਮ ਹੈ। ਸਮੱਸਿਆਵਾਂ, ਮੁੱਦਿਆਂ ਨੂੰ ਹੱਲ ਕਰਨ ਦੀ ਥਾਂ ਸਿਆਸੀ ਲੋਕ ਸਿਰਫ਼ ਸਿਆਸੀ ਲਾਹਾ ਲੈਣ ਦੀ ਦੌੜ 'ਚ ਸੂਬੇ ਨੂੰ ਪਿਛਾਂਹ ਵੱਲ ਧੱਕਦੇ ਨਜ਼ਰ ਆ ਰਹੇ ਹਨ।

ਪੰਜਾਬ ਦੀ ਸਰਕਾਰ ਦੇ ਖ਼ਜ਼ਾਨੇ ਨੂੰ ਭਰਨ ਲਈ ਟਰਾਂਸਪੋਰਟ ਨੀਤੀ, ਐਕਸਾਈਜ਼ ਨੀਤੀ ਨੂੰ ਥਾਂ ਸਿਰ ਕਰ ਕੇ ਪੁੱਟੇ ਗਏ ਕਦਮ ਤਾਂ ਹੀ ਸਾਰਥਿਕ ਸਿੱਧ ਹੋ ਸਕਣਗੇ, ਜੇਕਰ ਸਰਕਾਰ ਟੈਕਸ ਚੋਰੀ ਬੰਦ ਕਰਨ 'ਚ ਕਾਮਯਾਬ ਹੋਵੇਗੀ ਅਤੇ ਖ਼ਜ਼ਾਨੇ ਦੀ ਵਰਤੋਂ ਸੁਹਿਰਦਤਾ ਨਾਲ ਲੋਕ-ਹਿੱਤ ਵਿੱਚ ਕਰੇਗੀ। ਲੋਕਾਂ ਦੀ ਮੰਗ ਸਬਸਿਡੀਆਂ ਨਹੀਂ; ਨਾ ਮੁਫਤ ਆਟਾ-ਦਾਲ, ਬਿਜਲੀ, ਪਾਣੀ ਦੀ ਮੰਗ ਹੈ, ਉਨ੍ਹਾਂ ਦੀ ਮੰਗ ਤਾਂ ਰੁਜ਼ਗਾਰ ਹੈ, ਜਿਸ ਨੂੰ ਸਰਕਾਰ ਆਪਣੇ ਮਹਿਕਮਿਆਂ 'ਚ ਖ਼ਾਲੀ ਆਸਾਮੀਆਂ ਭਰ ਕੇ ਵੀ ਪੂਰਿਆਂ ਕਰ ਸਕਦੀ ਹੈ ਅਤੇ ਸਵੈ-ਰੁਜ਼ਗਾਰ ਦੇ ਮੌਕੇ ਸਿਰਜ ਕੇ ਵੀ, ਤਾਂ ਕਿ ਲੋਕ ਫਖ਼ਰ ਨਾਲ ਕਿੱਤਾ ਕਰ ਕੇ ਮਾਣ-ਮੱਤੀ ਜ਼ਿੰਦਗੀ ਬਸਰ ਕਰ ਸਕਣ।

# ਨਿਊਜ਼ੀਲੈਂਡ ਦੇ ਮੁੰਡੇ ਨੇ ਪੰਜਾਬ 'ਚ ਸਾਦਾ ਵਿਆਹ ਰਚਾ ਕੇ ਉਦਾਹਰਣ ਸੈਟ ਕੀਤੀ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਵਸਦੇ ਇਕ ਪੰਜਾਬੀ ਬਿਜ਼ਨਸਮੈਨ ਮੁੰਡੇ ਨਵਪ੍ਰੀਤ ਸਿੰਘ ਨੇ ਪੰਜਾਬ 'ਚ ਜਾ ਕੇ ਬਿਨਾਂ ਦਾਜ ਤੋਂ ਅਤੇ ਲੜਕੀ ਵਾਲਿਆਂ ਦਾ ਕੋਈ ਵੀ ਖਰਚਾ ਕਰਵਾਏ ਬਗੈਰ ਵਿਆਹ ਕਰਵਾ ਕੇ ਚੰਗੀ ਉਦਾਹਰਣ ਸੈਟ ਕੀਤੀ ਹੈ। ਕਾਕਾ ਨਵਪ੍ਰੀਤ ਸਿੰਘ ਜੋ ਕਿ ਸ. ਕੁਲਦੀਪ ਸਿੰਘ ਅਰੋੜਾ ਰਈਆ ਵਾਲੇ (ਸਾਬਕਾ ਟਰੱਸਟੀ ਗੁਰਦੁਆਰਾ ਨਿਊਲਿਨ ਆਕਲੈਂਡ) ਦਾ ਹੋਣਹਾਰ ਸਪੁੱਤਰ ਹੈ, ਨੇ ਬਹੁਤ ਹੀ ਸਾਦੇ ਢੰਗ ਨਾਲ ਸਾਰੇ ਕਾਰਜ ਸਿਰੇ ਚਾੜ੍ਹਨ ਲਈ ਬੇਨਤੀ ਕੀਤੀ ਹੋਈ ਸੀ। ਐਮ. ਐਡ. ਤੱਕ ਪੜ੍ਹੀ ਲੜਕੀ ਦਾ ਨਾਂਅ ਗਗਨਦੀਪ ਕੌਰ ਵਾਸੀ ਸੈਂਟਰਲ ਟਾਊਨ ਹੈ। ਇਸ ਸਾਦੇ ਵਿਆਹ ਵਿਚ ਕੋਈ ਫਾਲਤੂ ਰਸਮਾਂ ਵੀ ਨਹੀਂ ਕੀਤੀਅਜਾਂ ਗਈਆਂ ਅਤੇ ਨਾ ਹੀ ਮਿਲਣੀਆਂ ਆਦਿ ਦੇ ਵਿਚ ਕੋਈ ਗਹਿਣਾ ਆਦਿ ਲਿਆ ਗਿਆ। ਸਿਰਫ ਸਤਿਕਾਰ ਵਜੋਂ ਇਕ ਦੂਜੇ ਨੂੰ ਸਿਰੋਪਾਓ ਪਾਏ ਗਏ। ਪੈਲੇਸ ਦੀ ਬਜਾਏ ਬਰਾਤ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਜਲੰਧਰ ਵਿਖੇ ਪੁੱਜੀ। ਤਿੰਨ ਘੰਟੇ ਤੱਕ ਗੁਰਬਾਣੀ ਕੀਰਤਨ ਹੋਇਆ ਅਤੇ ਲਾਵਾਂ ਦੀ ਰਸਮ ਹੋਈ। ਮੁੰਡੇ ਵਾਲਿਆਂ ਦੇ ਪਰਿਵਾਰ ਨੇ ਆਪਣੇ ਰਿਸ਼ਤੇਦਾਰਾਂ ਦੇ ਲਈ ਆਪਣੇ ਵੱਲੋਂ ਬਾਅਦ ਦੇ ਵਿਚ ਵੱਖਰਾ ਪ੍ਰਬੰਧ ਕਰਕੇ ਖੁਸ਼ੀ ਸਾਂਝੀ ਕੀਤੀ। ਇਸ ਸਾਰੇ ਵਿਆਹ ਸਮਾਰੋਹ ਦੇ ਵਿਚ ਇਹ ਸੰਦੇਸ਼ ਦਿੱਤਾ ਗਿਆ ਕਿ ਜੇਕਰ ਮਾਪੇ ਆਪਣੀਆਂ ਕੁੜੀਆਂ ਸਹੁਰੇ ਪਰਿਵਾਰ ਦੇ ਲੜ ਲਾ ਰਹੇ ਹਨ ਤਾਂ ਹੋਰ ਕਿਸੇ ਚੀਜ਼ ਦੀ ਕੋਈ ਲੋੜ ਨਹੀਂ ਹੋਣੀ ਚਾਹੀਦੀ। ਰਿਸੈਪਸ਼ਨ ਵਾਲੇ ਦਿਨ ਲੜਕੇ ਨੇ ਖੁਦ ਆਟੋ ਚਲਾ ਕੇ ਆਪਣੀ ਵਹੁਟੀ ਨੂੰ ਹਾਲ ਦੇ ਵਿਚ ਲਿਆਂਦਾ ਜਿਸ ਨੂੰ ਵੇਖ ਸਾਰੇ ਖੁਸ਼ ਹੋਏ। ਇਲਾਕੇ ਦੇ ਵਿਚ ਇਸ ਵਿਆਹ ਨੂੰ ਇਕ ਉਦਾਹਰਣ ਵਜੋਂ ਵੇਖਿਆ ਗਿਆ। ਨਿਊਜ਼ੀਲੈਂਡ ਵਸਦੇ ਪੰਜਾਬੀ ਭਾਈਚਾਰੇ ਦੇ ਲਈ ਵੀ ਇਹ ਖਬਰ ਇਕ ਸ਼ੰਦੇਸ਼ ਛੱਡਦੀ ਹੈ। ਸ. ਕੁਲਦੀਪ ਸਿੰਘ ਅਰੋੜਾ ਨੂੰ ਇਸ ਵਧੀਆ ਉਪਰਾਲੇ ਲਈ ਪੰਜਾਬੀ ਮੀਡੀਆ ਅਤੇ ਭਾਈਚਾਰੇ ਵੱਲੋਂ ਵਧਾਈ।



# ਸ. ਬਲਬੀਰ ਸਿੰਘ ਬਸਰਾ ਨਿਊਜ਼ੀਲੈਂਡ ਤੋਂ 'ਅੰਮ੍ਰਿਤਸਰ ਹਾਫ ਮੈਰਾਥਨ' ਦੌੜ 'ਚ ਹਿੱਸਾ ਲੈਣਗੇ



**ਆਕਲੈਂਡ- (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੀਆਂ ਸ਼ਾਕਾਹਾਰੀ ਖੁਰਾਕਾਂ ਦੀ ਅਨਰਜ਼ੀ ਪੰਜਾਬ ਦੀ ਧਰਤੀ ਉਤੇ 'ਅੰਮ੍ਰਿਤਸਰ ਹਾਫ ਮੈਰਾਥਨ ਦੌੜ' ਵਿਚ ਹਿੱਸਾ ਲੈ ਕੇ ਇਥੇ ਵਸਦੇ ਭਾਰਤੀਆਂ ਦੀ ਨੁਮਾਇੰਦਗੀ ਕਰੇਗੀ। 78 ਸਾਲਾ ਸ. ਬਲਬੀਰ ਸਿੰਘ ਬਸਰਾ ਜੋ ਕਿ ਨਿਊਜ਼ੀਲੈਂਡ ਦੇ ਵਿਚ ਛੇ ਵਾਰ ਮੈਰਾਥਨ ਦੌੜ ਦੇ ਵਿਚ ਹਿੱਸਾ ਲੈ ਕੇ ਚੁੱਕੇ ਹਨ ਨੇ ਹੁਣ ਆਪਣੀ ਦੇਸ਼ ਦੀ ਧਰਤੀ ਉਤੇ ਲੰਬੀ ਦੌੜ ਦੇ ਕਦਮਾਂ ਨਾਲ ਕਦਮ ਮਿਲਾ ਕੇ ਮਨ ਦਾ ਸਕੂਲ ਪ੍ਰਾਪਤ ਕਰਨਗੇ। ਵਿਰਾਸਤੀ ਸ਼ਹਿਰ ਅੰਮ੍ਰਿਤਸਰ ਜਿੱਥੇ ਪਹਿਲੀ ਵਾਰ ਮੈਰਾਥਨ ਦੌੜ ਦਾ ਆਯੋਜਨ ਜੀ.ਆਰ.ਆਰ. (ਗੁੜਗਾਉਂ ਰੋਡ ਰਨਰਜ਼) ਫਿੱਟਨੈਸ ਸੰਸਥਾ ਵੱਲੋਂ ਕੀਤਾ ਜਾ ਰਿਹਾ ਹੈ। ਸ. ਬਲਬੀਰ ਸਿੰਘ ਬਸਰਾ ਇਸ ਮੈਰਾਥਨ ਦੌੜ ਵਿਚ ਹਿੱਸਾ ਲੈਣ ਪੰਜਾਬ ਪਹੁੰਚ ਗਏ ਹਨ। ਇਹ ਦੌੜ ਗੋਬਿੰਦਗੜ ਕਿਲੇ ਤੋਂ ਸਵੇਰੇ 5.30 ਵਜੇ ਸ਼ੁਰੂ ਹੋਵੇਗੀ ਅਤੇ 9.30 'ਤੇ ਖਤਮ ਹੋਵੇਗੀ। 21.1 ਕਿਲੋਮੀਟਰ ਦੌੜ ਜਿੱਤਣ ਵਾਲੇ ਪਹਿਲੇ ਤਿੰਨ ਪੁਰਸ਼ ਅਤੇ ਮਹਿਲਾ ਦੌੜਾਕਾਂ ਨੂੰ ਕ੍ਰਮਵਾਰ 25000 ਰੁਪਏ, 15,000 ਰੁਪਏ ਅਤੇ 10,000 ਰੁਪਏ ਇਨਾਮ ਦਿੱਤਾ ਜਾਣਾ ਹੈ।

# ਵੈਸਾਖੀ, ਅੰਮ੍ਰਿਤ ਅਤੇ ਖ਼ਾਲਸਾ ਸਾਜਨ ਦਿਵਸ ਤੇ ਵਿਸ਼ੇਸ਼



ਅਵਤਾਰ ਸਿੰਘ ਮਿਸ਼ਨਰੀ
510-432-5827

ਵੈਸਾਖੀ ਦਾ ਅਰਥ ਹੈ ਵਿਸ਼ਾਖਾ ਨਸ਼ੱਤ੍ਰ ਵਾਲੀ ਪੂਰਨਮਾਸ਼ੀ, ਸੂਰਜ ਦੇ ਹਿਸਾਬ ਵੈਸਾਖ ਮਹੀਨੇ ਦਾ ਪਹਿਲਾ ਦਿਨ। ਬ੍ਰਾਹਮਣੀ ਮੱਤ ਅਨੁਸਾਰ 27 ਨਸ਼ੱਤ੍ਰ ਹਨ, ਇਨ੍ਹਾਂ ਚੋਂ ਵੈਸਾਖ ਨਸ਼ੱਤ੍ਰ ਪਵਿਤਰ ਮੰਨਿਆਂ ਜਾਂਦਾ ਹੈ। ਬ੍ਰਾਹਮਣ ਨੇ ਚਾਰ ਪ੍ਰਮੁੱਖ ਤਿਉਹਾਰ ਮੰਨੇ ਹਨ-ਵੈਸਾਖੀ, ਦੁਹਸ਼ਹਿਰਾ, ਦੀਵਾਲੀ ਅਤੇ ਹੋਲੀ। ਕ੍ਰਮਵਾਰ ਵੈਸਾਖੀ ਬ੍ਰਾਹਮਣਾਂ, ਦੁਹਸ਼ਹਿਰਾ ਖੱਤਰੀਆਂ, ਦਿਵਾਲੀ ਵੈਸ਼ਾਂ ਅਤੇ ਹੋਲੀ ਸ਼ੂਦਰਾਂ ਦਾ ਤਿਉਹਾਰ ਮੰਨਿਆਂ ਗਿਆ ਹੈ। ਬ੍ਰਾਹਮਣੀ ਗ੍ਰੰਥਾਂ ਜਿਵੇਂ ਮੰਨੂੰ ਸਿਮਰਤੀ ਆਦਿਕ ਅਨੁਸਾਰ ਮਨੁੱਖਤਾ ਨੂੰ ਊਚ-ਨੀਚ, ਜਾਤ-ਪਾਤ, ਛੂਆ-ਛਾਤ, ਵਹਿਮ-ਭਰਮ, ਕਰਮ-ਕਾਂਡ ਵਿੱਚ ਵੰਡਿਆ ਗਿਆ, ਉਨ੍ਹਾਂ ਦੇ ਰੀਤੀ ਰਿਵਾਜ ਤੇ ਤਿਉਹਾਰਾਂ ਦੀਆਂ ਵੀ ਬ੍ਰਾਹਮਣ ਨੇ ਹੀ ਵੰਡੀਆਂ ਪਾਈਆਂ ਸਨ। ਇਸ ਸਾਰੀ ਵਰਣਵੰਡ ਨੂੰ ਕ੍ਰਾਂਤੀਕਾਰੀ ਭਗਤਾਂ ਅਤੇ ਸਿੱਖ ਗੁਰੂਆਂ ਖਤਮ ਕਰਕੇ, ਇਨ੍ਹਾਂ ਵਹਿਮਾਂ ਤੋਂ ਮਨੁੱਖਤਾ ਦਾ ਖਹਿੜਾ ਛੁਡਾਇਆ-ਨਾਨਕ ਵੈਸਾਖੀ ਪ੍ਰਭ ਪਾਵੈ ਸੁਰਤਿ ਸਬਦਿ ਮਨੁ ਮਾਨਾ॥(੧੧੦੯) ਵੈਸਾਖ ਦੇ ਮਹੀਨੇ ਦੁਆਰਾ ਵੀ ਸ਼ਬਦ ਸੁਰਤ ਰਾਹੀਂ ਪ੍ਰਭੂ ਨੂੰ ਪਾਉਣ ਦੀ ਗੱਲ ਕੀਤੀ ਹੈ ਨਾ ਕਿ ਕਿਸੇ ਪੁਜਾਰੀ ਬ੍ਰਾਹਮਣ ਜਾਂ ਭੇਖੀ ਸਾਧੂ-ਸੰਤ ਨੂੰ ਪੁੰਨ ਦਾਨ ਕਰਨ ਦੀ। ਗੁਰਸਿੱਖ ਕਿਸੇ ਮਹੀਨੇ ਜਾਂ ਥਿੱਤ ਵਾਰ ਦਾ ਪੁਜਾਰੀ ਨਹੀਂ, ਜੇ ਹੈ ਤਾਂ, ਉਹ ਗੁਰਸਿੱਖ ਨਹੀਂ ਹੋ ਸਕਦਾ ਸਗੋਂ ਗੁਰਬਾਣੀ ਅਨੁਸਾਰ ਉਹ ਮਹਾਂ ਮੂਰਖ ਹੈ-ਸਤਿਗੁਰੁ ਬਾਝਹੁ ਅੰਧ ਅੰਧਾਰ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥(੮੪੨) ਰੱਬ ਦੇ ਬਣਾਏ ਦਿਨ-ਰਾਤ, ਥਿੱਤ-ਵਾਰ, ਮਹੀਨੇ-ਸਾਲ ਸਾਰੇ ਹੀ ਭਲੇ ਹਨ-ਮਹਾ ਦਿਵਸ ਮੂਰ੍ਹਤ ਭਲੇ ਜਿਸ ਕਉ ਨਦਰਿ ਕਰੇ॥(੧੩੬)

ਮੌਸਮੀ ਤਿਉਹਾਰ ਵੈਸਾਖੀ ਦੇ ਮੇਲੇ ਤਾਂ ਪਹਿਲਾਂ ਵੀ ਲਗਦੇ, ਫਸਲ ਪੱਕਣ ਦੀ ਖੁਸ਼ੀ ਵਿੱਚ ਜੱਟ-ਜਿਮੀਦਾਰ ਭੰਗੜੇ ਪਉਂਦੇ ਅਤੇ ਬ੍ਰਾਹਮਣ ਨੂੰ ਦਾਨ ਪੁੰਨ ਕਰਦੇ ਸਨ। ਸਮਾਂ ਬਦਲਿਆ ਸਾਧਾਂ ਦੇ ਡੇਰਿਆਂ ਤੇ ਵੀ ਦਾਨ, ਵੈਸਾਖੀ ਮੇਲੇ ਤੇ ਗੌਣ ਵਾਲੀਆਂ ਅਤੇ ਤੂੰਬੀਆਂ ਵਾਲੇ ਵੀ ਬੁਲਾਏ ਜਾਣ ਲੱਗ ਪਏ। ਅੱਜ ਤਾਂ ਵੈਸਾਖੀ ਨਾਈਟਾਂ ਵੀ ਮਨਾਈਆਂ ਜਾਂਦੀਆਂ ਹਨ, ਵੱਡੇ-ਵੱਡੇ ਕਲਾਕਾਰ ਆਪਣੀ ਕਲਾ ਦੇ ਜੌਹਰ ਦਿਖਾਉਂਦੇ ਹਨ। ਅੱਜ ਵੈਸਾਖੀ ਪੰਜਾਬੀ ਮੇਲੇ ਦੇ ਰੂਪ ਵਿੱਚ ਹੀ ਵੱਧ ਮਨਾਈ ਜਾ ਰਹੀ ਹੈ। ਵਿਚਾਰ ਕਰੀਏ ਕਿ ਫਿਰ ਵੈਸਾਖੀ ਨਾਲ ਸਿੱਖ ਕੌਮ ਦਾ ਕੀ ਸਬੰਧ ਹੈ?

ਵੈਸਾਖੀ ਨਾਲ ਸਿੱਖ ਕੌਮ ਦਾ ਸਬੰਧ-ਮਨੁੱਖਤਾ ਦੇ ਸੱਚੇ-ਸੁੱਚੇ ਰਹਿਬਰ, ਸਿੱਖ ਕੌਮ ਦੇ ਬਾਨੀ, ਬਾਬੇ ਨਾਨਕ ਦਾ ਇੰਨਸਾਨੀ ਜਨਮ ਅਤੇ ਰੂਹਾਨੀ ਪ੍ਰਕਾਸ਼, ਵੈਸਾਖ ਮਹੀਨੇ ਵਿੱਚ ਹੋਇਆ ਅਤੇ ਦਸਵੇਂ ਜਾਮੇ ਵਿੱਚ ਖੰਡੇ ਦੀ ਪਾਹੁਲ ਦੇ ਕੇ, ਸਿੱਖ ਨੂੰ ਸਿੰਘ ਅਤੇ ਕੌਰ ਦੀ ਸੰਗਿਆ ਬਖਸ਼ਿਸ਼ ਦਰਦੇ, ਨਿਰਮਲ ਪੰਥ ਦੀ ਰੱਖੀ ਹੋਈ ਨੀਂਹ ਨੂੰ, ਖਾਲਸਾ ਪੰਥ ਦੇ ਰੂਪ ਵਿੱਚ, ਮਨੁੱਖੀ ਬਰਾਬਰਤਾ ਦੇਂਦੇ, ਸੰਨ 1699 ਦੀ ਵੈਸਾਖੀ ਨੂੰ ਮੁਕੰਮਲ ਕੀਤਾ। ਇਸ ਕਰਕੇ ਖ਼ਾਲਸੇ ਦੀ ਵੈਸਾਖੀ, ਥਿਤੀ ਵਾਰ ਵਾਲੀ ਬ੍ਰਾਹਮਣੀ ਵੈਸਾਖੀ ਨਾਲੋਂ ਵਿਲੱਖਣ ਅਤੇ ਮਹਾਨ ਹੈ। ਉਪ੍ਰੋਕਤ ਮਹਾਨਤਾ ਅਤੇ ਵਿਲੱਖਣਤਾ ਕਰਕੇ, ਵੈਸਾਖੀ ਨਾਲ ਸਿੱਖ ਕੌਮ ਦਾ ਸਿੱਧਾ ਸਬੰਧ ਹੈ। ਗੁਰੂ ਸਾਹਿਬਾਨ ਵੈਸਾਖੀ ਤੇ ਵਿਸ਼ੇਸ਼ ਜੋੜ ਮੇਲਾ ਕਰਿਆ ਕਰਦੇ ਸਨ। ਗੁਰ ਇਤਿਹਾਸ ਮੁਤਾਬਿਕ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਵੱਡੀ ਪੱਧਰ 'ਤੇ ਵੈਸਾਖੀ ਜੋੜ ਮੇਲਾ ਸ਼ੁਰੂ ਕੀਤਾ। ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਨੇ, ਇਸ ਦਿਨ ਖੰਡੇ ਦੀ ਪਾਹੁਲ ਦੇ ਕੇ, ਗੁਰਸਿੱਖਾਂ ਨੂੰ ਖ਼ਾਲਸੇ ਦੀ ਸੰਗਿਆ ਦਿੱਤੀ ਕਿਉਂਕਿ ਸਿੱਖ ਹੁਣ ਜਾਤਾਂ-ਪਾਤਾਂ, ਛੂਆ-ਛਾਤਾਂ, ਵਹਿਮਾਂ-ਭਰਮਾਂ ਅਤੇ ਕਰਮਕਾਂਡਾਂ ਦੀ ਮਿਲਾਵਟ ਤੋਂ ਖ਼ਾਲਸ ਹੋ ਚੁੱਕਾ ਸੀ। ਵੈਸਾਖੀ ਵਾਲੇ ਦਿਨ ਹੀ ਖ਼ਾਲਸਾ ਪੰਥ, ਸਰਬੱਤ ਖ਼ਾਲਸੇ ਦੇ ਰੂਪ ਵਿੱਚ ਇਕੱਤਰ ਹੋ ਕੇ, ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਵਿਖੇ, ਆਪਸੀ ਵਿਚਾਰ ਵਿਟਾਂਦਰੇ ਉਪ੍ਰੰਤ ਗੁਰਬਾਣੀ ਦੀ ਰੌਸ਼ਨੀ ਵਿੱਚ, ਗੁਰਮਤੇ ਪਾਸ ਕਰਦਾ ਅਤੇ ਅਭਿਲਾਖੀਆਂ ਨੂੰ ਖੰਡੇ ਦੀ ਪਾਹੁਲ ਦਿੰਦਾ ਸੀ। ਇਸ ਕਰਕੇ ਸਾਰੇ ਖਾਲਸਾ ਪੰਥ ਦੀ ਮਰਯਾਦਾ ਇੱਕ ਹੋਣ ਕਰਕੇ, ਖ਼ਾਲਸਾ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿੰਦਾ ਸੀ। ਇਹ ਮਰਯਾਦਾ ਪਹਿਲਾਂ ਮਹੰਤਾਂ ਨੇ, ਅੰਗ੍ਰੇਜ਼ੀ ਸਰਕਾਰ ਰਾਹੀਂ ਗੁਰਦੁਆਰਿਆਂ ਉੱਤੇ ਕਾਬਜ਼ ਹੋ ਕੇ ਖਤਮ ਕੀਤੀ ਅਤੇ ਫਿਰ ਸਿੰਘਾਂ ਨੇ ਸਿੰਘ ਸਭਾ ਦੇ ਰੂਪ ਵਿੱਚ, ਇਨ੍ਹਾਂ ਹੰਕਾਰੀ, ਵਿਕਾਰੀ ਤੇ ਦੁਰਾਚਾਰੀ ਮਹੰਤਾਂ ਨੂੰ ਗੁਰਦੁਆਰਿਆਂ ਵਿੱਚੋਂ ਕੱਢ ਕੇ ਬਹਾਲ ਕੀਤੀ। ਜਿਸ ਮਰਯਾਦਾ ਨੂੰ ਅਜੋਕੇ ਮਾਇਆਧਾਰੀ ਗਿਆਨ ਵਿਹੂਣੇ ਹੰਕਾਰੀ ਪ੍ਰਬੰਧਕਾਂ ਅਤੇ ਭੇਖੀ ਸਾਧਾਂ ਸੰਤਾਂ ਨੇ ਧੱਕੇ ਨਾਲ ਖਤਮ ਕਰ ਦਿੱਤਾ ਹੈ।

ਹੁਣ ਵੈਸਾਖੀ ਵਾਲੇ ਦਿਨ ਗੁਰਮਤੇ ਕਰਨ ਦੀ ਥਾਂ, ਪਾਠਾਂ ਦੀਆਂ ਲੜੀਆਂ ਚਲਾਈਆਂ ਜਾਂਦੀਆਂ, ਇੱਕ ਥਾਂ ਕਈ-ਕਈ ਇਕੱਠੇ ਪਾਠ ਰੱਖੇ ਜਾਂਦੇ ਅਤੇ ਸੰਗਤਾਂ ਨੂੰ ਵੱਧ ਤੋਂ ਵੱਧ ਅਖੰਡ ਪਾਠ ਕਰਾਉਣ ਦੀਆਂ ਅਪੀਲਾਂ ਕੀਤੀਆਂ ਜਾਂਦੀਆਂ ਹਨ। ਗੁਰਬਾਣੀ ਸਿੱਖਣ ਸਿਖਾਉਣ ਦੀ ਅਪੀਲ ਕੋਈ ਨਹੀਂ ਕੀਤੀ ਜਾਂਦੀ, ਐਸਾ ਕਿਉਂ? ਕੀ ਇਨ੍ਹਾਂ ਗੁਰਪੁਰਬਾਂ ਦਾ ਮਕਸਦ, ਪਾਠਾਂ ਦੀਆਂ ਲੜੀਆਂ ਚਲਾ ਕੇ, ਪੈਸਾ ਇੱਕਠਾ ਕਰਨਾ ਅਤੇ ਸੰਗਤਾਂ ਨੂੰ ਸਦਾ ਲਈ ਭਾੜੇ ਦੇ ਪਾਠੀਆਂ ਪੁਰ ਹੀ ਨਿਰਭਰ ਕਰਨਾ ਹੈ? ਅੱਜ ਸੈਂਕੜਿਆਂ ਚੋਂ ਕਿਸੇ ਇੱਕ ਗੁਰਦੁਆਰੇ ਵਿੱਚ ਹੀ, ਅਕਾਲ ਤਖ਼ਤ ਤੋਂ ਪ੍ਰਵਾਣਿਤ ਮਰਯਾਦਾ ਲਾਗੂ ਏ, ਬਾਕੀ ਸਭ ਗੁਰਦੁਆਰਿਆਂ ਵਿੱਚ ਮਹੰਤੀ ਅਤੇ ਸੰਪ੍ਰਦਾਈ ਮਰਯਾਦਾ ਹੀ ਚਲਾਈ ਜਾਂਦੀ ਹੈ ਭਾਵੇਂ ਕਿ ਅਜੋਕੀ ਮਰਯਾਦਾ ਵਿੱਚ ਵੀ ਸੁਧਾਰ ਦੀ ਲੋੜ ਹੈ। ਬਹੁਤੇ ਸਿੱਖ, ਅਗਿਆਨਤਾ, ਵਹਿਮ-ਭਰਮ, ਚੌਧਰ ਅਤੇ ਪਦਾਰਥਕ ਨੀਂਦ ਵਿੱਚ ਸੁੱਤੇ ਪਏ ਹਨ। ਗੁਰਬਾਣੀ ਦੇ ਅਸਲੀ ਮਨੋਰਥ ਨੂੰ ਛੱਡ ਕੇ, ਸਾਧਾਂ ਦੀਆਂ ਬਣਾਈਆਂ ਮਨੋ ਕਲਪਿਤ ਕਹਾਣੀਆਂ ਹੀ, ਗੁਰੂ ਘਰਾਂ ਵਿੱਚ ਪ੍ਰਚਾਰੀਆਂ ਜਾ ਰਹੀਆਂ ਹਨ। ਵੈਸਾਖੀ ਦੇ ਅਸਲੀ ਸੰਦੇਸ਼ ਨੂੰ, ਕਰਮ ਕਾਂਡਾਂ ਦੇ ਚਿੱਕੜ ਵਿੱਚ ਰੋਲਿਆ ਜਾ ਰਿਹਾ ਹੈ। ਪਿਆਰੇ ਖ਼ਾਲਸਾ ਜੀ! ਵੈਸਾਖੀ ਦੀ ਵਿਲੱਖਣ ਮਹਾਨਤਾ ਨੂੰ ਸਮਝ ਕੇ, ਸਿੱਖ ਕੌਮ ਵਿੱਚ ਆ ਵੜੇ ਬ੍ਰਾਹਮਣੀ, ਸੰਪ੍ਰਦਾਈ ਕਰਮਕਾਂਡਾਂ ਤੋਂ ਖਹਿੜਾ ਛੁਡਾਈਏ ਅਤੇ ਗੁਰਬਾਣੀ ਦੇ ਸੱਚੇ ਸੁੱਚੇ ਵਿਚਾਰਾਂ ਦੀ ਮਰਯਾਦਾ ਨੂੰ ਧਾਰਨ ਕਰੀਏ।

ਖ਼ਾਲਸਾ ਸ਼ਬਦ ਦੀ ਮਹਾਨਤਾ-ਅਰਬੀ ਭਾਸ਼ਾ ਵਿੱਚ ਖ਼ਾਲਸਾ ਲਫ਼ਜ਼ ਦਾ ਅਰਥ ਨਿਰੋਲ, ਸ਼ੁੱਧ, ਖਰਾ, ਬਿਨਾ ਕਿਸੇ ਮਿਲਾਵਟ ਅਤੇ ਪੰਥ ਦਾ ਅਰਥ ਹੈ ਇੱਕਸਾਰਤ-ਰਸਤਾ। ਖ਼ਾਲਸਾ ਦਾ ਮਤਲਬ ਇਹ ਵੀ ਹੈ ਕਿ ਉਹ ਜ਼ਮੀਨ ਜਾਂ ਮੁਲਕ ਜਿਸ ਦਾ ਬਾਦਸ਼ਾਹ ਨਾਲ ਸਿੱਧਾ ਸਬੰਧ ਹੋਵੇ, ਜੋ ਹੋਰ ਕਿਸੇ ਵੀ ਜਗੀਰਦਾਰ ਜਾਂ ਜਿਮੀਦਾਰ ਦੇ ਕਬਜੇ ਅੰਦਰ ਨਹੀਂ(ਮਹਾਨ ਕੋਸ਼) ਸੋ ਸਿੱਖ ਗੁਰੂਆਂ ਤੋਂ ਪਹਿਲਾਂ, ਭਗਤਾਂ ਨੇ ਵੀ ਖ਼ਾਲਸਾ ਲਫ਼ਜ਼ ਦੀ ਵਰਤੋਂ ਕੀਤੀ-ਕਹੁ ਕਬੀਰ ਜਨ ਭਏ ਖ਼ਾਲਸੇ ਪ੍ਰੇਮ ਭਗਤਿ ਜਿਹ ਜਾਨੀ॥(੬੫੫) ਜਿਨ੍ਹਾਂ ਨੇ ਪ੍ਰੇਮਾਂ ਭਗਤੀ ਭਾਵ ਖਲਕਤ ਵਿੱਚ ਵਸਦੇ ਰੱਬੀ ਪਿਆਰ ਨੂੰ ਜਾਣ ਲਿਆ ਹੈ, ਉਹ ਖ਼ਾਲਸੇ ਹਨ। ਦੇਖੋ! ਅੱਜ ਸਾਡੇ ਬਹੁਤੇ ਭਾਈ, ਕੇਵਲ ਤੇ ਕੇਵਲ ਪੰਜ ਕਕਾਰੀ ਬਾਣਾਧਾਰੀਆਂ ਨੂੰ ਹੀ ਖ਼ਾਲਸਾ ਸਮਝਦੇ ਜਾਂ ਆਖਦੇ ਤੇ ਬਾਕੀ ਹੋਰਾਂ ਨੂੰ ਨਹੀਂ, ਭਾਂਵੇਂ ਉਹ ਗੁਰਬਾਣੀ ਦੇ ਅਤਿਅੰਤ ਰਸੀਏ ਵੀ ਕਿਉਂ ਨਾਂ ਹੋਣ। ਗੁਰਬਾਣੀ ਅਨੁਸਾਰ ਤਾਂ-



ਸਰਬ ਧਰਮ ਮਹਿ ਸ੍ਰੇਸਟਿ ਧਰਮ॥ ਹਰਿ ਕੋ ਨਾਮਿ ਜਪਿ ਨਿਰਮਲ ਕਰਮ॥(ਸੁਖਮਨੀ) ਰੱਬ ਦਾ ਨਾਮ ਜਪਣਾ ਅਤੇ ਨਿਰਮਲ ਕਰਮ ਕਰਨੇ ਹੀ ਸਰਬ ਸਾਂਝਾ ਸ੍ਰੇਸ਼ਟ ਧਰਮ ਹੈ। ਐਸੇ ਸਰਬ ਸਾਂਝੇ ਧਰਮ ਦਾ ਧਾਰਨੀ ਖ਼ਾਲਸਾ ਕਿਉਂ ਨਹੀਂ ਹੋ ਸਕਦਾ? ਕੀ ਸਾਨੂੰ ਗੁਰਬਾਣੀ ਤੇ ਵਿਸ਼ਵਾਸ਼ ਨਹੀਂ? ਗੁਰਬਾਣੀ ਤਾਂ ਪ੍ਰੇਮਾ ਭਗਤੀ ਕਰਨ ਵਾਲਿਆਂ ਨੂੰ ਖ਼ਾਲਸਾ ਕਹੇ ਰਹੀ ਹੈ। ਜੇ ਹਿਰਦੇ ਵਿੱਚ ਪ੍ਰੇਮ ਨਹੀਂ ਦਵੈਸ਼ ਹੈ ਤਾਂ ਖ਼ਾਲਸਾ ਨਹੀਂ ਹੋ ਸਕਦਾ। ਖ਼ਾਲਸੇ ਦਾ ਮਤਲਬ ਹੈ ਖ਼ਾਲਸ, ਮਿਲਾਵਟ ਰਹਤ, ਜਿਸ ਦਾ ਅਕਾਲ ਪੁਰਖ ਨਾਲ ਸਿੱਧਾ ਸਬੰਧ ਹੈ। ਅੱਜ ਆਪਣੇ ਆਪ ਨੂੰ ਖ਼ਾਲਸਾ ਕਹਿਣ ਵਾਲਿਆਂ ਵਿੱਚ, ਬ੍ਰਾਹਮਣੀ ਕਰਮ ਕਾਂਢਾਂ ਦੀ ਮਿਲਾਵਟ ਅਤੇ ਅਕਾਲ ਪੁਰਖ ਨਾਲ ਸਿੱਧੇ ਸਬੰਧ ਦੀ ਥਾਂ, ਸਾਧਾਂ ਤੇ ਸੰਪ੍ਰਦਾਈਆਂ ਨਾਲ ਗੂੜਾ ਸਬੰਧ ਵੀ ਹੈ ਜੋ ਬਹੁਤੇ ਹੰਕਾਰ ਤੇ ਗੁੱਸੇ ਨਾਲ ਭਰੇ ਪੀਤੇ ਰਹਿੰਦੇ ਹਨ। ਅੰਮ੍ਰਿਤ ਛੱਕ ਕੇ ਵੀ, ਉਨ੍ਹਾਂ ਅੰਦਰੋਂ, ਜਾਤ-ਪਾਤ ਦਾ ਅਭਿਮਾਨ ਨਹੀਂ ਗਿਆ ਕਿ ਅਸੀਂ ਜੱਟ, ਰਾਮਗੜੀਏ ਹਾਂ, ਫਲਾਨੇ ਤਾਂ ਮਜ਼ਬੀ ਅਤੇ ਰਵਿਦਾਸੀਏ ਹਨ। ਕੀ ਅਜਿਹੇ ਲੋਕ ਗੁਰੂ ਦੇ ਖ਼ਾਲਸੇ-ਸਿੱਖ ਹੋ ਸਕਦੇ ਹਨ? ਉੱਤਰ ਕਦਾਚਿੱਤ ਵੀ ਨਹੀਂ। ਗੁਰੂ ਨੇ ਤਾਂ ਇਕੋ ਸੰਗਤ ਪੰਗਤ ਵਿੱਚ ਬੈਠਾਇਆ, ਖਵਾਇਆ ਅਤੇ ਇਕੋ ਬਾਟੇ ਵਿੱਚ ਰੱਬੀ ਬਾਣੀ ਦਾ ਅੰਮ੍ਰਿਤ ਪਿਲਾ ਕੇ, ਜਾਤ-ਪਾਤ ਅਤੇ ਸੁੱਚ-ਭਿੱਟ ਖਤਮ ਕੀਤੀ। ਕੀ ਅੱਜ ਖ਼ਾਲਸਾ ਕਹਾਉਣ ਵਾਲਿਆਂ ਨੇ, ਜਾਤ-ਪਾਤ ਦੀ ਵੀਚਾਰ ਛੱਡ ਦਿੱਤੀ ਅਤੇ ਜਾਤ ਪਾਤ ਤੋਂ ਉੱਪਰ ਉੱਠ ਕੇ ਰਿਸ਼ਤੇਦਾਰੀਆਂ ਕਾਇਮ ਕੀਤੀਆਂ ਹਨ? ਕੀ ਜੱਟ ਖਾਲਸੇ ਨੇ ਆਪਣੀ ਧੀ ਦਾ ਰਿਸ਼ਤਾ, ਚਮਾਰ ਖਾਲਸੇ ਦੇ ਪੁੱਤਰ ਨੂੰ ਕੀਤਾ ਹੈ? ਜਦ ਕਿ ਜੱਟ ਚਮਾਰ ਵਾਲਾ ਜਾਤ-ਪਾਤੀ ਵਿਤਕਰਾ ਬ੍ਰਾਹਮਣ ਦੀ ਉਪਜ ਅਤੇ ਗੁਰਮਤਿ ਅਨੁਸਾਰ ਰੱਬ ਦੇ ਪੈਦਾ ਕੀਤੇ ਇਸਤ੍ਰੀ-ਪੁਰਸ਼ਾਂ ਦੀ ਇੱਕ ਹੀ ਮਨੁੱਖਾ ਜਾਤ ਹੈ।

ਅੱਜ ਦਾ ਖ਼ਾਲਸਾ ਅੱਗ, ਤੇਲ ਜਾਂ ਘਿਓ ਦੀ ਜੋਤ ਦੀ ਪੂਜਾ ਕਰ ਰਿਹਾ ਹੈ ਜੋ ਹੱਥੀਂ ਬਾਲੀ ਤੇ ਬੁਝ ਵੀ ਜਾਂਦੀ ਹੈ। ਗੁਰੂ ਤਾਂ ਉਸ ਜੋਤ ਦੀ ਗੱਲ ਕਰਦੇ ਨੇ ਜੋ ਸਭ ਵਿੱਚ ਸਭ ਥਾਂ ਸਦੀਵ ਜਗਦੀ ਅਤੇ ਚਾਨਣ ਕਰਦੀ ਹੈ-ਸਭਿ ਮਹਿ ਜੋਤਿ ਜੋਤਿ ਹੈ ਸੋਇ॥ ਤਿਸੁ ਦੈ ਚਾਨਣ ਸਭਿ ਮਹਿ ਚਾਨਣ ਹੋਇ॥(੬੬੩) ਅੱਜੋਕਾ ਖ਼ਾਲਸਾ ਸ਼ਹੀਦਾਂ ਦੀਆਂ ਮੜ੍ਹੀਆਂ ਉੱਤੇ ਜੋਤਾਂ-ਦੀਵੇ ਜਗਾਉਂਦਾ, ਤੀਰਥਾਂ ਤੇ ਯਾਤਰਾ ਕਰਦਿਆਂ, ਵੇਹਲੜਾਂ ਨੂੰ ਕੁਥਾਂਏਂ ਦਾਨ ਕਰ ਰਿਹਾ ਹੈ। ਕੀੜੀਆਂ, ਜੂੰਆਂ, ਸੱਪਾਂ ਆਦਿਕ ਤੇ ਤਾਂ ਦਇਆ ਕਰਦੈ ਪਰ ਆਪਣੇ ਹੀ ਧਰਮ ਭਾਈਆਂ ਦਾ ਹੱਕ ਮਾਰ ਕੇ, ਲੋੜਵੰਦ ਕਾਮਿਆਂ ਦਾ ਖੂਨ ਪੀਂਦਾ, ਨੰਗੇ ਪੈਰੀਂ ਚੱਲਣ, ਚਾਲੀਸੇ ਕੱਟਣ, ਗਿਣਤੀ ਮਿਣਤੀ ਦੇ ਪਾਠ ਅਤੇ ਸੰਪਟ ਪਾਠਾਂ ਦੇ ਜਪ ਤਪ ਕਰ ਰਿਹਾ ਹੈ। ਕੀ ਐਸਾ ਅੰਧ ਵਿਸ਼ਵਾਸ਼ੀ ਤੇ ਕਰਮਕਾਂਡੀ ਸਿੱਖ, ਖ਼ਾਲਸਾ ਹੋ ਸਕਦਾ ਹੈ? ਉੱਤਰ ਕਦਾਚਿੱਤ ਨਹੀਂ। ਅੱਜ ਦਾ ਖਾਲਸਾ ਭਰਮੀ ਹੁੰਦਾ ਜਾ ਰਿਹਾ ਹੈ ਜਿਵੇਂ-ਸੰਗ੍ਰਾਂਦ ਦਾ ਦਿਨ ਹੀ ਪਵਿਤ੍ਰ ਹੈ, ਬਿੱਲੀ ਰਸਤਾ ਕੱਟ ਗਈ ਦਾ ਭਰਮ, ਦਿਸ਼ਾ ਦਾ ਭਰਮ ਕਿ ਇੱਧਰ ਨੂੰ ਮੂੰਹ ਕਰਕੇ ਹੀ ਪਾਠ ਰੱਖਣਾ ਹੈ ਓਧਰ ਨੂੰ ਨਹੀਂ। ਰੋਟੀ ਕੇਵਲ ਤੱਪੜਾਂ ਤੇ ਬੈਠ ਕੇ ਖਾਣਾ ਹੀ ਧਰਮ ਅਤੇ ਕੁਰਸੀਆਂ ਮੇਜਾਂ ਤੇ ਖਾਣ ਨਾਲ ਧਰਮ ਟੁੱਟ ਜਾਵੇਗਾ। ਗੁਰੂ ਮਹਾਂਰਾਜ ਦੀ ਸਵਾਰੀ ਅੱਗੇ ਬੂੰਦ ਬੂੰਦ ਪਾਣੀ ਛਿਟਕਣਾ ਕਿ ਧਰਤੀ ਪਵਿਤ੍ਰ ਹੋਵੇ ਜਦ ਕਿ ਜਦੋਂ ਰਸਤੇ ਕੱਚੇ ਹੁੰਦੇ ਸਨ, ਓਦੋਂ ਧੂੜ ਬੈਠਾਉਣ ਲਈ ਖੁੱਲ੍ਹਾ ਪਾਣੀ ਤ੍ਰੌਂਕਿਆ ਜਾਂਦਾ ਸੀ। ਅੱਜ ਪੱਕੇ ਘਰਾਂ, ਪੱਕੀਆਂ ਸੜਕਾਂ ਅਤੇ ਕਾਰਾਂ ਉੱਤੇ ਪਾਣੀ ਛਿੜਕਣਾ ਭਰਮ ਨਹੀਂ ਤਾਂ ਹੋਰ ਕੀ ਹੈ? ਭਰਮ ਭੇਖ ਤੇ ਰਹੇ ਨਿਆਰਾ ਭਾਵ ਭੇਖ ਨੂੰ ਹੀ ਧਰਮ ਨਾਂ ਸਮਝ ਲਵੇ। ਕ੍ਰਿਪਾਨ ਉੱਤਰ ਗਈ, ਕੰਘਾ ਡਿੱਗ ਪਿਆ, ਕਛਹਿਰਾ ਦੋਹਾਂ ਪੈਰਾਂ ਚੋਂ ਲਹਿ ਗਿਆ ਤਾਂ ਅੰਮ੍ਰਿਤ ਟੁੱਟ ਗਿਆ ਦਾ ਭਰਮ, ਮਾਸ ਖਾਣ ਜਾਂ ਨਾ ਖਾਣ ਦਾ ਭਰਮ, ਕ੍ਰਿਪਾਨ ਨਾ ਲਹੁਣਾ ਦਾ ਭਰਮ ਫਿਰ ਭਾਰਤ ਤੋਂ ਬਾਹਰ ਜਾਂ ਭਾਰਤ ਵਿੱਚ ਵੀ, ਹਵਾਈ ਸਫਰ ਤਾਂ ਕਰ ਹੀ ਨਹੀਂ ਸਕਦਾ। ਜਰਾ ਸੋਚੋ! ਪੰਜ ਕਕਾਰ ਫੌਜੀ ਖ਼ਾਲਸੇ ਦੀ ਵਰਦੀ ਹੈ, ਫੌਜੀ ਡਿਊਟੀ ਸਮੇਂ ਅਤੇ ਵਿਦਿਆਰਥੀ ਸਕੂਲ ਸਮੇ ਹੀ ਵਰਦੀ ਪਹਿੰਨਦੇ ਹਨ ਹਰ ਵੇਲੇ ਨਹੀਂ, ਇਵੇਂ ਹੀ ਖ਼ਾਲਸੇ ਦੀ ਵਰਦੀ ਹੈ ਜੇ ਕਿਤੇ ਲੋੜ ਪੈਣ ਤੇ ਲਾਹੁਣੀ ਵੀ ਪਵੇ ਤਾਂ ਭਰਮ ਨਹੀਂ ਕਰਨਾ। ਕ੍ਰਿਪਾਨ ਪਹਿਨ ਕੇ ਅਸੀਂ ਘੋਲ ਕਬੱਡੀ ਆਦਿਕ ਖੇਡਾਂ ਖੇਡ ਹੀ ਨਹੀਂ ਸਕਦੇ ਕਿਉਂਕਿ ਇਸ ਦਾ ਆਪਣੇ ਆਪ ਨੂੰ ਲੱਗਣ ਦਾ ਵੀ ਡਰ ਰਹਿੰਦਾ ਅਤੇ ਦੂਜੇ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। ਨ੍ਹਾਉਣ ਵੇਲੇ ਕਦੇ ਕ੍ਰਿਪਾਨ ਸਿਰ ਤੇ, ਕਦੇ ਲੱਕ ਨਾਲ ਬੰਨਣਾ, ਭਰਮ ਨਹੀਂ ਤਾਂ ਹੋਰ ਕੀ ਹੈ? ਕੀ ਕੋਈ ਫੌਜੀ ਜਾਂ ਸਕੂਲ ਦਾ ਵਿਦਿਆਰਥੀ ਵਰਦੀ ਸਮੇਤ ਨ੍ਹਾਉਂਦਾ ਹੈ? ਖ਼ਾਲਸਾ ਸ਼ਬਦ ਔਰਤ ਤੇ ਮਰਦ ਦੋਹਾਂ ਲਈ ਸਾਂਝਾ-ਔਰਤ ਲਈ ਕਿਤੇ ਖ਼ਾਲਸੀ ਸ਼ਬਦ ਨਹੀਂ ਵਰਤਿਆ ਗਿਆ, ਫਿਰ ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਅਤੇ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋਣ ਦੀ ਸੇਵਾ, ਖ਼ਾਲਸਾ ਔਰਤ ਨੂੰ ਕਿਉਂ ਨਹੀਂ ਦਿੱਤੀ ਜਾਂਦੀ? ਔਰਤ ਮਾਂ ਹੈ ਜਿਸ ਨੇ ਬੱਚੇ ਨੂੰ ਜਨਮ ਦਿੱਤਾ, ਉਹ ਨੀਵੀਂ ਕਿਵੇਂ ਹੋ ਗਈ? ਸੰਪ੍ਰਦਾਈ ਅਤੇ ਡੇਰੇਦਾਰ ਔਰਤ ਨੂੰ ਗਲੀਚ ਕਹਿੰਦੇ ਹਨ ਕਿ ਉਸ ਨੂੰ ਮਾਂਹਵਾਰੀ ਅਉਂਦੀ ਹੈ ਪਰ ਜਰਾ ਸੋਚੋ ਅੰਮ੍ਰਿਤ ਦੀ ਵਿਆਖਿਆ-ਆਦਮੀ ਦੇ ਮਨ ਵਿੱਚ ਵੀ ਤਾਂ ਬੁਰੇ ਵਿਚਾਰ ਆਉਂਦੇ ਹੀ ਰਹਿੰਦੇ ਹਨ, ਫਿਰ ਆਦਮੀ ਕਿਵੇਂ ਪਵਿਤ੍ਰ ਰਹਿ ਗਿਆ ਅਤੇ ਔਰਤ ਮਲੀਨ ਹੋ ਗਈ? ਜਦ ਕਿ ਮਹਾਂਵਾਰੀ ਕੁਦਰਤੀ ਕਿਰਿਆ ਹੈ। ਸੋ ਜੋ ਪ੍ਰਾਣੀ ਅਜਿਹੇ ਭਰਮਾਂ ਤੋਂ ਉਪਰ ਉੱਠ, ਪ੍ਰੇਮਾ ਭਗਤੀ ਕਰੇ ਉਹ ਖਾਲਸਾ ਹੈ ਅਤੇ ਜੋ ਪੰਜ ਕਕਾਰ ਧਾਰਨ ਕਰਕੇ, ਖੰਡੇ ਦੀ ਪਾਹੁਲ ਗੁਰਬਾਣੀ ਦੇ ਨਾਮ ਅੰਮ੍ਰਿਤ ਰਾਹੀਂ ਲਵੇ, ਉਹ ਫੌਜੀ ਖ਼ਾਲਸਾ ਹੈ। ਅੱਜ ਦਾ ਫੌਜੀ ਖ਼ਾਲਸਾ ਸ਼ਸਤਰ ਵਿਦਿਆ ਤੋਂ ਵਿਹੂਣਾ ਹੈ ਕਿਉਂਕਿ ਉਹ ਸ਼ਸ਼ਤਰਾਂ ਦੀ ਸਜੋਗ ਵਰਤੋਂ ਕਰਨ ਦੀ ਥਾਂ, ਪੂਜਾ ਕਰਨ ਲੱਗ ਪਿਆ ਹੈ। ਖ਼ਾਲਸੇ ਨੂੰ ਸਮੇਂ ਅਨੁਸਾਰ ਨਵੀਨ ਸ਼ਸ਼ਤਰਾਂ ਨੂੰ ਵੀ ਸਿੱਖਣਾ ਚਾਹੀਦਾ ਹੈ ਨਾਂ ਕਿ ਇਕੱਲੇ ਕ੍ਰਿਪਾਨ ਪਹਿਨ ਕੇ ਹੀ, ਸ਼ਸ਼ਤ੍ਰਧਾਰੀ ਹੋਣ ਦਾ ਭਰਮ ਪਾਲਣਾ ਚਾਹੀਦਾ ਹੈ। ਅੰਮ੍ਰਿਤ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਪ੍ਰਕਰਣ ਅਨੁਸਾਰ ਵੱਖ-ਵੱਖ ਅਰਥ ਹਨ ਪਰ ਮੇਨ ਅਰਥ ਪ੍ਰਮੇਸ਼ਰ ਦਾ ਨਾਮ ਹੀ ਹੈ ਜਿਵੇਂ-ਅੰਮ੍ਰਿਤ ਨਾਮੁ ਪ੍ਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ॥ (੬੧੬) ਅੰਮ੍ਰਿਤ ਬਾਣੀ ਅਮਿਉ ਰਸੁ, ਅੰਮ੍ਰਿਤੁ ਹਰਿ ਕਾ ਨਾਉ॥ (੯੬੩) ਅੰਮ੍ਰਿਤ ਹਰਿ ਕਾ ਨਾਮੁ ਹੈ ਮੇਰੀ ਜਿੰਦੜੀਏ, ਅੰਮ੍ਰਿਤ ਗੁਰਮਤਿ ਪਾਇ ਰਾਮ॥ (੫੩੮) ਅੰਮ੍ਰਿਤੁ ਨਾਮੁ ਨਿਧਾਨ ਹੈ ਮਿਲਿ ਪੀਵਹੁ ਭਾਈ॥ (੩੧੮) ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ॥ ਸਤਿਗੁਰਿ ਸੇਵਿਐ ਰਿਦੈ ਸਮਾਣੀ॥ ਨਾਨਕ ਅੰਮ੍ਰਿਤ ਨਾਮ ਸਦਾ ਸੁਖ ਦਾਤਾ, ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ॥ (੧੧੮) ਹੋਰ ਪਦਾਰਥਾਂ ਨੂੰ ਵੀ ਅੰਮ੍ਰਿਤ ਕਿਹਾ ਗਿਆ ਹੈ ਜਿਵੇਂ ਮੱਖਣ-ਰਸਨਾ ਨਾਮਿ ਜਪਹੁ ਤਬ ਮਥੀਐ ਇਨਿ ਬਿਧਿ ਅੰਮ੍ਰਿਤ ਪਾਵਹੁ॥ (੭੨੮) ਦੁੱਧ-ਸੋਇਨ ਕਟੋਰੀ ਅੰਮ੍ਰਿਤ ਭਰੀ॥ (੧੧੬੩) ਮਿਠਾਸ-ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ॥ (੬੯) ਸੁਵਾਦਿਸ਼ਟ ਭੋਜਨ-ਜਿਹ ਪ੍ਰਸਾਦਿ ਛਤਹੀ ਅੰਮ੍ਰਿਤ ਖਾਹਿ॥ (੨੬੯) ਅਮਰ-ਹਰਿ ਅੰਮ੍ਰਿਤ ਸਜਣ ਮੇਰਾ॥ (ਗੁਰੂ ਗ੍ਰੰਥ) ਪ੍ਰਮੇਸ਼ਰ ਤੇ ਪ੍ਰਮੇਸ਼ਰ ਦਾ ਨਾਮ ਅਮਰ ਹੈ ਜੋ ਇਸ ਨੂੰ ਜਪਦੇ ਤੇ ਧਾਰਦੇ ਨੇ, ਉਹ ਵੀ ਅਮਰ ਹੋ ਜਾਂਦੇ ਹਨ। ਇਹ ਪਦਵੀ ਗੱਲੀਂ ਬਾਤੀਂ ਨਹੀਂ ਪਾਈ ਜਾ ਸਕਦੀ ਜਿਵੇਂ-ਖਾਂਡ ਖਾਂਡ ਕਹੈ ਜਿਹਬਾ ਨਾ ਸਵਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨਾ ਬਿਨਾਸ ਹੈ। ਅਮਰ ਅਮਰ ਕਹੈ ਪਾਈਐ ਨਾ ਅਮਰ ਪਦ, ਜਉ ਲਉ ਜਿਹਵਾ ਕੈ ਸੁਰਸ ਅੰਮ੍ਰਿਤ ਨਾ ਚਾਖੀਐ (ਭਾ.ਗੁ) ਅੰਮ੍ਰਿਤ ਕਿੱਥੇ ਹੈ ਅਤੇ ਕਿੱਥੋਂ ਮਿਲਦਾ ਹੈ? ਅੰਮ੍ਰਿਤ ਸਾਡੇ ਅੰਦਰ ਹੈ ਜਿਸ ਨੂੰ ਸ਼ਬਦ ਗੁਰੂ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ-ਸਬਦੁ ਗੁਰ ਪੀਰਾ ਗਹਿਰ ਗੰਭੀਰਾ॥ ਬਿਨਿ ਸਬਦੈ ਜਗੁ ਬਉਰਾਨੰ॥ (੬੩੫) ਭੇਖ ਤੋਂ ਉੱਪਰ ਉੱਠ ਕੇ ਸ਼ੁਭ ਗੁਣ ਧਾਰਨੇ ਹੀ ਅੰਮ੍ਰਿਤ ਪੀਣਾ ਹੈ।

**ਅੰਮ੍ਰਿਤ ਬਾਰੇ ਗੁਰਬਾਣੀ ਉਪਦੇਸ਼**

੧. ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤ ਗੁਰ ਪਾਹੀ ਜੀਉ॥ ਛੋਡਹੁ ਵੇਸੁ ਭੇਖੁ ਚਤੁਰਾਈ, ਦੁਬਿਧਾ ਇਹੁ ਫਲੁ ਨਾਹੀ ਜੀਉ॥੧॥ ਮਨ ਰੇ! ਥਿਰ ਰਹੁ, ਮਤੁ ਕਤ ਜਾਹੀ ਜੀਉ॥ ਬਾਹਰਿ ਢੂਢਤ ਬਹੁਤ ਦੁਖ ਪਾਵਹਿ, ਘਰਿ ਅੰਮ੍ਰਿਤੁ ਘਟ ਮਾਹੀ ਜੀਉ॥ (੫੯੮) ੨. ਅੰਤਰਿ ਖੂਹਟਾ ਅੰਮ੍ਰਿਤਿ ਭਰਿਆ, ਸ਼ਬਦੇ ਕਾਢਿ ਪੀਐ ਪਨਿ-ਹਾਰੀ॥ (੫੭੦) ੩. ਜੇਤੇ ਘਟਿ ਅੰਮ੍ਰਿਤੁ ਸਭ ਹੀ ਮਹਿ, ਭਾਵਹਿ ਤਿਸਹਿ ਪੀਆਈ॥ (੧੧੨੩) ੪. ਨਾਨਕ ਅੰਮ੍ਰਿਤੁ ਮਨੈ ਮਾਹਿ, ਪਾਈਐ ਗੁਰ ਪਰਸਾਦਿ॥ (੧੨੩੮) ੫. ਅੰਦਰੁ ਅੰਮ੍ਰਿਤਿ ਭਰਪੂਰ ਹੈ ਚਾਖਿਆਂ ਸਾਦ ਜਾਪੈ॥ (੧੦੯੨)

ਸੋ ਗੁਰਬਾਣੀ ਅਨੁਸਾਰ ਪ੍ਰਮੇਸ਼ਰ ਦਾ ਨਾਮ, ਚੰਗੇ ਗੁਣ, ਚੰਗਾ ਭੋਜਨ, ਸਫਲ ਸੇਵਾ ਅਤੇ ਰੱਬ ਦੀ ਸਿਫਤੋ ਸਲਾਹ ਹੀ ਅੰਮ੍ਰਿਤ ਹੈ, ਜਿਸ ਦੀ ਪ੍ਰਾਪਤੀ ਗੁਰੂ ਗਿਆਨ ਦੁਆਰਾ ਹੁੰਦੀ ਹੈ। ਅੱਜ ਅਸੀਂ ਮਨ ਮਰਜੀ ਦੇ ਅੰਮ੍ਰਿਤ ਪੀ ਰਹੇ ਹਾਂ ਜਿਵੇਂ ਚਰਨ ਅੰਮ੍ਰਿਤ-ਧਰਮ ਅਸਥਾਨਾਂ ਦੇ ਬਾਹਰ ਪੈਰ ਦੋਣ ਵਾਲੇ ਚੁਬੱਚੇ ਚੋਂ ਪੈਰਾਂ ਦੇ ਧੋਣ (ਗੰਦੇ ਪਾਣੀ), ਕਿਸੇ ਘੜੇ ਜਾਂ ਸ਼ੀਸੀ ਬੋਤਲ ਵਿੱਚ ਪਾ ਰੱਖੇ ਅਤੇ ਸਰੋਵਰਾਂ ਦੇ ਪਾਣੀ ਨੂੰ ਹੀ ਅੰਮ੍ਰਿਤ ਸਮਝ ਪੀ ਰਹੇ ਹਾਂ। ਜੇ ਅਸੀਂ ਗੁਰੂ ਦਾ ਅੰਮ੍ਰਿਤ ਛਕਦੇ ਹਾਂ ਤਾਂ ਉਸ ਵਿੱਚ ਵੀ ਵੰਡੀਆਂ ਪਾਈ ਜਾ ਰਹੇ ਹਾਂ, ਜਿਵੇਂ-ਕਿੱਥੋਂ ਅੰਮ੍ਰਿਤ ਛੱਕਿਆ ਹੈ? ਨਿਹੰਗਾਂ, ਭਿੰਡਰਾਂਵਾਲਿਆਂ, ਰਾੜੇਵਾਲਿਆਂ, ਪਹੇਵੇ ਵਾਲਿਆਂ, ਫਲਾਨੇ ਸੰਤਾਂ, ਮਿਸ਼ਨਰੀ ਕਾਲਜਾਂ ਅਤੇ ਸ਼੍ਰੋਮਣੀ ਕਮੇਟੀ ਤੋਂ ਆਦਿਕ। ਗੁਰੂ ਤੋਂ ਛੱਕਿਆ ਕੋਈ ਵਿਰਲਾ ਹੀ ਕਹਿੰਦਾ ਹੈ? ਫਿਰ ਇਹ ਸਭ ਮਰਯਾਦਾ ਵੀ ਵੱਖਰੀ-ਵੱਖਰੀ ਦ੍ਰਿੜ ਕਰਵਾਉਂਦੇ ਨੇ, ਐਸਾ ਕਿਉਂ? ਕੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਵੱਖਰੀ-ਵੱਖਰੀ ਮਰਯਾਦਾ ਦ੍ਰਿੜ ਕਰਵਾਈ ਸੀ? ਜਰਾ ਸੋਚੋ! ਜਦੋਂ ਖ਼ਾਲਸਾ ਪੰਥ ਇੱਕ ਹੈ ਫਿਰ ਖ਼ਾਲਸੇ ਪੰਥ ਦੀ ਮਰਯਾਦਾ ਵੀ ਇੱਕ ਹੀ ਹੋਣੀ ਚਾਹੀਦੀ ਹੈ।

ਅੰਮ੍ਰਿਤ ਇੱਕ ਪ੍ਰਣ ਹੈ-ਸਿੱਖ ਗੁਰੂ ਅੱਗੇ ਪ੍ਰਣ ਕਰਦਾ ਹੈ ਕਿ ਉਹ ਕਿਰਤਮ ਦੀ ਥਾਂ ਅਕਾਲ ਦੀ ਪੂਜਾ ਅਤੇ ਧਰਮ ਦੀ ਕਿਰਤ ਕਰਦਾ ਹੋਇਆ ਵੰਡ ਛਕੇਗਾ। ਮਨੁੱਖਤਾ ਦੀ ਸੇਵਾ ਕਰਦਾ ਹੋਇਆ ਪਰਉਪਕਾਰੀ ਜੀਵਨ ਜੀਵੇਗਾ, ਜਾਤਿ-ਪਾਤਿ ਨੂੰ ਨਹੀਂ ਮੰਨੇਗਾ। ਕਿਸੇ ਦੇਹਧਾਰੀ ਸਾਧ ਸੰਤ ਦੀ ਥਾਂ ਗੁਰੂ ਗ੍ਰੰਥ ਨੂੰ ਹੀ ਸੀਸ ਨਿਵਾਏ ਅਤੇ ਬੁਰੇ ਕਰਮਾਂ ਦਾ ਤਿਆਗ ਕਰੇਗਾ। ਕੇਸਾਂ ਦੀ ਬੇਅਦਬੀ ਅਤੇ ਪਰਾਈ ਇਸਤ੍ਰੀ ਜਾਂ ਮਰਦ ਦਾ ਸੰਗ ਨਹੀਂ ਕਰੇਗਾ। ਜਗਤ ਜੂਠ ਤਮਾਕੂ ਨਹੀਂ ਪੀਵੇਗਾ, ਗੁਲਾਮੀ ਦੀ ਨਿਸ਼ਾਨੀ ਹਲਾਲ ਕੀਤਾ ਕੁੱਠਾ ਮਾਸ ਨਹੀਂ ਖਾਏਗਾ। ਸਰੀਰਕ ਸਫਾਈ ਨੂੰ ਮੁੱਖ ਰੱਖ ਨਿੱਤ ਇਸ਼ਨਾਨ ਕਰੇਗਾ ਪਰ ਬ੍ਰਾਹਮਣ ਵਾਲੀ ਸੁੱਚ ਭਿੱਟ ਨਹੀਂ ਰੱਖੇਗਾ। ਪੰਜ ਕਕਾਰੀ ਵਰਦੀ ਧਾਰਨ ਕਰਕੇ, ਗੁਰਬਾਣੀ ਦਾ ਪਾਠ ਨਿਤਾ ਪ੍ਰਤੀ ਕਰ ਵਿਚਾਰੇਗਾ। ਸ਼ਸ਼ਤ੍ਰ ਵਿਦਿਆ ਦਾ ਅਭਿਆਸ ਜਾਰੀ ਰੱਖਦਾ ਮਜ਼ਲੂਮਾਂ ਦੀ ਰੱਖਿਆ ਕਰੇਗਾ। ਏਕ ਪਿਤਾ ਏਕਸ ਕੇ ਹਮ ਬਾਰਿਕ ਦੇ ਮਹਾਂਵਾਕ ਅਨੁਸਾਰ ਸਾਰੇ ਸੰਸਾਰ ਨੂੰ ਆਪਣਾ ਪ੍ਰਵਾਰ ਸਮਝੇਗਾ। ਗੁਰਬਾਣੀ ਨੂੰ ਮੂਰਤੀਆਂ ਦੀ ਤਰ੍ਹਾਂ ਧੂਫਾਂ ਧੁਖਾ ਅਤੇ ਜੋਤਾਂ ਬਾਲ ਕੇ ਨਹੀਂ ਪੂਜੇਗਾ ਸਗੋਂ ਗੁਰੂਆਂ ਭਗਤਾਂ ਦੇ ਰੱਬੀ ਗਿਆਨ ਨੂੰ ਵਿਚਾਰ ਨਾਲ ਸਮਝ ਕੇ, ਸਮੁੱਚੇ ਸੰਸਾਰ ਵਿੱਚ ਵੰਡਦਾ ਹੋਇਆ ਆਪਣਾ ਅੰਮ੍ਰਿਤਧਾਰੀ ਜੀਵਨ ਸਫਲ ਕਰੇਗਾ।

ਗੁਰੂ ਜੀ ਨੇ ਐਸਾ ਪਰਉਪਕਾਰੀ ਖ਼ਾਲਸਾ ਪੰਥ ਸਾਜਿਆ ਸੀ ਨਾਂ ਕਿ ਵੱਖ-ਵੱਖ ਸੰਪ੍ਰਦਾਵਾਂ ਜਾਂ ਡੇਰੇ ਪੈਦਾ ਕੀਤੇ ਸਨ। ਜਰਾ ਆਪਣੇ ਮਨਾਂ ਅੰਦਰ ਡੂੰਗੀ ਝਾਤ ਮਾਰ ਕੇ ਦੇਖੋ! ਫਿਰ ਇਹ ਡੇਰੇ ਅਤੇ ਸੰਪ੍ਰਦਾਵਾਂ ਦੀਆਂ ਵੰਡੀਆਂ ਸਾਡੇ ਵਿੱਚ ਕਿਵੇਂ ਪੈ ਗਈਆਂ? ਸਿੱਖ ਧਰਮ ਵਿਗਿਆਨਕ, ਅਧੁਨਿਕ ਅਤੇ ਸਾਰੇ ਸੰਸਾਰ ਦਾ ਧਰਮ ਹੈ, ਜਿਸ ਨੂੰ ਸੰਸਾਰ ਦਾ ਕੋਈ ਵੀ ਮਾਨੁੱਖ ਧਾਰਨ ਕਰ ਸਕਦਾ ਹੈ। ਵੈਸਾਖੀ ਦੇ ਪੁਰਬ ਤੇ ਐਸੇ ਉਪਰਾਲੇ ਕਿਉਂ ਨਹੀਂ ਕੀਤੇ ਜਾਂਦੇ? ਦੇਖੋ! ਈਸਾਈਆਂ ਨੇ ਦੁਨੀਆਂ ਦੀ ਹਰੇਕ ਭਾਸ਼ਾ ਵਿੱਚ ਪਵਿਤਰ ਬਾਈਬਲ ਦਾ ਗਿਆਨ ਵੰਡ ਦਿੱਤਾ ਹੈ। ਕੈਸੀ ਭਾਵਨਾ ਹੈ ਉਨ੍ਹਾਂ ਵਿੱਚ ਪਰ ਅਸੀਂ ਪੰਜਾਬੀ ਅਤੇ ਵਿਸ਼ਵ ਭਾਸ਼ਾ ਅੰਗ੍ਰੇਜੀ ਵਿੱਚ ਵੀ ਐਸਾ ਨਹੀਂ ਕਰ ਸੱਕੇ। ਜਰਾ ਧਿਆਨ ਦਿਉ! ਗੁਰੂ ਗ੍ਰੰਥ ਸਹਿਬ ਵਿੱਚ ਐਸੀ ਭਾਵਨਾ ਪਹਿਲਾਂ ਹੀ ਦਰਸਾਈ ਅਤੇ ਅਨੇਕਾਂ ਬੋਲੀਆਂ ਗੁਰਬਾਣੀ ਵਿੱਚ ਵਰਤੀਆਂ ਗਈਆਂ ਜੋ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹਨ। ਸਾਨੂੰ ਗੁਰਬਾਣੀ ਤੋਂ ਸੇਧ ਲੈ ਕੇ ਚੱਲਣਾ ਚਾਹੀਦਾ ਹੈ ਨਾਂ ਕਿ ਕਿਸੇ ਸਾਧ-ਸੰਤ, ਸੰਪਰਦਾ-ਟਕਸਾਲ ਜਾਂ ਸੰਸਥਾ ਆਦਿਕ ਤੋਂ। ਗੁਰੂ ਜੀ ਸਦਾ ਲਈ ਸਾਨੂੰ ਗੁਰੂ ਗ੍ਰੰਥ ਦੇ ਲੜ ਲਾ ਗਏ ਤੇ ਅੱਜ ਵੀ ਸਾਨੂੰ ਲੱਗੇ ਰਹਿੰਣਾ ਚਾਹੀਦਾ ਹੈ। ਇਹ ਹੀ ਵੈਸਾਖੀ, ਅੰਮ੍ਰਿਤ, ਖਾਲਸਾ ਸਾਜਨ ਦਿਵਸ ਦਾ ਅਸਲੀ ਸੰਦੇਸ਼, ਵਿਲੱਖਣਤਾ ਅਤੇ ਮਹਾਨਤਾ ਹੈ।

Jai Bhim! Jai Bharat!!



# Begumpura Cultural & Education Aid Society Sacramento celebrating Dr. B.R. Ambedkar's 126th Birth Anniversary

**Begumpura Cultural & Education Aid Society Sacramento (California) will be celebrating Bharat Rattan Babasaheb Dr. B.R. Ambedkar's 126th Birth Anniversary on April 23, 2017, Sunday, from 5:00 p.m. to 11:00 p.m. at Holiday Inn Express 9175 W. Stockton Blvd, Elk Grove, CA 95758 Phone #: (916)478-9000.**

**Begumpura Cultural & Education Aid Society cordially invites you to join us to celebrate Dr. Ambedkar's 126th birth anniversary.**

ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਏਡ ਸੁਸਾਇਟੀ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਬੜੇ ਹੀ ਉਤਸ਼ਾਹ ਨਾਲ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 126ਵਾਂ ਜਨਮ ਦਿਹਾੜਾ 23 ਅਪ੍ਰੈਲ 2017, ਦਿਨ ਐਤਵਾਰ ਨੂੰ ਸ਼ਾਮੀ 5 ਵਜੇ ਤੋਂ 11 ਵਜੇ ਤੱਕ **Holiday Inn Express 9175 W. Stockton Blvd, Elk Grove, CA 95758** ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਬੁੱਧੀਜੀਵੀ ਬੁਲਾਰੇ ਬਾਬਾ ਸਾਹਿਬ ਦੇ ਜੀਵਨ ਅਤੇ ਮਿਸ਼ਨ ਪ੍ਰਤੀ ਆਪਣੇ ਵਿਚਾਰ ਪੇਸ਼ ਕਰਨਗੇ। ਆਪ ਸਭ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਤੇ ਪਰਿਵਾਰ ਸਮੇਤ ਪਹੁੰਚਣ ਦੀ ਕਿਰਪਾਲਤਾ ਕਰੋ ਜੀ।


**For more information**

Jaswant Sheemar (Secretary)
(916)293-6030

Mohinder Singh Dhami (Organizer)
(916)701-1170

# Begumpura Cultural & Education Aid Society

Educate! Agitate! Organize!




**Sunday April 30, 2017**
**Time: 4:00 PM - 7:00 PM**

**Venue:**

**Golden Peacock Banquets,**
**24989 Santa Clare Street**
**Hayward, CA 94544 (USA)**

**RSVP;**
Ram Saroay 510-368-3983
Amrik Chand 510-329-3215
Shashi Paul 707-372-5657
Ramesh Suman 925-366-3618
Ram Kumar 408-406-3582
Tavinder Kazla 916-300-5398

Emancipator of Millions of Untouchables from Inhuman Hindu Caste System,
Founding father of Modern India,
An Economist Extraordinaire,
Greastest reviver of Buddhism,
World's Most Inspirational Leader

ਅੰਬੇਦਕਰ ਇੰਟਰਨੈਸ਼ਨਲ ਸੈਂਟਰ, ਯੂ. ਐਸ. ਏ. ਅਤੇ ਅੰਬੇਦਕਰ ਐਜੂਕੇਸ਼ਨਲ ਏਡ ਸੁਸਾਇਟੀ (ਯੂ. ਐਸ. ਏ.) ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਦਕਰ ਦਾ 126ਵਾਂ ਜਨਮ ਦਿਨ ਐਤਵਾਰ 30 ਅਪ੍ਰੈਲ 2017 ਨੂੰ ਸ਼ਾਮੀ 4 ਵਜੇ ਤੋਂ 7 ਵਜੇ ਤੱਕ ਗੋਲਡਨ ਪੀਕੌਕ ਬੈਂਕੁਇਟਸ, 24989 ਸੈਂਟਾ ਕਲਾਰਾ ਸਟ੍ਰੀਟ, ਹੇਵਰਡ (ਕੈਲੇਫੋਰਨੀਆ) 94544 ਵਿਖੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਦਿਨ ਹੁੰਮਾ ਹੁੰਮਾ ਕੇ ਪੁੱਜੋ ਅਤੇ ਮਹਾਨ ਵਿਦਵਾਨ ਡਾਕਟਰ ਅੰਬੇਦਕਰ ਜੀ ਦੇ ਜੀਵਨ ਅਤੇ ਉਹਨਾਂ ਦੇ ਫਸਲਫੇ ਬਾਰੇ ਵਿਦਵਾਨ ਬੁਲਾਰਿਆਂ ਦੇ ਵਿਚਾਰ ਸੁਣੋ ਜੀ।



**Alma Mater**
University of Mumbai
Columbia University
University of London
London School of Economics

**Ambedkar International Center, USA, Ambedkar Educational Aid Society, USA**

www.ambedkarinternationalcentre.org

# ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ

**1930 Sikh Temple Street, Stockton CA 95206**

**(A Historical Land Mark of CA-USA) ਵਿਖੇ (1912 – 2017)**

**ਖਾਲਸਾ ਪੰਥ ਦੇ 319ਵੇਂ ਸਾਜਨਾ ਦਿਵਸ ਮੌਕੇ ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ**

# 19ਵੇਂ ਮਹਾਨ ਨਗਰ ਕੀਰਤਨ



## ਮੌਕੇ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਗੁਰਦੁਆਰਾ ਸਾਹਿਬ ਵਿਖੇ ਦਸਤਾਰ ਦਿਵਸ 15 ਅਪ੍ਰੈਲ ਨੂੰ ਮਨਾਇਆ ਜਾਵੇਗਾ

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿੱਮਰ ਬੇਨਤੀ ਹੈ ਕਿ 16 ਅਪ੍ਰੈਲ 2017 ਦਿਨ ਐਤਵਾਰ ਨੂੰ ਗ਼ਦਰੀ ਬਾਬਿਆਂ ਦੇ ਇਤਿਹਾਸਿਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖ਼ਾਲਸੇ ਦਾ 319ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਯਾਤਰਾ ਪਿੱਛੋਂ ਗੁਰੂ-ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ-ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿੱਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ ਤੇ ਫ਼ਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਉ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ

- ਸ੍ਰੀ ਅਖੰਡਪਾਠ ਸਾਹਿਬ ਦੀ ਲੜੀ ਆਰੰਭ ਹੋ ਚੁੱਕੀ ਹੈ। ਇਸ ਦੀ ਸੇਵਾ ਜਾਂ ਜਾਣਕਾਰੀ ਲਈ ਗੁਰੂਘਰ ਦੇ ਫੋਨ ਨੰ. 209-625-7500 ਜਾਂ ਭਾਈ ਅਮਰੀਕ ਸਿੰਘ 209-275-3505 'ਤੇ ਸੰਪਰਕ ਕਰ ਸਕਦੇ ਹੋ।
- ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿਚ ਗੁਰਦੁਆਰਾ ਸਾਹਿਬ ਵਿਖੇ 1 ਅਪ੍ਰੈਲ ਤੋਂ 16 ਅਪ੍ਰੈਲ 2017 ਤੱਕ ਰੋਜ਼ਾਨਾ ਸ਼ਾਮ 5:30 ਵਜੇ ਤੋਂ ਰਾਤ ਤੱਕ ਕੀਰਤਨ ਦਰਬਾਰ ਹੋਇਆ ਕਰੇਗਾ।
- ਭਾਈ ਪਿੰਦਰਪਾਲ ਸਿੰਘ ਜੀ 5 ਅਪ੍ਰੈਲ ਤੋਂ 16 ਅਪ੍ਰੈਲ (ਕਥਾਵਾਚਕ), ਭਾਈ ਸੁਲੱਖਣ ਸਿੰਘ ਜੀ ਰਿਆੜ 1 ਅਪ੍ਰੈਲ ਤੋਂ 16 ਅਪ੍ਰੈਲ 2017 (ਕਵੀਸ਼ਰੀ ਜਥਾ), ਹਜ਼ੂਰੀ ਰਾਗੀ ਭਾਈ ਹਰਪ੍ਰੀਤ ਸਿੰਘ ਜੀ ਦਰਬਾਰ ਸਾਹਿਬ ਵਾਲੇ (5 ਅਪ੍ਰੈਲ ਤੋਂ 16 ਅਪ੍ਰੈਲ ਤੱਕ ਕੀਰਤਨ ਕਰਨਗੇ) ਭਾਈ ਮਹਿਲ ਸਿੰਘ (8 ਅਪ੍ਰੈਲ ਤੋਂ 16 ਅਪ੍ਰੈਲ ਕਵੀਸ਼ਰੀ ਜਥਾ) ਹਾਜਰੀ ਭਰਦੇ ਹੋਏ ਸੰਗਤਾਂ ਨੂੰ ਨਿਹਾਲ ਕਰਨਗੇ। ਹੋਰ ਜਾਣਕਾਰੀ ਲਈ ਸੰਪਰਕ ਕਰੋ ਗੁਰਦੁਆਰਾ ਸਾਹਿਬ ਦੇ ਸੈਕਟਰੀ ਭਾਈ ਜਤਿੰਦਰ ਸਿੰਘ ਫੋਨ ਨੰ. 209-993-7954 ਜਾਂ ਅਸਿਸਟੈਂਟ ਸੈਕਟਰੀ ਭਾਈ ਅਮਰਜੀਤ ਸਿੰਘ ਤੂੰਗ 209-954-2881
- 16 ਅਪ੍ਰੈਲ ਨੂੰ ਨਗਰ ਕੀਰਤਨ ਵਾਲ਼ੇ ਦਿਨ ਸੰਗਤਾਂ ਦੀਆਂ ਗੱਡੀਆਂ ਦੀ ਪਾਰਕਿੰਗ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਉਥੋਂ ਸੰਗਤਾਂ ਦੇ ਗੁਰਦਵਾਰਾ ਸਾਹਿਬ ਪਹੁੰਚਣ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।
  Please follow the Parking Signs or this Link:-https://sanjoaquinfairgrounds.com/information/directions/
- ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 15 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਕੀਤੀ ਜਾਵੇਗੀ।

**ਹੋਰ ਜਾਣਕਾਰੀ ਲਈ : ਭਾਈ ਹਰਮੋਹਿੰਦਰ ਸਿੰਘ 408-449-9261 ਅਤੇ ਭਾਈ ਅਮਰਦੀਪ ਸਿੰਘ 209-518-1585**

**ਅੰਮ੍ਰਿਤ ਸੰਚਾਰ :** 15 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਜੀ। ਅੰਮ੍ਰਿਤ-ਅਭਿਲਾਖੀ ਸੱਜਣਾਂ ਨੂੰ ਬੇਨਤੀ ਹੈ ਕਿ ਆਪਣੇ ਨਾਮ ਭਾਈ ਮੁਖਤਿਆਰ ਸਿੰਘ ਨੂੰ ਫੋਨ ਨੰਬਰ 209-808-3474 ਤੇ ਕਾਲ ਕਰਕੇ ਲਿਖਵਾ ਸਕਦੇ ਹੋ, ਅਤੇ ਕਕਾਰਾਂ ਦੀ ਸੇਵਾ ਗੁਰੂਘਰ ਵੱਲੋਂ ਕੀਤੀ ਜਾਵੇਗੀ।

ਵਿਸਾਖੀ ਦਾ ਸਾਰਾ ਪ੍ਰੋਗਰਾਮ ਗੁਰੂਘਰ ਦੀ ਵੈਬਸਾਈਟ www.stocktongurdwarasahib.org 'ਤੇ ਸਾਰਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ।

**ਗੁਰੂ ਦੇ ਲੰਗਰਾਂ ਦੀ ਸੇਵਾ ਕਰਨ ਲਈ ਤੇ ਸਟਾਲ ਲਗਾਉਣ ਲਈ ਸੰਪਰਕ ਕਰੋ**

ਬੀਬੀ ਸਰਬਜੀਤ ਕੌਰ 209 430 9415
ਰਾਮ ਸਿੰਘ ਮੰਡੇਰ ਮੈਨੇਜਰ 209 395 6552
ਨਰਜਿੰਦਰ ਸਿੰਘ ਘੁੰਮਣ 209 636 3247

**ਨਗਰ ਕੀਰਤਨ ਵਿਚ ਫਲੋਟ ਲਗਾਉਣ ਲਈ ਸੰਪਰਕ ਕਰੋ**

ਹਰਨੇਕ ਸਿੰਘ ਅਟਵਾਲ 209-351-5965
ਬਲਵਿੰਦਰ ਸਿੰਘ 209-456-3210
ਗੁਲਵਿੰਦਰ ਸਿੰਘ ਗਾਖਲ 209-487-3699
ਕੁਲਜੀਤ ਸਿੰਘ ਨਿੱਝਰ

**The address of FREE CAR PARKING LOT IS**

1658, SOUTH AIRPORT WAY, STOCKTON, CA-95206 (TELEPHONE # 209-466-5041) (I-5 Exit Charter Way)

DIRECTION=> From I-5 South or North=> EXIT MARTIN LUTHER KING (EAST) => TURN RIGHT ON AIRPORT WAY => KEEP IN THE LEFT LANE, YOU WILL SEE PARKING LOT ON THE LEFT HAND SIDE.

**ਸਿਕਿਓਰਿਟੀ (Security) ਦੇ ਖਾਸ ਪ੍ਰਬੰਧ ਕੀਤੇ ਗਏ ਹਨ।**

## ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਖਾਲਸਾ ਪੰਥ ਦੇ ਸਥਾਪਨਾ ਦਿਹਾੜੇ, ਸਟਾਕਟਨ ਗੁਰੂ ਘਰ ਦੇ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈਆਂ


# INDIA BAZAAR




**INDIAN, PAKISTANI & FIJJIAN GROCERIES**



ਜੈਰਾਮ ਗਾਟ, ਹਰਜੀਤ ਗਾਟ (ਹੈਪੀ) ਅਤੇ ਸਮੂਹ ਗਾਟ ਪਰਿਵਾਰ

WE ARE OPEN
**7 DAYS A WEEK**
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO **HAPPY**
Cell: (415) 706-7027
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

**EVERY SATURDAY & SUNDAY SPECIAL DISCOUNT ON GROCERIES**

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ











ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'











**ਯੂਨੀਅਨ ਸਿਟੀ (ਡੀ. ਡੀ. ਬੀ)** ਨਿਆਂ, ਸੁਤੰਤਰਤਾ, ਬਰਾਬਰੀ ਅਤੇ ਭਾਈਚਾਰਕ ਸਾਂਝ ਦੇ ਮਿਸ਼ਨ ਦੇ ਮੋਢੀ, ਬੇਗਮਪੁਰਾ ਸਹਰ ਕੋ ਨਾਉ॥ ਆਪਣੇ ਪਾਵਨ ਸ਼ਬਦ ਰਾਹੀਂ ਸਮੂਹ ਖਲਕਤ ਨੂੰ ਉਪਦੇਸ਼ ਦੇਣ ਵਾਲੇ ਧੰਨ ਧੰਨ ਸਤਿਗੁਰੂ ਰਵਿਦਾਸ ਪਿਤਾ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ 9 ਅਪ੍ਰੈਲ ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਾਪਰਟੀ ਵਿਖੇ ਮਨਾਇਆ। ਇਸ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਨੇ ਦੂਰੋਂ-ਨੇੜਿਉਂ ਪਰਿਵਾਰ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਜੀ ਦੀਆਂ ਖੁਸ਼ੀਆਂ ਦਾ ਆਨੰਦ ਮਾਣਿਆ।

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 640ਵੇਂ ਗੁਰਪੁਰਬ ਨੂੰ ਸਮਰਪਿਤ ਪਹਿਲਾਂ ਸਭਾ ਦੇ ਮੀਤ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਜੀ ਦੇ ਗ੍ਰਹਿ ਵਿਖੇ ਸਹਿਜ ਪਾਠ ਰਖਾਏ ਗਏ ਅਤੇ 9 ਅਪ੍ਰੈਲ ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਾਪਰਟੀ ਵਿਖੇ ਇਕ ਵੱਖਰੇ ਪੰਡਾਲ ਅੰਦਰ ਕੀਰਤਨ ਦੀਵਾਨ ਸਜਾਏ ਗਏ, ਜਿੱਥੇ ਪਾਠ ਦੇ ਭੋਗ ਪੈਣ ਉਪਰੰਤ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਦੇ ਰਾਗੀ ਜਥੇ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਸ ਉਪਰੰਤ ਨਾਮਵਰ ਗਾਇਕ ਮੰਗਜੀਤ ਸਿੰਘ ਮੰਗਾ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਸਬੰਧਤ ਦੋ ਤਿੰਨ ਧਾਰਮਿਕ ਗੀਤਾਂ ਨਾਲ ਆਪਣੀ ਹਾਜ਼ਰੀ ਭਰਦਿਆਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗਿਆਨੀ ਗੁਰਨਾਮ ਸਿੰਘ ਭੰਡਾਲ ਨੇ ਢਾਡੀ ਵਾਰਾਂ ਦੀ ਬਜਾਏ ਇਸ ਵਾਰ ਇਕ ਵੱਖਰੇ ਅੰਦਾਜ਼ 'ਚ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਪ੍ਰਤੀ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਅੱਜ ਦੇ ਦੀਵਾਨ ਦੇ ਆਖਰੀ ਸਮੇਂ ਨਾਮਵਰ ਢਾਡੀ ਜਥਾ ਸਰਬਜੀਤ ਸਿੰਘ ਸਾਜਨ ਜੀ ਨੇ ਸਤਿਗੁਰੂ ਰਵਿਦਾਸ ਜੀ ਪ੍ਰਤੀ ਆਪਣੀ ਪੂਰਨ ਸ਼ਰਧਾ ਦਰਸਾਉਂਦਿਆਂ ਆਪਣੇ ਢਾਡੀ ਜਥੇ ਨਾਲ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਕੇ ਦਿਖਾ ਦਿੱਤਾ ਕਿ ਉਨ੍ਹਾਂ ਦੇ ਜਥੇ ਦੀ ਢਾਡੀ ਵਾਰਾਂ ਸੁਣਨ ਲਈ ਸੰਗਤਾਂ ਲੰਮਾ ਸਮਾਂ ਵੀ ਇੰਤਜ਼ਾਰ ਕਰ ਸਕਦੀਆਂ ਹਨ ਤੇ ਜੋ ਲੰਗਰ ਛਕਣ ਗਈਆਂ, ਉਹਨਾਂ 'ਚੋਂ ਵੀ ਸੰਗਤਾਂ ਮੁੜ ਪੰਡਾਲ 'ਚ ਜੁੜਨਾ ਸ਼ੁਰੂ ਕਰ ਦਿੱਤਾ।

ਰਾਗੀ, ਗਾਇਕ, ਕਥਾਵਾਚਕ ਤੇ ਢਾਡੀ ਜਥਿਆਂ ਦਰਮਿਆਨ ਸਟੇਜ ਦੀ ਸੇਵਾ ਨਿਭਾਅ ਰਹੇ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਵੱਖ-ਵੱਖ ਬੁਲਾਰਿਆਂ ਨੂੰ ਸਟੇਜ ਤੋਂ ਦੋ ਸ਼ਬਦ ਰੱਖਣ ਲਈ ਸੱਦਾ ਦਿੱਤਾ, ਜਿਹਨਾਂ ਵਿਚ ਸਰਵਸ਼੍ਰੀ ਕੇਵਲ ਸਿੰਘ ਪ੍ਰਧਾਨ, ਜ਼ਿੰਮ ਨਵਾਰੋ, ਉਘੇ ਸਮਾਜ ਸੇਵੀ, ਬਿਜਨਸਮੈਨ ਦੇ ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ, ਰਾਮ ਸਰੋਏ, ਉਘੇ ਸਮਾਜ ਸੇਵੀ, ਬਿਜਨਸਮੈਨ ਸੁਖਰਾਜ ਚੋਪੜਾ, ਬੀਬੀ ਰੌਸ਼ਨੀ ਚੋਪੜਾ, ਸਾਬਕਾ ਪ੍ਰਧਾਨ/ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੇ ਕਰਮ ਸਿੰਘ ਬੰਗੜ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੀ ਜਨਰਲ ਸਕੱਤਰ ਬੀਬੀ ਜ਼ੀਨਾ ਭਾਟੀਆ ਅਤੇ ਸਾਬਕਾ ਪ੍ਰਧਾਨ ਰਮੇਸ਼ ਸੁੰਮਨ ਅਤੇ 'ਅੰਬੇਦਕਰ ਟਾਈਮਜ਼' ਤੇ 'ਦੇਸ਼ ਦੁਆਬਾ' ਵੀਕਲੀ ਅਖਬਾਰ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਆਦਿ। ਅਖੀਰ 'ਚ ਸਭਾ ਦੇ ਚੇਅਰਮੈਨ ਸ੍ਰੀ ਹਰਮੇਸ਼ ਮਦਾਰਾ ਜੀ ਨੇ ਸਮੂਹ ਗੁਰੂ ਪਿਆਰੀ ਸੰਗਤ, ਦਾਨੀ ਪਰਿਵਾਰਾਂ ਦੇ ਨਾਲ ਨਾਲ ਜਿਹਨਾਂ ਪਰਿਵਾਰਾਂ ਨੇ ਲੰਗਰ ਦੇ ਨਾਲ ਗਰਮ-ਗਰਮ ਚਾਹ, ਕਾਫੀ, ਪਕੌੜੇ, ਛੋਲੇ-ਭਟੂਰੇ, ਜਲੇਬੀਆਂ, ਚਾਟ, ਆਈਸ ਕ੍ਰੀਮ ਆਦਿ ਦੇ ਸਟਾਲ ਲਗਾਏ ਸਭ ਦਾ ਕੋਟਿਨ-ਕੋਟਿ ਧੰਨਵਾਦ ਕੀਤਾ। ਉਹਨਾਂ ਭੈਣ-ਭਰਾਵਾਂ ਦਾ ਵੀ ਧੰਨਵਾਦ ਕੀਤਾ, ਜਿਹਨਾਂ ਨੇ ਬੜੇ ਹੀ ਵਾਜਬ ਰੇਟ ਤੇ ਹੋਰ ਰੋਜ਼ਮੱਰਾ ਦੀਆਂ ਵਸਤਾਂ, ਬੱਚਿਆਂ ਦੇ ਖਿਡੌਣੇ ਅਦਿ ਦੇ ਵੰਨ-ਸੁਵੰਨੇ ਸਟਾਲ ਲਾ ਕੇ ਸਾਨੂੰ ਧੰਨਵਾਦੀ ਬਣਾਇਆ। ਸਟੇਜ ਦੀ ਸੇਵਾ ਬਾਖੂਬੀ ਨਾਲ ਨਿਭਾਉਂਦਿਆਂ ਮੀਤ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਪ੍ਰਬੰਧਕ ਕਮੇਟੀ ਮੈਂਬਰ ਰਾਮ ਮੂਰਤੀ ਸਰੋਏ, ਹਰਬੰਸ ਮਹੇ, ਹਰਮੇਸ਼ ਮਦਾਰਾ, ਸ਼ਿਵ ਸਿੱਧੂ, ਸੰਤੋਖ ਸਿੰਘ ਸਰੋਆ, ਕਰਨੈਲ ਬੰਗੜ, ਕੇਵਲ ਸਿੰਘ, ਮਹਿੰਦਰ ਸਿੰਘ ਮਾਹੀ, ਅਜੈਬ ਸਿੰਘ ਸੁੰਡਾ, ਕੇਵਲ ਸਿੰਘ ਸਾਂਪਲੇ ਸਮੂਹ ਸੰਗਤ, ਰਾਗੀ, ਢਾਡੀ, ਗਾਇਕ ਕਲਾਕਾਰ ਤੇ ਕਥਾਵਾਚਕ ਤੇ ਸਾਰੇ ਹੀ ਬੁਲਾਰਿਆਂ ਦਾ ਕੋਟਿਨ-ਕੋਟਿ ਧੰਨਵਾਦ ਕੀਤਾ, ਜਿਹਨਾਂ ਆਪਣਾ ਕੀਮਤੀ ਸਮਾਂ ਕੱਢਦਿਆਂ ਗੁਰਪੁਰਬ ਮੌਕੇ ਹਾਜ਼ਰੀਆਂ ਭਰ ਕੇ ਅੱਜ ਦੇ ਦਿਨ ਨੂੰ ਯਾਦਗਾਰ ਬਣਾਇਆ।

ਅੱਜ ਦਾ ਦਿਨ ਵੈਸੇ ਵੀ ਯਾਦ ਰਹੇਗਾ ਕਿ ਅੱਜ ਦੇ ਦਿਨ ਭਾਵ ਗੁਰੂ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਮੌਕੇ ਪਹਿਲੀ ਵਾਰ ਗੁਰੂ ਘਰ ਦੀ ਪ੍ਰਾਪਰਟੀ ਵਿਖੇ ਨਿਸ਼ਾਨ ਸਾਹਿਬ ਵੀ ਝੁਲਾਏ ਗਏ। ਉਹਨਾਂ ਮੀਡੀਆ ਵਜੋਂ ਹਾਜ਼ਰੀ ਭਰ ਰਹੇ ਸ੍ਰੀ ਪ੍ਰੇਮ ਕੁਮਾਰ ਚੁੰਬਰ ਤੇ ਰਿੱਕੀ ਡਿਜ਼ੀਟਲ ਦਾ ਧੰਨਵਾਦ ਕੀਤਾ ਅਤੇ ਇਸੇ ਤਰ੍ਹਾਂ ਇਕੱਠ ਤੇ ਏਕਤਾ ਦਾ ਸਬੂਤ ਦਿੰਦੇ ਰਹਿਣ ਲਈ ਸਨਿਮਰ ਬੇਨਤੀ ਕਰਦਿਆਂ ਕਿਹਾ ਕਿ ਗੁਰੂ ਘਰ ਲਈ ਤਨ ਮਨ ਧਨ ਨਾਲ ਸੇਵਾ ਜ਼ਰੂਰ ਕਰਦੇ ਰਹੋ। ਅੱਜ ਦੇ ਇਸ ਸ਼ੁਭ ਦਿਹਾੜੇ ਮੌਕੇ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਸਭਾਵਾਂ, ਜ਼ਿੰਮ ਨਵਾਰੋ, 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਹਫਤਾਵਾਰੀ ਅਖਬਾਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਰਿੱਕੀ ਡਿਜ਼ੀਟਲ ਦੇ ਪਾਲ ਭਰਾਵਾਂ ਆਦਿ ਦਾ ਪਲੈਕ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੇ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ






















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'














# ਗਦਰੀ ਬਾਬਿਆਂ ਦੀ ਲਾਸਾਨੀ ਕੁਰਬਾਨੀ ਨੂੰ ਸਲਾਮ ਕਰਦਿਆਂ ਸਮਾਪਤ ਹੋਇਆ 'ਮੇਲਾ ਗਦਰੀ ਬਾਬਿਆਂ ਦਾ'

## ਬੱਚਿਆਂ ਵਲੋਂ ਪੇਸ਼ ਵੱਖ ਵੱਖ ਵੰਨਗੀਆਂ ਨਾਲ ਸਿਰਜਿਆ ਉਸਾਰੂ ਮਹੌਲ




























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'




**ਕੈਲੇਫੋਰਨੀਆ (ਕੁਲਵੀਰ ਹੇਅਰ)–** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਗਿਆ '17ਵਾਂ ਮੇਲਾ ਗਦਰੀ ਬਾਬਿਆਂ ਦਾ' ਗਦਰੀ ਬਾਬਿਆਂ ਦੀਆਂ ਸ਼ਹਾਦਤਾਂ ਅਤੇ ਕੁਰਬਾਨੀਆਂ ਨੂੰ ਸਲਾਮ ਕਰਦਾ ਹੋਇਆ ਸਮਾਪਤ ਹੋਇਆ। ਇਹ ਮੇਲਾ ਗੁਰਦੀਪ ਗਿੱਲ ਘੋਲੀਆ, ਡਾ. ਹਰਮੇਸ਼ ਕੁਮਾਰ ਅਤੇ ਜਸਵੰਤ ਸਿੰਘ ਮਾਨ ਦੀ ਪ੍ਰਧਾਨਗੀ ਹੇਠ ਸ਼ੁਰੂ ਕਰਦਿਆਂ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਹਰਜਿੰਦਰ ਢੇਸੀ ਨੇ ਸਭਨਾਂ ਨੂੰ ਜੀ ਆਇਆਂ ਨੂੰ ਆਖਿਆ। ਇਸ ਮੇਲੇ ਵਿਚ 'ਸ਼ਹੀਦਾਂ ਦੇ ਵਾਰਿਸਾਂ' ਨੇ ਹੁੰਮ ਹੁੰਮਾਂ ਕੇ ਹਾਜ਼ਰੀ ਭਰੀ ਅਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ।

ਇਸ ਮੌਕੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ 'ਤੇ ਬੁਲਾਰੇ ਪ੍ਰੋ ਨਿਰੰਜਨ ਸਿੰਘ ਢੇਸੀ ਨੇ ਕਿਹਾ ਕਿ ਦੇਸ਼ ਦੇ ਸ਼ਹੀਦਾਂ ਅਤੇ ਗਦਰੀ ਬਾਬਿਆਂ ਨੇ ਜੋ ਕੁਰਬਾਨੀਆਂ ਦੇ ਕੇ ਸਾਨੂੰ ਅਜ਼ਾਦੀ ਦੁਆਈ ਹੈ ਅੱਜ ਉਸ ਦੀ ਬਦੌਲਤ ਆਪਾਂ ਸਭ ਪ੍ਰਦੇਸਾਂ ਵਿਚ ਵੀ ਮਾਣ ਸਤਿਕਾਰ ਹਾਸਲ ਕਰ ਰਹੇ ਹਾਂ। ਉਹਨਾਂ ਗਦਰੀ ਬਾਬਿਆਂ ਦੇ ਇਤਿਹਾਸ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਪਰੰਤ ਗਾਇਕ ਰਾਜ ਬਰਾੜ ਨੇ ਗੀਤ ਪੇਸ਼ ਕਰਕੇ ਅਤੇ ਮੇਲੇ ਦੀ ਸਟੇਜੀ ਸ਼ੁਰੂਆਤ ਕੀਤੀ।ਗੁਰਦੇਵ ਸਿੰਘ ਸਾਹੋਕੇ ਅਤੇ ਨਿਰਮਲ ਸਿੰਘ ਨੂਰ ਨੇ ਕਵੀਸ਼ਰੀ ਵਾਰਾਂ ਰਾਹੀਂ ਸ਼ਾਨਾਮੱਤੇ ਇਤਿਹਾਸ ਨੂੰ ਸੁਰਾਂ ਵਿਚ ਪਰੋਇਆ।

ਗਾਇਕਾ ਜੋਤ ਰਣਜੀਤ ਵਲੋਂ ਵਾਰ ਬਾਬਾ ਬੰਦਾ ਸਿੰਘ ਬਹਾਦਰ ਅਤੇ ਹੋਰ ਗੀਤਾਂ ਨਾਲ ਹਾਜ਼ਰੀ ਲਗਵਾਈ ਗਈ। ਹਰਜੀਤ ਸਿੰਘ ਸ਼ੇਰਗਿਲ ਨੇ ਵੀ ਗੀਤ ਪੇਸ਼ ਕੀਤੇ।ਬੱਚਿਆਂ ਵਲੋਂ ਪੇਸ਼ ਵੱਖ ਵੱਖ ਵੰਨਗੀਆਂ ਖਾਸ ਖਿੱਚ ਦਾ ਕੇਂਦਰ ਬਣੀਆਂ ਅਤੇ ਗਦਰੀ ਬਾਬਿਆਂ ਨੂੰ ਗੀਤਾਂ, ਕਵਿਤਾ ਅਤੇ ਸਪੀਚਾਂ ਰਾਹੀਂ ਸ਼ਰਧਾਂਜਲੀ ਭੇਂਟ ਕਰਦਿਆਂ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾ ਕੇ ਬੱਚਿਆਂ ਅਤੇ ਦਰਸ਼ਕਾਂ ਨੇ ਹਾਲ ਗੂੰਜਣ ਲਗਾ ਦਿੱਤਾ।

ਇਥੇ ਦੱਸਣਯੋਗ ਹੈ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਸਾਲ ਕਰਵਾਏ ਜਾਂਦੇ ਵੱਖ ਵੱਖ ਸਮਾਗਮਾਂ ਵਿਚ ਬੱਚਿਆਂ ਨੂੰ ਆਪਣੇ ਵਿਰਸੇ, ਇਤਿਹਾਸ ਅਤੇ ਸਭਿਆਚਾਰ ਨਾਲ ਜੋੜਨ ਦੇ ਮਸਕਦ ਨਾਲ ਵੱਧ ਤੋ ਵੱਧ ਟਾਇਮ ਦਿੱਤਾ ਜਾਂਦਾ ਹੈ ਅਤੇ ਬੱਚੇ ਵੀ ਭਾਰੀ ਗਿਣਤੀ ਨਾਲ ਪੂਰੀ ਤਿਆਰੀ ਨਾਲ ਹਿਸਾ ਲੈਂਦੇ ਹਨ। ਪਰਮਜੀਤ ਸਿੰਘ ਵਲੋਂ ਤਿਆਰ ਜੀ ਐਚ ਜੀ ਦੀ ਭੰਗੜਾ ਟੀਮ ਨੇ ਜੋਸ਼ੀਲਾ ਭੰਗੜਾ ਪੇਸ਼ ਕੀਤਾ। ਬੱਚੀ ਮਨੂਵੀਰ ਧਾਲੀਵਾਲ ਨੇ ਕੋਰੀਓਗ੍ਰਾਫੀਆਂ ਪੇਸ਼ ਕੀਤੀ। ਸਿਮਰਨ ਹੇਅਰ ਵਲੋਂ ਤਿਆਰ ਬੱਚੀਆਂ ਦੀ ਗਿੱਧਾ ਟੀਮ 'ਧੀਆਂ ਰਾਣੀਆਂ' ਨੇ ਗਿੱਧੇ ਨਾਲ ਸਟੇਜ ਹਿੱਲਣ ਲਗਾ ਦਿੱਤੀ। ਕਰਮਨ ਪੰਜਾਬੀ ਸਕੂਲ ਦੀਆਂ ਬੱਚੀਆਂ ਵਲੋਂ ਖੂਬਸੂਰਤ ਭੰਗੜਾ ਪੇਸ਼ ਕੀਤਾ। ਸੰਸਥਾ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਸਭ ਦਾ ਮੇਲੇ 'ਤੇ ਪੁੱਜਣ 'ਤੇ ਧੰਨਵਾਦ ਕਰਦਿਆਂ ਗਦਰ ਲਹਿਰ ਬਾਰੇ ਚਾਨਣਾ ਪਾਇਆ।

ਸ. ਮਹਿੰਦਰ ਸਿੰਘ ਗਰੇਵਲ, ਡਾ ਹਰਮੇਸ਼ ਕੁਮਾਰ, ਮਲਕੀਤ ਸਿੰਘ ਕਿੰਗਰਾ ਅਤੇ ਹੋਰ ਬੁਲਾਰਿਆਂ ਵਲੋਂ ਕਰਵਾਏ ਮੇਲੇ ਦੀ ਵਧਾਈ ਦਿੰਦਿਆਂ ਕਿਹਾ ਕਿ ਆਪਣੇ ਵੱਡੇ ਵਡੇਰਿਆਂ ਨੂੰ ਅਤੇ ਆਪਣੇ ਦੇਸ਼ ਦੀ ਅਜ਼ਾਦੀ ਲਈ ਲੜਨ ਵਾਲਿਆਂ ਨੂੰ ਯਾਦ ਰੱਖਣਾ ਇਕ ਸਲਾਹੁਣਯੋਗ ਕਦਮ ਹੈ।ਗਦਰੀ ਬਾਬਿਆਂ 'ਤੇ ਹੋਰ ਦੇਸ਼ ਭਗਤਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਇਸ ਮੇਲੇ ਦਾ ਆਕਰਸ਼ਣ ਬਣੀ ਜਿਸ ਨੂੰ ਮੇਲੇ ਵਿਚ ਆਏ ਲੋਕਾਂ ਨੇ ਬਹੁਤ ਹੀ ਰੀਝ ਨਾਲ ਵੇਖਿਆ। ਪੜ੍ਹਾਈ ਵਿਚ ਵਧੀਆ ਗਰੇਡ ਪ੍ਰਾਪਤ ਕਰਨ ਵਾਲੇ 50 ਤੋਂ ਵੱਧ ਵਿਦਿਆਰਥੀਆਂ ਨੂੰ ਸੰਸਥਾ ਵਲੋਂ ਨਗਦ ਇਨਾਮ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੇਲੇ ਵਿਚ ਇਤਿਹਾਸ ਦੇ ਮਾਹਰਾਂ ਦੇ ਲੇਖਾਂ ਅਤੇ ਕਵਿਤਾਵਾਂ ਨਾਲ ਸਜਿਆ ਧਜਿਆ ਇਕ ਸੋਵੀਨਰ ਵੀ ਰਲੀਜ ਕੀਤਾ ਗਿਆ। ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਦੇ ਸਹਿਯੋਗ ਨਾਲ ਬੂਟਾ ਸਿੰਘ ਵਲੋਂ ਇੰਗਲਿਸ਼ ਤੋ ਪੰਜਾਬੀ ਵਿਚ ਅਨੁਵਾਦ ਬੁਕ 'ਗਦਰ ਲਹਿਰ' ਇਸ ਤੋਂ ਇਲਾਵਾ ਸ਼ਿੰਦਰ ਸਿੰਘ ਮੀਰਪੁਰੀ ਦੀ ਲਿਖੀ ਕਿਤਾਬ 'ਸਰਦਾਰੀ' ਲੋਕ ਅਰਪਿਤ ਕੀਤੀਆਂ ਗਈ। ਮੇਲੇ ਵਿਚ ਚਾਹ-ਪਕੌੜੇ ਦਾ ਲੰਗਰ ਸ਼ਾਮ ਤੱਕ ਲਗਾਤਾਰ ਚਲਦਾ ਰਿਹਾ।

ਇਸ ਮੇਲੇ ਵਿਚ ਫਰਿਜਨੋ ਅਤੇ ਆਸ ਪਾਸ ਦੇ ਸ਼ਹਿਰਾਂ ਦੀਆਂ ਸਾਰੀਆਂ ਸੰਸਥਾਵਾਂ ਅਤੇ ਪ੍ਰਮੁੱਖ ਸ਼ਖਸੀਅਤਾਂ ਨੇ ਹਾਜ਼ਰੀ ਭਰੀ ਅਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ।ਮੰਚ ਦਾ ਸੰਚਾਲਨ ਸਟੇਜਾਂ ਦੀ ਮਲਿਕਾ ਆਸ਼ਾ ਸ਼ਰਮਾ ਅਤੇ ਸ਼ਾਇਰ ਹਰਜਿੰਦਰ ਢੇਸੀ ਨੇ ਬਾਖੂਬੀ ਨਾਲ ਕੀਤਾ। ਅੰਤ ਵਿਚ ਫੋਰਮ ਵਲੋਂ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਸਾਰੀਆਂ ਸੰਸਥਾਵਾਂ, ਸਪਾਂਸਰਾਂ, ਮੀਡੀਆ, ਮਹਿਮਾਨਾਂ, ਲੇਖਕਾਂ, ਕਲਾਕਾਰਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ।

# ਗਦਰੀ ਬਾਬਿਆਂ ਦੀ ਲਾਸਾਨੀ ਕੁਰਬਾਨੀ ਨੂੰ ਸਲਾਮ ਕਰਦਿਆਂ ਸਮਾਪਤ ਹੋਇਆ 'ਮੇਲਾ ਗਦਰੀ ਬਾਬਿਆਂ ਦਾ'









ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'



## ਗੁਰੂ ਗੋਬਿੰਦ ਸਿੰਘ ਜੀ ਦਾ 'ਪੰਥ-ਖਾਲਸਾ'

# 'ਰਬਾਬ ਤੋਂ ਨਗਾਰੇ ਦੀ ਚੋਟ ਤੇ ਤਲਵਾਰ ਤੱਕ'



ਪ੍ਰੋ: ਐਚ. ਐਲ. ਕਪੂਰ

'ਸਰਬੱਤ ਦੇ ਭਲੇ' ਲਈ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ। ਜਿਸ ਸਮੇਂ ਉਹਨਾਂ ਨੇ ਅਵਤਾਰ ਧਾਰਿਆ, ਉਸ ਸਮੇਂ ਭਾਰਤੀ ਸਮਾਜ ਦੀ ਹਾਲਤ ਬਹੁਤ ਬੁਰੀ ਸੀ। ਇੱਥੇ ਜਾਤ-ਪਾਤ, ਊਚ-ਨੀਚ, ਛੂਆ-ਛਾਤ, ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਦਾ ਬਹੁਤ ਬੋਲਬਾਲਾ ਸੀ। ਇਸ ਦੀ ਸਮਾਜਿਕਤਾ, ਆਰਥਿਕਤਾ, ਰਾਜਨੀਤਿਕਤਾ ਤੇ ਧਾਰਮਿਕਤਾ ਮਾਨੋਂ ਲੀਰੋ-ਲੀਰ ਹੋ ਚੁੱਕੀ ਸੀ। ਹਿੰਦੋਸਤਾਨ ਤੇ ਇਸਲਾਮ ਦਾ ਰਾਜ ਸੀ ਤੇ ਬਾਬਰ ਇਸ 'ਤੇ ਹਮਲੇ ਕਰਕੇ ਸਾਰੇ ਹਿੰਦੋਸਤਾਨ ਨੂੰ ਆਪਣੇ ਕਬਜ਼ੇ ਹੇਠ ਕਰਨ ਦਾ ਯਤਨ ਕਰ ਰਿਹਾ ਸੀ। ਇਸਲਾਮੀ ਹੁਕਮਰਾਨ ਤੇ ਹਮਲਾਵਰ ਹਿੰਦੂਆਂ ਉਪਰ ਬੜੇ ਜ਼ੁਲਮ ਢਾਅ ਰਹੇ ਸਨ। ਦੋਹਾਂ ਫਿਰਕਿਆਂ ਵਿਚ ਬੜੀ ਨਫ਼ਰਤ ਤੇ ਕੁੜੱਤਣ ਚੱਲ ਰਹੀ ਸੀ। ਅਜਿਹੇ ਮੁਸ਼ਕਿਲਾਂ ਭਰੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਨੇ ਦੋਹਾਂ ਫਿਰਕਿਆਂ ਨੂੰ ਨੇੜੇ ਲਿਆਉਣ ਲਈ, ਪ੍ਰੇਮ-ਭਾਵਨਾ ਜਗਾਉਣ ਲਈ, ਸਾਫ-ਸੁਥਰਾ, ਸਾਦਾ ਤੇ ਨੇਕ ਜੀਵਨ ਜਿਊਣ ਲਈ, ਹੱਥੀਂ ਕਿਰਤ ਕਰਨ, ਵੰਡ ਛਕਣ, ਨਾਮ ਜਪਣ ਤੇ ਸਾਂਝੀਵਾਲਤਾ ਦਾ ਜੀਵਨ ਜਿਊਣ ਲਈ ਸੰਦੇਸ਼ ਦਿੱਤਾ। ਉਹ ਆਪਣੀ ਮਧੁਰ ਬਾਣੀ ਤੇ ਰੂਹਾਨੀ ਸਿੱਖਿਆ ਕਾਰਨ ਦੋਹਾਂ ਫਿਰਕਿਆਂ ਵਿਚ ਬਹੁਤ ਹੀ ਹਰਮਨ ਪਿਆਰੇ ਹੋਏ ਤੇ ਸਤਿਕਾਰੇ ਜਾਣ ਲੱਗੇ। ਇਸੇ ਕਾਰਨ ਕਰਕੇ ਇਹ ਕਿਹਾ ਜਾਂਦਾ ਸੀ:

ਨਾਨਕ ਸ਼ਾਹ ਫਕੀਰ,
ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ।

ਭਾਈ ਗੁਰਦਾਸ ਜੀ ਨੇ ਗੁਰੂ ਜੀ ਦੇ ਜਨਮ ਦੀ ਪ੍ਰਕਾਸ਼ਮਣੀ ਸੂਰਜ-ਉਦੇ ਨਾਲ ਤੁਲਨਾ ਕੀਤੀ ਹੈ:

'ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।।'

ਇਕ ਹੋਰ ਬਹੁਤ ਮਸ਼ਹੂਰ ਵਿਦਵਾਨ ਖ਼ੁਆਜਾ ਦਿਲ ਮੁਹੰਮਦ ਸਾਹਿਬ ਜੋ ਇਸਲਾਮੀਆ ਕਾਲਜ ਲਾਹੌਰ ਦੇ ਪ੍ਰਿੰਸੀਪਲ ਸਨ, ਜਿਨ੍ਹਾਂ ਨੇ 'ਜਪੁਜੀ' ਸਾਹਿਬ ਦਾ ਉਰਦੂ ਨਜ਼ਮ ਵਿਚ ਤਰਜਮਾ ਵੀ ਕੀਤਾ, ਗੁਰੂ ਸਾਹਿਬ ਬਾਰੇ ਲਿਖਦੇ ਹਨ:

ਪੰਜਾਬ ਦੇ ਜਾਗੇ ਭਾਗ,
ਮਿਲੇ ਜਬ ਨਾਨਕ ਸੇ ਆਗਾਹ ਗੁਰੂ।
ਸਬ ਸੀਸ ਨਿਵਾ ਅਰਦਾਸ ਕਰੋ,
ਔਰ ਹਰ ਦਮ ਬੋਲੋ ਵਾਹਗੁਰੂ।

ਇਸੇ ਤਰ੍ਹਾਂ ਹੀ ਉਰਦੂ ਦੇ ਮਹਾਨ ਸ਼ਾਇਰ ਡਾ: ਮੁਹੰਮਦ ਇਕਬਾਲ ਗੁਰੂ ਨਾਨਕ ਦੇਵ ਜੀ ਦੇ ਬਹੁਤ ਪ੍ਰਸੰਸਕ ਸਨ ਤੇ ਉਨ੍ਹਾਂ ਨੇ ਗੁਰੂ ਜੀ ਬਾਰੇ ਆਪਣੀ ਨਜ਼ਮ ਵਿਚ ਇਕ ਸ਼ਿਅਰ ਲਿਖਿਆ ਹੈ:

ਫਿਰ ਉੱਠੀ ਤੋਹੀਦ ਕੀ ਆਵਾਜ਼ ਪੰਜਾਬ ਸੇ,
ਹਿੰਦ ਕੋ ਜਗਾਇਆ ਇਕ ਮਰਦੇ ਕਾਮਲ ਨੇ,
ਖਵਾਬ ਸੇ।

15ਵੀਂ-16ਵੀਂ ਸਦੀ ਈਸਵੀ ਵਿਚ ਸ਼ਾਇਦ ਹੀ ਕੋਈ ਹੋਰ ਭਾਰਤੀ ਮਹਾਂਪੁਰਸ਼ ਹੋਵੇ, ਜਿਸ ਨੂੰ ਗੁਰੂ ਨਾਨਕ ਦੇਵ ਜੀ ਜਿੰਨੀ ਅਧਿਆਤਮਕ, ਧਾਰਮਿਕ, ਸਮਾਜਿਕ, ਰਾਜਨੀਤਿਕ, ਇਤਿਹਾਸਕ ਤੇ ਮਨੋਵਿਗਿਆਨਕ ਸੋਝੀ ਹੋਵੇ। ਉਹਨਾਂ ਨੇ ਮਾਨਵਤਾ ਨੂੰ ਵਧੀਆ ਜੀਵਨ-ਜਾਂਚ ਸਿਖਾਉਣ ਲਈ ਚਹੁੰ ਕੂੰਟਾਂ ਵਿਚ ਹਜ਼ਾਰਾਂ ਮੀਲਾਂ ਦਾ ਸਫ਼ਰ ਕੀਤਾ ਹੋਵੇ। ਇਹ ਸਫ਼ਰ ਹੀ ਉਨ੍ਹਾਂ ਦੀ ਯਥਾਰਥਕ ਸਿੱਖਿਆ ਦਾ ਇਕ ਮਹੱਤਵਪੂਰਨ ਮਾਧਿਅਮ ਸੀ। ਇਸ ਸਫ਼ਰ ਵਿਚ ਕਈ ਅਗਿਆਨੀ ਤੇ ਸਮਾਜ ਨੂੰ ਕੁਰਾਹੇ ਪਾਉਣ ਵਾਲੇ ਸਮਾਜ ਦੇ ਠੇਕੇਦਾਰਾਂ ਨੇ ਗੁਰੂ ਜੀ ਦੀ ਆਲੋਚਨਾ ਕਰਦਿਆਂ ਉਨ੍ਹਾਂ ਨੂੰ 'ਕੁਰਾਹੀਆ' ਤੱਕ ਵੀ ਕਿਹਾ ਪਰ ਉਹਨਾਂ ਨੇ ਐਸੇ ਲੋਕਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਆਪਣੇ ਸਮਾਜ ਸੁਧਾਰ ਦੇ ਮਿਸ਼ਨ ਨੂੰ ਸ਼ਾਂਤੀ-ਪੂਰਵਕ ਜਾਰੀ ਰੱਖਿਆ। ਕਈ ਜਗ੍ਹਾ ਉਨ੍ਹਾਂ ਨਾਲ ਦੁਰ-ਵਿਵਹਾਰ ਵੀ ਕੀਤਾ ਗਿਆ ਤੇ ਚੰਗਾ ਵਿਵਹਾਰ ਵੀ ਕੀਤਾ ਗਿਆ। ਚੰਗਾ ਵਿਵਹਾਰ ਕਰਨ ਵਾਲਿਆਂ ਨੂੰ ਉਹਨਾਂ ਨੇ 'ਉਜੜ ਜਾਓ' ਦਾ ਵਰ ਦਿੱਤਾ ਤੇ ਮਾੜਾ ਵਿਵਹਾਰ ਕਰਨ ਵਾਲਿਆਂ ਨੂੰ ਉਨ੍ਹਾਂ ਨੇ 'ਵਸਦੇ ਰਹੋ' ਦਾ ਵਰ ਦਿੱਤਾ। ਗੁਰੂ ਜੀ ਦੇ ਇਸ ਤਰ੍ਹਾਂ ਦੇ ਵਿਵਹਾਰ ਤੇ ਦਿੱਤੇ ਗਏ ਵਚਨਾਂ ਤੇ ਉਹਨਾਂ ਦੇ ਸਾਥੀ ਬਾਲਾ ਜੀ ਤੇ ਮਰਦਾਨਾ ਜੀ ਬਹੁਤ ਹੈਰਾਨ ਵੀ ਹੋਏ, ਗੁਰੂ ਜੀ ਅਕਸਰ ਇਸ ਤਰ੍ਹਾਂ ਦਾ ਕੋਈ ਭਾਣਾ ਵਰਤਣ ਤੇ ਕਿਹਾ ਕਰਦੇ ਸਨ, 'ਦੇਖ ਭਾਈ ਬਾਲਿਆ ਰੰਗ ਕਰਤਾਰ ਦੇ'। ਇਸ ਦੇ ਨਾਲ ਹੀ ਗੁਰੂ ਜੀ ਨੇ ਕਿਹਾ, 'ਵਸਦੇ ਰਹੋ, ਮੈਂ ਇਸ ਲਈ ਕਿਹਾ ਹੈ ਕਿ ਮਾੜਾ ਇਨਸਾਨ ਜਿੱਥੇ ਵੀ ਜਾਏਗਾ, ਸਮਾਜ ਨੂੰ ਬੁਰਾਈ ਹੀ ਦੇਵੇਗਾ ਤੇ ਉਜੜ ਜਾਓ, ਇਸ ਲਈ ਕਿਹਾ ਹੈ ਕਿ ਚੰਗਾ ਇਨਸਾਨ ਜਿੱਥੇ ਵੀ ਜਾਏਗਾ, ਸਮਾਜ ਵਿਚ ਚੰਗਿਆਈਆਂ ਦੀ ਸਿੱਖਿਆ ਹੀ ਦੇਵੇਗਾ।''

ਮਲਕ ਭਾਗੋ, ਕੌਡਾ ਰਾਕਸ਼, ਸੱਜਣ ਠੱਗ, ਬਲੀ ਕੰਧਾਰੀ, ਬਾਬਰ, ਕਈ ਮੁਲਾਣਿਆਂ, ਦੰਭੀ ਪੰਡਤਾਂ, ਜੋਗੀਆਂ-ਨਾਥਾਂ ਤੇ ਹੋਰ ਬਹੁਤ ਲੋਕ ਜੋ ਸਮਾਜ ਨੂੰ ਕੁਰਾਹੇ ਪਾ ਕੇ ਆਪਣਾ ਤੋਰੀ ਫੁਲਕਾ ਤੋਰਦੇ ਸਨ, ਨੂੰ ਸੱਚ ਦੇ ਮਾਰਗ ਤੇ ਚੱਲਣ ਲਈ ਉਪਦੇਸ਼ ਦਿੱਤਾ। ਉਨ੍ਹਾਂ ਦੀਆਂ ਕੁਰੀਤੀਆਂ ਦੀ ਆਪਣੀ ਕਲਮ ਨਾਲ ਆਲੋਚਨਾ ਕੀਤੀ ਤੇ ਆਪਣੀ ਰਚਿਤ ਬਾਣੀ ਦੁਆਰਾ ਵਧੀਆ ਇਨਸਾਨ ਬਣਨ ਦੀ ਪ੍ਰੇਰਨਾ ਦਿੱਤੀ। ਆਪਣੀ ਸਿੱਖਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ, ਆਪਣੇ ਸੰਗੀਤਕਾਰ ਸਾਥੀ ਮਰਦਾਨੇ ਨੂੰ ਸਦਾ ਆਖਦੇ ਮਰਦਾਨਿਆ, 'ਜਰਾ ਛੇੜ ਤਾਂ ਰਬਾਬ ਨੂੰ '। ਮਰਦਾਨਾ ਰਬਾਬ ਨੂੰ ਵਜਾਉਂਦਾ ਤੇ ਗੁਰੂ ਸਾਹਿਬ ਆਪਣੀ ਸੁਰੀਲੀ ਆਵਾਜ਼ ਨਾਲ ਗੁਰਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ। ਇੱਥੇ ਗੁਰੂ ਸਾਹਿਬ ਨਾਲ ਦੀ ਨਾਲ ਗੁਰਬਾਣੀ ਦੀ ਵਿਆਖਿਆ ਵੀ ਕਰਦੇ ਸਨ। ਮਰਦਾਨਾ ਉਸ ਸਮੇਂ ਦਾ ਇਕ ਮਹਾਨ ਰਬਾਬੀ ਸੰਗੀਤਕਾਰ ਸੀ ਜੋ ਗੁਰਬਾਣੀ ਦੇ ਰਾਹਾਂ ਤੇ ਆਪਣੀਆਂ ਸੰਗੀਤਕ ਧੁੰਨਾਂ ਵਜਾਉਂਦਾ ਸੀ। ਇਸ ਨਾਲ ਗੁਰਬਾਣੀ ਹੋਰ ਰਸਭਿੰਨੀ ਬਣ ਜਾਂਦੀ ਤੇ ਗੁਰੂ ਜੀ ਦੇ ਕੀਰਤਨ ਨੂੰ ਚਾਰ ਚੰਨ ਲੱਗ ਜਾਂਦੇ ਸਨ। ਮਰਦਾਨਾ ਗੁਰਬਾਣੀ ਦੀਆਂ ਧੁੰਨਾਂ ਤੇ ਵਜ਼ਦ ਵਿਚ ਆ ਜਾਂਦਾ ਤੇ ਸੰਗਤਾਂ ਗੁਰਬਾਣੀ ਦਾ ਗਾਇਨ ਸੁਣ ਕੇ ਝੂੰਮਣ ਲੱਗ ਪੈਂਦੀਆਂ। ਕਲਮ ਤੇ ਰਬਾਬ ਗੁਰੂ ਜੀ ਦੇ ਦੋ ਹਥਿਆਰ ਸਨ। ਕਲਮ ਨਾਲ ਗੁਰੂ ਜੀ ਬਾਣੀ ਰਚਦੇ ਸਨ, ਜਿਸ ਵਿਚ ਮਾਨਵਤਾ ਨੂੰ ਸੇਧ ਦਿੱਤੀ ਜਾਂਦੀ ਸੀ ਤੇ ਬੁਰਾਈਆਂ ਦੀ ਆਲੋਚਨਾ ਕੀਤੀ ਜਾਂਦੀ ਸੀ। ਰਬਾਬ ਦਾ ਹਥਿਆਰ ਗੁਰੂ ਜੀ ਦੀ ਰਚੀ ਹੋਈ ਬਾਣੀ ਨੂੰ ਆਨੰਦਮਈ ਬਣਾ ਦਿੰਦਾ ਸੀ। ਇਨ੍ਹਾਂ ਦੋਵਾਂ ਯਥਾਰਥਵਾਦੀ ਹਥਿਆਰਾਂ ਨਾਲ ਮਾੜੇ ਤੋਂ ਮਾੜਾ ਇਨਸਾਨ ਵੀ ਉਨ੍ਹਾਂ ਦਾ ਮੁਰੀਦ ਬਣ ਜਾਂਦਾ ਸੀ ਤੇ ਸੱਚੇ ਮਾਰਗ 'ਤੇ ਚੱਲਣ ਦਾ ਪ੍ਰਣ ਕਰ ਲੈਂਦਾ ਸੀ।

ਬਾਬਰ ਨੇ 1526 ਈਸਵੀ ਵਿਚ ਐਮਨਾਬਾਦ 'ਤੇ ਹਮਲਾ ਕੀਤਾ, ਜਿੱਥੋਂ ਸੈਂਕੜੇ ਲੋਕ ਮਾਰੇ ਗਏ। ਉਥੇ ਉਸ ਨੇ ਔਰਤਾਂ ਨੂੰ ਵੀ ਨਹੀਂ ਬਖਸ਼ਿਆ ਤੇ ਉਨ੍ਹਾਂ 'ਤੇ ਵੀ ਬਹੁਤ ਜ਼ੁਲਮ ਕੀਤਾ। ਹਮਲੇ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਐਮਨਾਬਾਦ ਗਏ ਤੇ ਲੋਕਾਂ ਤੋਂ ਬਾਬਰ ਦੇ ਹਮਲੇ ਦੀ ਜਾਣਕਾਰੀ ਲਈ। ਘਰ-ਘਰ ਵਿਚ ਬਾਬਰ ਦੇ ਵੈਣ ਪੈ ਰਹੇ ਸਨ। ਕੋਈ ਅਜਿਹਾ ਘਰ ਨਹੀਂ ਬਚਿਆ ਸੀ, ਜਿੱਥੇ ਕਿਸੇ ਪਰਿਵਾਰ ਦਾ ਕੋਈ ਬੰਦਾ ਨਾ ਮਾਰਿਆ ਹੋਵੇ। ਗੁਰੂ ਜੀ ਨੇ ਲੋਕਾਂ ਦੀ ਕੁਰਲਾਹਟ ਨੂੰ ਸੁਣਿਆ ਤੇ ਇਸ ਹਮਲੇ ਦੀ ਆਪਣੀ ਕਲਮ ਨਾਲ ਆਲੋਚਨਾ ਵੀ ਕੀਤੀ ਤੇ ਰੱਬ ਨੂੰ ਉਲਾਂਭਾ ਵੀ ਦਿੱਤਾ:



ਏਤੀ ਮਾਰ ਪਈ ਕੁਰਲਾਣੈ,
ਤੈਂ ਕੀ ਦਰਦ ਨਾ ਆਇਆ।।
ਖੁਰਾਸਾਨ ਖਸਮਾਨਾ ਕੀਆ,
ਹਿੰਦੋਸਤਾਨ ਡਰਾਇਆ।।
ਆਪੇ ਦੋਸ਼ ਨਾ ਦੇਈ ਕਰਤਾ,
ਜਮ ਕਰ ਮੁਗਲ ਚੜਾਇਆ।।

ਗੁਰੂ ਨਾਨਕ ਦੇਵ ਜੀ ਉਸ ਸਮੇਂ ਗਰੀਬ ਦਲਿਤ ਲੋਕਾਂ ਨਾਲ, ਜਿਨ੍ਹਾਂ 'ਤੇ ਜ਼ੁਲਮ ਹੋਇਆ ਸੀ ਦੇ ਨਾਲ ਖੜ੍ਹੇ ਹੋਏ। ਗੁਰੂ ਜੀ ਨੇ ਉਸ ਸਮੇਂ ਦੇ ਰਾਜਿਆਂ ਨੂੰ 'ਰਾਜੇ ਸ਼ੀਂਹ ਮੁਕੱਦਮ ਕੁੱਤੇ, ਜਾਇ ਜਗਾਇਨ ਬੈਠੇ ਸੁੱਤੇ' ਤੱਕ ਆਖ ਦਿੱਤਾ। 'ਬਾਬਰ-ਬਾਣੀ' ਮਨੁੱਖਤਾ ਤੇ ਕੀਤੇ ਗਏ ਬਾਬਰ ਦੇ ਹਮਲੇ ਦਾ ਇਕ ਪ੍ਰਤੱਖ ਪ੍ਰਮਾਣ ਹੈ। ਗੁਰੂ ਜੀ ਦੁਆਰਾ ਕੀਤੀ ਗਈ ਇਸ ਵਿਚ ਬਾਬਰ ਦੀ ਆਲੋਚਨਾ, ਗੁਰੂ ਜੀ ਦੇ ਜਨਤਕ ਰੋਹ ਦਾ ਪ੍ਰਤੀਕ ਹੈ। ਜਦ ਬਾਬਰ ਨੂੰ ਪਤਾ ਲੱਗਾ ਕਿ ਬਾਬਾ ਨਾਨਕ ਮੇਰੇ ਹਮਲੇ ਦੀ ਵਿਰੋਧਤਾ ਕਰ ਰਿਹਾ ਹੈ ਤਾਂ ਬਾਬਰ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਭੇਜ ਦਿੱਤਾ। ਇੱਥੇ ਫਿਰ ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, 'ਮਰਦਾਨਿਆ ਜਰਾ ਛੇੜ ਤਾਂ ਰਬਾਬ ਦੀ ਤਾਰ ਨੂੰ'। ਮਰਦਾਨੇ ਨੇ ਰਬਾਬ ਵਜਾਈ ਤੇ ਗੁਰੂ ਜੀ ਨੇ ਗੁਰਬਾਣੀ ਦਾ ਗਾਇਨ ਕੀਤਾ ਤੇ ਫਿਰ ਆਪਣੀ ਬਾਣੀ ਵਿਚ ਕੀਤੀ ਗਈ ਹਮਲੇ ਦੀ ਆਲੋਚਨਾ ਨੂੰ ਦੁਹਰਾਇਆ। ਇਸ ਦਾ ਬਾਬਰ ਦੇ ਮਨ 'ਤੇ ਬਹੁਤ ਅਸਰ ਹੋਇਆ। ਉਸ ਨੇ ਗੁਰੂ ਜੀ ਨੂੰ ਰਿਹਾਅ ਕਰ ਦਿੱਤਾ ਤੇ ਨਾਲ ਹੀ ਦੂਸਰੇ ਕੈਦੀਆਂ ਨੂੰ ਵੀ ਛੱਡ ਦਿੱਤਾ। ਇਹ ਗੁਰੂ ਜੀ ਦੀ ਕਲਮ ਤੇ ਰਬਾਬ ਦਾ ਹੀ ਕਮਾਲ ਸੀ, ਜਿਸ ਨੇ ਜੇਲ੍ਹ ਵਿਚ ਬੰਦ ਕੈਦੀਆਂ ਤੇ ਬਾਬਰ ਨੂੰ ਸੱਚੇ ਮਾਰਗ 'ਤੇ ਚੱਲ ਕੇ ਮਾਨਵਤਾ ਦੀ ਸੇਵਾ ਤੇ ਭਲਾਈ ਵੱਲ ਪ੍ਰੇਰਿਆ। ਇੱਥੇ ਗੁਰੂ ਨਾਨਕ ਦੇਵ ਜੀ ਵੱਲੋਂ ਬਾਬਰ ਦੇ ਜ਼ੁਲਮ ਦੇ ਖ਼ਿਲਾਫ਼ ਆਲੋਚਨਾ ਲਈ ਚਲਾਈ ਗਈ ਕਲਮ ਤੇ ਰਬਾਬ ਦੇ ਹਥਿਆਰ ਨੂੰ, ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਗਏ 'ਪੰਥ-ਖਾਲਸਾ' ਦੀ ਪਿੱਠ-ਭੂਮੀ ਵਜੋਂ ਗਵਾਹੀ ਦੇ ਤੌਰ ਤੇ ਸਾਫ ਦੇਖਿਆ ਜਾ ਸਕਦਾ ਹੈ।

ਇਸ ਤੋਂ ਬਾਅਦ ਦੂਸਰੇ, ਤੀਸਰੇ ਤੇ ਚੌਥੇ ਗੁਰੂ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਬੜੇ ਸ਼ਾਂਤੀ ਪੂਰਵਕ ਤਰੀਕੇ ਨਾਲ ਅੱਗੇ ਤੋਰਿਆ। ਗੁਰੂ ਅਰਜਨ ਦੇਵ ਜੀ ਨੇ ਵੀ 'ਗਰੀਬੀ ਗਦਾ ਹਮਾਰੀ' ਦੇ ਸਿਧਾਂਤ ਨੂੰ ਆਪਣੀ ਬਾਣੀ ਵਿਚ ਉਭਾਰਿਆ। 'ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਕੀਤੀ। ਘਰ ਵਿਚੋਂ ਹੀ ਉਨ੍ਹਾਂ ਦੇ ਗੱਦੀ ਪ੍ਰਾਪਤ ਕਰਨ ਦਾ ਵਿਰੋਧ ਹੋਇਆ। ਮੁਗਲ ਬਾਦਸ਼ਾਹ ਜਹਾਂਗੀਰ ਪਾਸ ਝੂਠੀਆਂ ਸ਼ਿਕਾਇਤਾਂ ਕੀਤੀਆਂ ਗਈਆਂ ਕਿ 'ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਵਿਚ ਇਸਲਾਮ ਧਰਮ ਦੇ ਵਿਰੁੱਧ ਟਿੱਪਣੀਆਂ ਕੀਤੀਆਂ ਗਈਆਂ ਹਨ। ਦੂਸਰੇ ਪਾਸੇ ਜਹਾਂਗੀਰ ਆਪਣੀ ਸਵੈ-ਜੀਵਨੀ 'ਤੋਜ਼ਕੇ ਜਹਾਂਗੀਰੀ' ਵਿਚ ਲਿਖਦਾ ਹੈ ਕਿ ਉਸ ਨੂੰ ਸਿੱਖ ਧਰਮ ਦੇ ਵਧਦੇ ਪ੍ਰਭਾਵ 'ਤੇ ਫੈਲਾਅ ਤੋਂ ਡਰ ਹੈ ਕਿ ਕਿਤੇ ਉਹ ਮੇਰਾ ਰਾਜ ਨਾ ਹਥਿਆ ਲੈਣ। ਇਸੇ ਨਫ਼ਰਤ ਦੇ ਕਾਰਨ ਹੀ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾ ਦਿੱਤਾ।

ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦਾ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਦਾ ਧਾਰਨ ਕਰਨਾ, ਸਿੱਖ ਸੰਗਤਾਂ ਨੂੰ ਸ਼ਾਸਤਰਾਂ ਦੀ ਸਿੱਖਿਆ ਦੇਣਾ, ਹਥਿਆਰ ਇਕੱਠੇ ਕਰਨਾ, ਗੁਰੂ ਜੀ ਦਾ ਕਈ ਜੰਗਾਂ-ਯੁੱਧਾਂ ਕਰਨਾ ਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨਾਂ ਨੂੰ ਵੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ 'ਪੰਥ ਖਾਲਸਾ' ਦੀ ਪਿੱਠ-ਭੂਮੀ ਵਜੋਂ ਦੇਖਿਆ ਜਾ ਸਕਦਾ ਹੈ। ਇਨ੍ਹਾਂ ਘਟਨਾਵਾਂ ਨੇ ਵੀ 'ਪੰਥ-ਖਾਲਸਾ' ਦੀ ਸਾਜਨਾ ਲਈ ਮਜ਼ਬੂਤ ਆਧਾਰ ਪ੍ਰਦਾਨ ਕੀਤਾ।

ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬ ਦਾ ਸਮਾਂ ਸ਼ਾਂਤ ਰਿਹਾ। ਇਸ ਤੋਂ ਬਾਅਦ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਿੰਦੂ ਧਰਮ ਦੀ ਰਾਖੀ ਕਰਨ ਬਦਲੇ, ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦ ਕਰ ਦਿੱਤਾ। ਇਸ ਸ਼ਹੀਦੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਪੰਥ-ਖਾਲਸਾ ਦੀ ਪਿੱਠ-ਭੂਮੀ ਵਿਚ ਤਤਕਾਲਿਤ ਕਾਰਨ ਵਜੋਂ ਦੇਖਿਆ ਜਾ ਸਕਦਾ ਹੈ। ਇਸ ਸ਼ਹੀਦੀ ਨੇ ਗੁਰੂ ਸਾਹਿਬ ਵੱਲੋਂ ਸਾਜੇ ਗਏ 'ਪੰਥ ਖਾਲਸਾ' ਨੂੰ ਇਕ ਮਜ਼ਬੂਤ ਆਧਾਰ ਪ੍ਰਦਾਨ ਕੀਤਾ।

ਇਸ ਤਰ੍ਹਾਂ ਉਕਤ ਕੀਤੀ ਗਈ ਵਿਆਖਿਆ ਤੇ ਚਰਚਾ ਤੋਂ ਰਬਾਬ ਤੇ ਕਲਮ ਦੇ ਹਥਿਆਰ ਦਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ। ਬਾਹਰੀ ਰਾਜਿਆਂ ਦੇ ਹਮਲਿਆਂ ਕਾਰਨ ਪੰਜਾਬ ਦੀ ਧਰਤੀ ਦੇ ਲੋਕਾਂ 'ਤੇ ਕੀਤੇ ਜ਼ੁਲਮ, ਗੁਰੂ ਨਾਨਕ ਦੇਵ ਜੀ ਨੂੰ ਜੇਲ੍ਹ ਵਿਚ ਡੱਕਣਾ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਗੁਰੂ ਹਰਗੋਬਿੰਦ ਸਾਹਿਬ ਦਾ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਧਰਮ ਤੇ ਰਾਜਨੀਤੀ ਦਾ ਸੁਮੇਲ ਕਰਨਾ, ਹਿੰਦੂ ਧਰਮ ਦੀ ਰਾਖੀ ਲਈ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨਾ ਤੇ ਮੁਗਲਾਂ ਦੀ ਨੀਤੀ ਕਿ ਤਲਵਾਰ ਦੇ ਜ਼ੋਰ ਨਾਲ ਇਸਲਾਮ ਧਰਮ ਦਾ ਫੈਲਾਅ ਕਰਨਾ ਤੇ ਦੂਸਰੇ ਧਰਮਾਂ ਨੂੰ ਤਲਵਾਰ ਦੇ ਜ਼ੋਰ ਨਾਲ ਖਤਮ ਕਰਨਾ ਤੇ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਕਤ ਘਟਨਾਵਾਂ ਤੋਂ ਪ੍ਰਭਾਵਿਤ ਹੋ ਕੇ 'ਪੰਥ-ਖਾਲਸਾ' ਦੀ ਸਥਾਪਨਾ ਕਰਨਾ ਤੇ 'ਸਿੰਘਾਂ' ਨੂੰ ਸ਼ਾਸਤਰਧਾਰੀ ਕਰਨਾ, 'ਰਬਾਬ ਤੋਂ ਤਲਵਾਰ' ਦੇ ਸਫ਼ਰ ਦੀ ਗਵਾਹੀ ਭਰਨਾ ਕਿਹਾ ਜਾ ਸਕਦਾ ਹੈ। ਇਸ ਸਾਰੇ ਸਫ਼ਰ 'ਚੋਂ 'ਪੰਥ ਖਾਲਸਾ' ਦੇ ਸ਼ਾਸਤਰਧਾਰੀ ਹੋਣ ਦਾ ਸਿਧਾਂਤਕ ਆਧਾਰ ਨਜ਼ਰ ਆਉਂਦਾ ਹੈ। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਧਰਮ ਦੇ ਪਿਛੋਕੜਲੇ ਇਤਿਹਾਸ ਵੱਲ ਝਾਤ ਮਾਰੀ ਤੇ ਇਸ ਵਿਚੋਂ ਸੇਧ ਲੈਣ ਬਾਅਦ ਅਧਿਆਤਮਕਤਾ ਦੇ ਨਾਲ-ਨਾਲ ਸਿੱਖ ਕੌਮ ਨੂੰ 'ਖ਼ਾਲਸੇ' ਦਾ ਰੂਪ ਦੇ ਕੇ ਸ਼ਾਸਤਰਕਾਰੀ ਕਰਨ ਦਾ ਫੈਸਲਾ ਲਿਆ ਤੇ ਇਸ ਲਈ ਸੰਘਰਸ਼ ਆਰੰਭ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਦੇਵੇ ਤੇ ਮਨ ਨੂੰ ਲੋਕ-ਹਿੱਤ ਕੰਮਾਂ ਵਿਚ ਲਾਵੇ।

ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਖੇ ਇਕ ਵਿਸ਼ਾਲ ਇਕੱਠ ਦੇ ਸਾਹਮਣੇ ਦੀਵਾਨ ਲਗਾ ਕੇ 'ਖਾਲਸਾ-ਪੰਥ' ਦੀ ਨੀਂਹ ਰੱਖੀ। 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਦੀ ਦਾਤ ਛਕਾਅ ਕੇ ਤੇ ਸ਼ਾਸਤਰਾਂ ਨਾਲ ਸਜਾਅ ਕੇ 'ਸਿੰਘ' ਸਾਜਿਆ ਤੇ ਉਨ੍ਹਾਂ ਤੋਂ ਫਿਰ ਗੁਰੂ ਸਾਹਿਬ ਨੇ ਆਪ ਵੀ ਅੰਮ੍ਰਿਤ ਛਕਿਆ ਤੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਅਖਵਾਇਆ।

ਗੁਰੂ ਜੀ ਨੇ ਜੋ 'ਪੰਜ-ਪਿਆਰਿਆਂ' ਦੀ ਚੋਣ ਕੀਤੀ ਉਹ ਵੱਖ-ਵੱਖ ਜਾਤਾਂ ਦੇ ਤੇ ਭਾਰਤ ਦੇ ਵੱਖ-ਵੱਖ ਕੋਨਿਆਂ ਤੋਂ ਆਉਣ ਵਾਲੇ ਅਜਿਹੇ ਮਰਜੀਵੜੇ ਸਨ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਸਨਮੁਖ ਆਪਣੇ ਆਪ ਨੂੰ ਸੀਸ ਭੇਂਟ ਕਰਨ ਲਈ ਪੇਸ਼ ਕਰ ਦਿੱਤਾ। ਉਨ੍ਹਾਂ ਵਿਚ ਖੱਤਰੀ, ਜਾਟ, ਝੀਵਰ, ਛੀਂਬਾ ਤੇ ਨਾਈ ਵਰਗ ਦੇ ਲੋਕ ਸਨ। ਖੱਤਰੀ ਵਰਗ ਨੂੰ ਛੱਡ ਕੇ ਬਾਕੀ ਸਾਰੇ ਦਲਿਤ ਵਰਗ ਦੇ ਲੋਕ ਸਨ। (ਹਵਾਲਾ 'ਗੁਰੂ ਕੀਆਂ ਸਾਖੀਆਂ' ਅਨੁਸਾਰ: ਪ੍ਰਿਥਮੈ ਦੈਆ ਰਾਮ ਸੋਬਤੀ ਖਤਰੀ ਵਾਸੀ ਲਹੌਰ ਖਲਾ ਹੂਆ।। ਪਾਛੈ ਮੁਹਕਮ ਚੰਦ ਛੀਪਾ ਵਾਸੀ ਦਵਾਰਕਾ, ਸਾਹਿਬ ਚੰਦ ਨਾਈ, ਵਾਸੀ ਬਿਦਰ (ਜਫਰਾਬਾਦ), ਧਰਮ ਚੰਦ ਜਵੰਦਾ ਜਾਟ ਵਾਸੀ ਹਸਤਨਾਪੁਰ (ਦਿੱਲੀ), ਹਿੰਮਤ ਚੰਦ ਝੀਵਰ ਵਾਸੀ ਜਗਨਨਾਥ ਵਾਰੋ-ਵਾਰੀ ਖਲੇ ਹੂਏ)

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਉਦੇਸ਼ ਸੱਚੇ ਧਰਮ ਦੀ ਸਥਾਪਨਾ, ਗਰੀਬਾਂ, ਮਜ਼ਲੂਮਾਂ ਤੇ ਨਿਤਾਣਿਆਂ ਦੀ ਰੱਖਿਆ ਕਰਨਾ ਤੇ ਹਰ ਤਰ੍ਹਾਂ ਦੇ ਜ਼ਬਰ-ਜ਼ੁਲਮ ਦਾ ਟਾਕਰਾ ਕਰਨਾ ਸੀ। ਉਹਨਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਤੇ ਗਿਰਾਵਟ ਦਾ ਕਾਰਨ ਮਨੁੱਖ ਦੀ ਗੁਲਾਮ ਮਾਨਸਿਕਤਾ ਹੈ। ਉਹਨਾਂ ਦਾ ਧਰਮ-ਯੁੱਧ ਕਰਨ ਦਾ ਕਾਰਨ ਲੋਕਾਂ ਤੇ ਹੋ ਰਹੇ ਜ਼ੁਲਮ ਤੇ ਜ਼ਬਰ ਨੂੰ ਰੋਕਣਾ ਸੀ। ਉਹ ਆਪਣੇ ਜੀਵਨ ਦੇ ਮੰਤਵ ਨੂੰ ਬੜੀ ਸਪਸ਼ਟਤਾ ਨਾਲ 'ਬਚਿਤ੍ਰ ਨਾਟਕ' ਵਿਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਹਮ ਇਹ ਕਾਜ ਜਗਤ ਮੋ ਆਏ।। ਧਰਮ ਹੇਤ ਗੁਰਦੇਵਿ ਪਠਾਏ।।
ਜਹਾ ਤਹਾ ਤੁਮ ਧਰਮ ਬਿਥਾਰੋ।। ਦੁਸ਼ਟ ਦੋਖਯਨਿ ਪਕਰਿ ਪਛਾਰੋ।।
ਧਰਮ ਚਲਾਵਨ ਸੰਤ ਉਬਾਰਨ।। ਦੁਸ਼ਟ ਸਭਨ ਕੋ ਮੂਲ ਉਪਾਰਨਿ।।

ਗੁਰੂ ਜੀ ਨੇ ਅਖੌਤੀ ਗੁਰੂਆਂ ਦੇ ਪਾਖੰਡਾਂ ਦੇ ਪਾਜ ਨੂੰ ਖੂਬ ਉਘਾੜਿਆ। ਉਨ੍ਹਾਂ ਦੇ ਪਾਖੰਡਾਂ ਤੇ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਤੇ ਲੋਕਾਈ ਨੂੰ ਸੱਚੇ-ਸੁੱਚੇ ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਮੂਰਤੀ ਪੂਜਾ, ਬੁੱਤ-ਪ੍ਰਸਤੀ, ਤੀਰਥਾਂ ਤੇ ਯਾਤਰਾ ਕਰਨੀ ਤੇ ਸਮਾਧੀਆਂ ਲਾਉਣਾ ਆਦਿ ਦੀ ਨਿਖੇਧੀ ਕੀਤੀ ਤੇ ਜਨ-ਜੀਵਨ ਨੂੰ ਉਪਦੇਸ਼ ਦਿੱਤਾ ਕਿ ਇਨ੍ਹਾਂ ਕਰਮ-ਕਾਂਡਾਂ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਹੋਰ ਵੀ ਅਖੌਤੀ ਧਾਰਮਿਕ ਵਿਸ਼ਵਾਸ਼ਾਂ ਦਾ ਰੱਜ ਕੇ ਖੰਡਨ ਕੀਤਾ। ਲੋਕਾਂ ਨੂੰ ਇਕ ਅਕਾਲ-ਪੁਰਖ ਦੇ ਸੱਚੇ ਮਾਰਗ ਦੇ ਧਾਰਨੀ ਬਣਨ ਦਾ ਉਪਦੇਸ਼ ਦਿੱਤਾ:

ਕਹਾਂ ਭਯੋ ਜੰ ਦੋਊ ਲੋਚਨ ਮੂੰਦ ਕੈ।
ਬੈਠ ਰਹਿਓ ਬਕ ਧਯਾਨ ਲਗਾਇਓ।।
ਨਾਤ ਫਿਰਿਓ ਲੀਏ ਸਾਤ ਸਮੁੰਦ੍ਰਨ।
ਲੋਕ ਗਇਓ ਪਰਲੋਕ ਗਵਾਇਓ।।
ਬਾਸ ਕੀਓ ਬਿਖਿਆਨ ਸੋ ਬੈਠ ਕੇ।
ਐਸੇ ਹੀ ਐਸ ਸੁ ਬੈਸ ਬਿਤਾਇਓ।।
ਸਾਚ ਕਹੋ ਸੁਨ ਲੇਹ ਸਭੈ।
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।

ਸਭ ਤੋਂ ਵੱਡੀ ਕ੍ਰਾਂਤੀਕਾਰੀ ਗੱਲ ਗੁਰੂ ਜੀ ਨੇ ਇਹ ਕੀਤੀ, ਉਹਨਾਂ ਨੇ ਦੱਬੇ-ਕੁਚਲੇ, ਲਿਤਾੜੇ ਹੋਏ, ਗਰੀਬ ਤੇ ਕਿਰਤੀ ਲੋਕਾਂ ਨੂੰ ਆਪਣੇ ਗਲੇ ਲਗਾਇਆ। ਸਦੀਆਂ ਤੋਂ ਗੁਲਾਮੀ ਵਿਚ ਜਕੜੇ ਲੋਕਾਂ ਨੂੰ ਜਾਗਰਿਤ ਕਰਕੇ ਅਣਖ ਦੀ ਜ਼ਿੰਦਗੀ ਜਿਊਣ ਦੀ ਜਾਂਚ ਦੱਸੀ। ਇਹੀ ਲੋਕ ਗੁਰੂ ਕਿਰਪਾ ਨਾਲ 'ਖਾਲਸਾ' ਸਜ ਕੇ ਗੁਰੂ ਨਜ਼ਰਾਂ ਵਿਚ ਪ੍ਰਵਾਨ ਚੜ੍ਹੇ। ਗੁਰੂ ਜੀ ਇਸ ਤੇ ਤਸੱਲੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ:

ਇਨਹੀ ਕੀ ਕਿਰਪਾ ਕੇ ਸਜੇ ਹਮ ਹੈਂ।
ਨਹੀਂ ਮੋ ਸੇ ਗਰੀਬ ਕਰੋਰ ਪਰੈ।

ਦਸਮ ਪਿਤਾ ਜੀ ਦੀ ਇਹ ਇਕ ਬਹੁਤ ਉੱਚੀ ਸੋਚ ਦਾ ਨਤੀਜਾ ਹੈ ਕਿ ਉਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਦਿੱਤਾ। ਦੁਨੀਆ ਦੇ ਕਿਸੇ ਵੀ ਇਤਿਹਾਸ ਵਿਚ ਅਜਿਹੀ ਮਿਸਾਲ ਨਹੀਂ ਮਿਲਦੀ। 'ਖ਼ਾਲਸੇ' ਨੂੰ ਆਪਣਾ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਸਗੋਂ ਆਪਣਾ 'ਗੁਰੂ' ਵੀ ਸਵੀਕਾਰ ਕੀਤਾ ਤੇ ਖਾਲਸਾ ਪ੍ਰਗਟ ਕਰਕੇ ਗੁਰੂ ਦੀਖਿਆ ਦਾ ਅਧਿਕਾਰ ਵੀ 'ਗੁਰੂ-ਪੰਥ' ਨੂੰ ਸੌਂਪ ਦਿੱਤਾ। ਇਸ ਬਾਰੇ ਉਹ ਇਸ ਤਰ੍ਹਾਂ ਫ਼ਰਮਾਉਂਦੇ ਹਨ:

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸਾ ਮੈਂ ਹਉ ਕਰਉ ਨਿਵਾਸ।
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸੱਜਣ ਸੂਰਾ।

ਦੁਨੀਆ ਦੇ ਹੋਰ ਧਾਰਮਿਕ ਗੁਰੂਆਂ ਤੇ ਰਹਿਬਰਾਂ ਵਾਂਗ ਉਹਨਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਾਇਆ ਅਤੇ ਨਾ ਹੀ ਆਪਣੇ ਨਾਮ ਦਾ ਕੋਈ ਧਰਮ ਚਲਾਇਆ। ਆਪਣੇ ਆਪ ਨੂੰ ਉਸ ਅਕਾਲ ਪੁਰਖ ਦਾ ਦਾਸ ਤੇ ਸੇਵਕ ਦੱਸਿਆ। 'ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਦਾ ਦਰਜਾ ਦੇ ਕੇ ਇਸ ਵਿਚੋਂ ਇਕ ਵਧੀਆ ਜੀਵਨ-ਜਾਂਚ ਲੈਣ ਦੀ ਪ੍ਰੇਰਨਾ ਦਿੱਤੀ ਤੇ ਮਨੁੱਖ ਨੂੰ ਪੂਰਨ ਮਨੁੱਖ ਬਣਨ ਵਿਚ ਆਪਣੀ ਖੁਸ਼ੀ ਪ੍ਰਗਟ ਕੀਤੀ ਤੇ ਨਾਲ ਹੀ ਹਦਾਇਤ ਕੀਤੀ ਕਿ ਮੈਨੂੰ ਪ੍ਰਮਾਤਮਾ ਨਹੀਂ ਸਮਝਣਾ। 'ਬਚਿੱਤਰ ਨਾਟਕ' ਵਿਚ ਇਸ ਤਰ੍ਹਾਂ ਵਰਣਨ ਕਰਦੇ ਹਨ:

ਜੋ ਹਮ ਕੋ ਪ੍ਰਮੇਸਰ ਉਚਿਰ ਹੈ।।
ਤੇ ਸਭ ਨਰਕ ਕੁੰਡ ਮਹਿ ਪਰਿ ਹੈ।।
ਮੋ ਕੋ ਦਾਸ ਤਵਨ ਕਾ ਜਾਨੋ।।
ਯਾ ਮੈ ਭੇਦੁ ਨਾ ਰੰਗ ਪਛਾਣੋ।।

ਪ੍ਰਸਿੱਧ ਇਤਿਹਾਸਕਾਰ ਮੈਕਾਲਿਫ ਅਨੁਸਾਰ: ''ਗੁਰੂ ਗੋਬਿੰਦ ਸਿੰਘ ਜੀ ਵਿਚ ਇਕ ਇਲਾਹੀ ਤਾਕਤ ਸੀ। ਉਹਨਾਂ ਦੇ ਉਪਦੇਸ਼ਾਂ ਦਾ ਆਮ ਲੋਕਾਂ ਤੇ ਜਾਦੂਈ ਅਸਰ ਹੋਇਆ ਤੇ ਨਿਮਾਣੇ-ਨਿਤਾਣੇ ਤੇ ਸਾਹ-ਸੱਤ ਹੀਣ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ।'' ਉਹਨਾਂ ਦੇ ਉਦੇਸ਼ ਜਾਂ ਨਿਸ਼ਾਨਾ ਕੋਈ ਆਪਣੀ ਨਿੱਜੀ ਗਰਜ਼ ਜਾਂ ਵੈਰ ਦੀ ਭਾਵਨਾ ਨਹੀਂ, ਬਲਕਿ ਅਕਾਲ ਪੁਰਖ ਦੀ ਪਾਲਣਾ ਹੈ। ਪ੍ਰਭੂ ਵੱਲੋਂ ਸੌਂਪੀ ਜ਼ਿੰਮੇਵਾਰੀ ਬਾਰੇ ਉਹ 'ਬਚਿੱਤ੍ਰ ਨਾਟਕ' ਵਿਚ ਆਪਣੇ ਵਿਚਾਰ ਇੰਝ ਪ੍ਰਗਟ

(ਬਾਕੀ ਅਗਲੇ ਸਫੇ ਤੇ)

# ਸੰਭਲੋ ਨਹੀਂ ਤਾਂ ਮਿਟ ਜਾਓਗੇ



ਇੱਕ ਜਨਵਰੀ 1919 ਨੂੰ ਭੀਮਾ ਕੋਰੇਗਾਂਵ ਦੇ ਮਹਾਰ ਕ੍ਰਾਂਤੀਕਾਰੀ ਸੂਰਬੀਰ ਯੋਧਿਆਂ ਨੇ ਬ੍ਰਾਹਮਣ ਪੇਸ਼ਵਾਵਾਂ ਨੂੰ ਲੜਾਈ ਦੇ ਮੈਦਾਨ ਵਿਚ ਬੁਰੀ ਤਰ੍ਹਾਂ ਹਰਾਇਆ ਸੀ। ਇਸ ਇਤਿਹਾਸਕ ਦਿਨ ਨੂੰ ਯਾਦ ਕਰਦਿਆਂ ਡਾ. ਭੀਮ ਰਾਓ ਅੰਬੇਡਕਰ ਹਰ ਸਾਲ ਪਹਿਲੀ ਜਨਵਰੀ ਨੂੰ ਭੀਮਾ ਕੋਰੇਗਾਂਵ ਜਾ ਕੇ ਸ਼ਹੀਦ ਹੋਏ ਮਹਾਰ ਯੋਧਿਆਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਸਨ। ਇਸੇ ਬਹਾਦਰ ਮਹਾਰ ਜਾਤੀ ਵਿਚ ਭੀਮ ਰਾਓ ਜੀ ਦਾ ਜਨਮ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੇ ਜ਼ਿਲ੍ਹਾ ਇੰਦੌਰ ਛਾਉਣੀ ਵਿਖੇ ਹੋਇਆ ਸੀ। ਇਸ ਛਾਉਣੀ ਮਹੂ ਦਾ ਨਾਮ ਡਾ. ਅੰਬੇਡਕਰ ਛਾਉਣੀ ਮਹੂ ਰੱਖ ਦਿੱਤਾ ਗਿਆ ਹੈ ਅਤੇ ਮਹੂ ਰੇਲਵੇ ਸਟੇਸ਼ਨ ਦਾ ਨਾਮ ਹੁਣ ਅੰਬੇਡਕਰ ਨਗਰ ਰੱਖ ਦਿੱਤਾ ਗਿਆ ਹੈ।



**ਸੋਹਣ ਲਾਲ ਸਾਂਪਲਾ**
0049-1521-8371169

ਉਸ ਸਮੇਂ ਜਾਤ ਪਾਤ ਦਾ ਬਹੁਤ ਬੋਲਬਾਲਾ ਸੀ। ਦਲਿਤ ਜਾਤੀਆਂ ਲਈ ਵਿਦਿਆ ਹਾਸਲ ਕਰਨ ਦੇ ਸਾਰੇ ਦਰਵਾਜ਼ੇ ਬੰਦ ਸਨ। ਇਹਨਾਂ ਦੇ ਪਿਤਾ ਸੂਬੇਦਾਰ ਰਾਮ ਜੀ ਰਾਓ ਮਿਲਟਰੀ ਵਿਚ ਹੋਣ ਕਰਕੇ ਪਹਿਲਾਂ ਆਪ ਪੜ੍ਹੇ ਅਤੇ ਫਿਰ ਭੀਮ ਰਾਓ ਨੂੰ ਪੜ੍ਹਾਉਂਦੇ ਅਤੇ ਬੜੀ ਮੁਸ਼ਕਿਲ ਨਾਲ ਭੀਮ ਨੂੰ ਸਕੂਲ ਪੜ੍ਹਨੇ ਪਾਇਆ। ਬਚਪਨ ਤੋਂ ਲੈ ਕੇ ਬੀ. ਏ. ਪਾਸ ਕਰਨ ਤੱਕ ਇਹਨਾਂ ਨੂੰ ਉਚ ਜਾਤੀਆਂ ਦੇ ਅਨੇਕ ਤਸੀਹੇ ਝੱਲਣੇ ਪਏ। ਫਿਰ ਵੀ ਘਬਰਾਏ ਨਹੀਂ। ਇਹਨਾਂ ਨੇ ਉਚ ਵਿਦਿਆ ਭਾਰਤ, ਲੰਡਨ, ਜਰਮਨ ਅਤੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚੋਂ ਹਾਸਲ ਕੀਤੀ ਅਤੇ ਵਿਸ਼ਵ ਰਤਨ ਡਾ. ਬੀ. ਆਰ. ਅੰਬੇਡਕਰ ਕਹਾਏ ਅਤੇ ਦਲਿਤ, ਗਰੀਬ, ਮਜ਼ਦੂਰਾਂ ਦੇ ਬਾਬਾ ਸਾਹਿਬ। ਇਹਨਾਂ ਨੇ ਭਾਰਤ ਦੀ ਏਕਤਾ ਲਈ ਅਤੇ ਦਲਿਤ ਵਰਗ ਨੂੰ ਉਚਾ ਚੁੱਕਣ ਲਈ ਜਾਤ ਪਾਤ, ਛੂਆ-ਛਾਤ ਦੇ ਰੋਗ ਨੂੰ ਖਤਮ ਕਰਨ ਦਾ ਉਪਰਾਲਾ ਕੀਤਾ। ਸਾਡੇ ਦੇਸ਼ ਵਿਚ ਛੂਤ-ਛਾਤ ਤੋਂ ਘ੍ਰਿਣਾਤਮਕ ਹੋਰ ਕੋਈ ਗੱਲ ਨਹੀਂ ਹੈ ਕਿਉਂ ਜੋ ਛੂਤ-ਛਾਤ ਇੱਕ ਕੈਂਸਰ ਦੀ ਬਿਮਾਰੀ ਹੈ ਜੋ ਹਿੰਦੂ ਧਰਮ ਦੀ ਸ਼ਕਤੀ ਨੂੰ ਖਾਈ ਜਾ ਰਹੀ ਹੈ, ਇਹ ਸ਼ਬਦ ਪੰਡਤ ਜਵਾਹਰ ਲਾਲ ਨਹਿਰੂ ਜੀ ਨੇ ਆਪਣੀ ਕਿਤਾਬ ਵਿਚ ਵੀ ਜ਼ਿਕਰ ਕੀਤਾ ਹੈ ਅਤੇ ਆਜ਼ਾਦੀ ਤੋਂ ਬਾਅਦ ਵੀ ਕਾਇਮ ਹੈ। ਪਿੰਡਾਂ ਵਿਚ (ਸਾਊਥ ਵਿਚ) ਦਲਿਤਾਂ ਨੇ ਜੇਕਰ ਉੱਚ ਜਾਤੀਆਂ ਦੇ ਘਰਾਂ ਦੇ ਅੱਗੋਂ ਦੀ ਲੰਘਦਾ ਹੋਵੇ ਤਾਂ ਜੁੱਤੀਆਂ ਸਿਰ ਉਪਰ ਰੱਖ ਕੇ ਲੰਘਦਾ ਪੈਂਦਾ ਹੈ। ਰਾਜਸਥਾਨ ਵਿਚ ਦੂਲੇ ਸਾਹਿਬ ਘੋੜੇ ਉਪਰ ਚੜ੍ਹ ਕੇ ਵਿਆਹੁਣ ਨਹੀਂ ਜਾ ਸਕਦੇ। ਮੰਦਰ ਵਿਚ ਪ੍ਰਸ਼ਾਦ ਲੈਣ ਗਏ 7-8 ਸਾਲ ਦੇ ਦੋ ਬੱਚਿਆਂ ਨੂੰ ਦਰਖਤ ਨਾਲ ਬੰਨ੍ਹ ਕੇ ਮਾਰਿਆ ਗਿਆ ਤੇ ਬਾਅਦ ਵਿਚ ਗੰਜੇ ਕਰ ਦਿੱਤਾ। ਪਾਣੀ ਦੀ ਥਾਂ ਸਜ਼ਾ ਦੇ ਤੌਰ ਤੇ ਪਿਸ਼ਾਬ ਪਿਲਾਇਆ ਜਾਂਦਾ ਹੈ, ਔਰਤਾਂ ਨੂੰ ਅਲਫ ਨੰਗਾ ਕਰਕੇ ਘੁੰਮਾਇਆ ਜਾਂਦਾ ਹੈ। ਖੂਹਾਂ ਵਿਚੋਂ ਪਾਣੀ ਨਹੀਂ ਪੀਣ ਦਿੱਤਾ ਜਾਂਦਾ।

ਡਾ. ਅੰਬੇਡਕਰ ਜੀ ਨੇ ਇੱਕ ਅਛੂਤ ਜਾਤੀ ਬਹਾਦਰ ਮਹਾਰ ਵਿਚ ਜਨਮ ਲੈ ਕੇ ਆਪਣੀ ਲਗਨ, ਮਿਹਨਤ ਅਤੇ ਦ੍ਰਿੜ੍ਹਤਾ ਨਾਲ ਮਹਾਰਾਜਾ ਬੜੌਦਾ ਜੀ ਦੀ ਮਦਦ ਨਾਲ ਭਾਰਤ ਦੇ ਮਹਾਨ ਤੋਂ ਵੀ ਮਹਾਨ ਭਾਰਤ ਰਤਨ ਅੰਬੇਡਕਰ ਜੀ ਦੂਰ-ਅੰਦੇਸ਼ ਨੇਤਾ ਬਣੇ। ਇਹ ਸਭ ਭਾਰਤ ਵਾਸੀਆਂ ਦੇ ਲਈ ਮਾਣ ਦੀ ਗੱਲ ਹੈ। ਖਾਸ ਕਰਕੇ ਔਰਤਾਂ ਲਈ ਕਿਉਂਕਿ ਹਿੰਦੂ ਧਰਮ ਮੁਤਾਬਕ ਔਰਤ ਪਾਪ ਯੋਨੀ ਅਤੇ ਪੈਰ ਦੀ ਜੁੱਤੀ ਕਿਹਾ ਜਾਂਦਾ ਸੀ ਤਾਂ ਡਾ. ਅੰਬੇਡਕਰ ਜੀ ਨੇ ਸਿਰ ਦਾ ਤਾਜ ਬਣਾ ਦਿੱਤੀ। ਇਹਨਾਂ ਦੀ ਬਦੌਲਤ ਹੀ ਔਰਤ ਭਾਰਤ ਦੀ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੀ ਕੁਰਸੀ ਉਪਰ ਬਿਰਾਜਮਾਨ ਹੋ ਸਕੀ। ਦਲਿਤ ਸਮਾਜ ਅਤੇ ਔਰਤਾਂ ਨੂੰ ਵੋਟ ਦਾ ਅਧਿਕਾਰ ਨਹੀਂ ਸੀ, ਬਰਾਬਰਤਾ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੋਇਆ। ਵੋਟ ਉਸ ਮਰਦ ਔਰਤ ਦੀ ਬਣਦੀ ਸੀ, ਜਿਸ ਪਾਸ ਦਸ ਖੇਤ ਤੋਂ ਉਪਰ ਜ਼ਮੀਨ ਹੋਵੇ ਜਾਂ ਦਸ ਹਜ਼ਾਰ ਰੂੰਹ ਦੀ ਜਾਇਦਾਦ ਹੋਵੇ। ਦਸਵੀਂ ਪਾਸ ਹੋਵੇ, ਟੈਕਸ ਦਿੰਦਾ ਹੋਵੇ। ਪਰ ਸਾਡੇ ਪਾਸ ਤਾਂ ਇਹਨਾਂ ਚੀਜ਼ਾਂ ਵਿਚੋਂ ਇੱਕ ਵੀ ਨਹੀਂ ਸੀ ਹੁੰਦੇ। ਜ਼ਮੀਨ ਵੀ ਖਰੀਦਦੇ ਤਾਂ ਉਚੀ ਜਾਤ ਵਾਲੇ ਦੇ ਨਾਮ ਲਿਖਵਾਉਣੀ ਪੈਂਦੀ ਸੀ, ਫਿਰ ਉਹ ਜਿਵੇਂ ਮਰਜ਼ੀ ਪਰਿਵਾਰ ਨਾਲ ਕਰੇ। ਭਾਰਤ ਦਾ ਦਲਿਤ, ਸ਼ੋਸ਼ਿਤ, ਮਜ਼ਦੂਰ ਅਤੇ ਔਰਤ ਇਸ ਅਧਿਕਾਰ ਤੋਂ ਵੰਚਿਤ ਹੀ ਰਿਹਾ।

ਵਿਦੇਸ਼ਾਂ ਵਿਚ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਕਰਨ ਲਈ ਬਹੁਤ ਕੁਰਬਾਨੀਆਂ ਕਰਨੀਆਂ ਪਈਆਂ। ਜਦੋਂ ਔਰਤਾਂ ਸ਼ਾਂਤਮਈ ਢੰਗ ਨਾਲ ਜਲਸੇ, ਜਲੂਸ ਅਤੇ ਧਰਨੇ ਜਾਂ ਹੜਤਾਲਾਂ ਕਰਦੀਆਂ ਤਾਂ ਸਰਕਾਰੀ ਘੋੜ ਸਵਾਰ ਉਹਨਾਂ ਨੂੰ ਦਰੜਦੇ ਜਾਂਦੇ ਜਿਹਨਾਂ ਨਾਲ ਬਹੁਤ ਸਾਰੀਆਂ ਔਰਤਾਂ ਸ਼ਹੀਦੀਆਂ ਦੇ ਜਾਮ ਪੀ ਜਾਂਦੀਆਂ ਅਤੇ ਬਹੁਤ ਸਾਰੀਆਂ ਲਹੂ-ਲੁਹਾਣ ਹੋ ਜਾਂਦੀਆਂ ਅਤੇ ਬਹੁਤ ਸਾਰੀਆਂ ਅਪੰਗ ਹੋ ਜਾਂਦੀਆਂ ਪਰ ਇਹਨਾਂ ਦੀ ਜੱਦੋ ਜਹਿਦ 1918 ਵਿਚ ਰੰਗ ਲਿਆਈ ਅਤੇ ਰੂਸ ਨੂੰ ਵੋਟ ਦਾ ਹੱਕ ਦੇਣਾ ਪਿਆ। ਜਰਮਨ ਵਿਚ 1919 ਵਿਚ, ਅਮਰੀਕਾ ਵਿਚ 1920 ਵਿਚ, ਫਿਰ ਰੁਮਾਨੀਆ, ਸਪੇਨ, ਇੰਗਲੈਂਡ, ਫਰਾਂਸ, ਸਵਿਟਜ਼ਰਲੈਂਡ ਨੇ 1971 ਵਿਚ ਦਿੱਤਾ। ਭਾਰਤ ਵਿਚ ਪਰਿਵਰਤਨ ਦਾ ਸਾਧਨ ਵੀਹਵੀਂ ਸਦੀ ਦੇ ਦੂਜੇ ਦਹਾਕੇ ਤੱਕ ਹਥਿਆਰਬੰਦ ਹੀ ਰਿਹਾ। ਸਿਰਫ ਗੋਰਿਆਂ ਵਾਸਤੇ ਹੀ ਸੀ। ਅੰ-ਗਰੇਜ਼ ਸਰਕਾਰ ਨੇ ਵੀ ਸਮੇਂ ਦੀ ਰਫਤਾਰ ਨੂੰ ਸਮਝਦਿਆਂ ਹੋਇਆਂ 1909 ਵਿਚ ਪਹਿਲੀ ਵਾਰ ਕੁਝ ਭਾਰਤੀਆਂ ਲਈ ਸੀਮਤ ਕਰ ਦਿੱਤਾ। ਡਾ. ਅੰਬੇਡਕਰ ਜੀ ਨੇ 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਲਿਖ ਕੇ ਔਰਤਾਂ ਨੂੰ ਮਰਦ ਦੇ ਬਰਾਬਰ ਵੋਟ ਪਾਉਣ ਅਤੇ ਹੋਰ ਅਧਿਕਾਰ ਦਲਿਤਾਂ ਨੂੰ ਲੈ ਕੇ ਦਿੱਤੇ ਪਰ ਜਿੰਨੀਆਂ ਹਾਲੇ ਤੱਕ ਸਰਕਾਰਾਂ ਆਈਆਂ, ਵੋਟਾਂ ਲੈ ਕੇ ਬਦਲਦੀਆਂ ਰਹੀਆਂ ਪਰ ਗਰੀਬਾਂ ਦੀ ਹਾਲਤ ਨਹੀਂ ਬਦਲੀ। ਕਿਸਾਨ ਕਰਜ਼ਿਆਂ ਕਰਕੇ ਖੁਦਕੁਸ਼ੀਆਂ ਕਰ ਰਹੇ ਹਨ। ਸਰਕਾਰ ਕਈਆਂ ਦੇ ਕਰੋੜਾ ਦੇ ਕਰਜ਼ੇ ਮੁਆਫ ਕਰ ਰਹੀ ਹੈ। ਮਹਿੰਗਾਈ ਨੂੰ ਠੱਲ੍ਹ ਨਹੀਂ ਪਈ, ਗਰੀਬ ਹੋਰ ਗਰੀਬ ਹੋ ਗਿਆ ਅਤੇ ਅਮੀਰ ਹੋਰ ਅਮੀਰ ਹੋਇਆ। ਦਲਿਤਾਂ ਉਪਰ ਅੱਤਿਆਚਾਰ ਵਧੇ। ਅੰਧ ਵਿਸ਼ਵਾਸ ਵਧਿਆ। ਉਨੇ ਸਕੂਲ ਜਾਂ ਕਾਲਜ ਜਾਂ ਹਸਪਤਾਲ ਨਹੀਂ ਖੋਲ੍ਹੇ ਜਿੰਨੇ ਸਰਕਾਰੀ ਸ਼ਰਾਬ ਦੇ ਠੇਕੇ ਖੋਲ੍ਹੇ ਗਏ। ਡੇਰ-ਾਵਾਦ ਵਧਿਆ-ਫੁੱਲਿਆ ਅਤੇ ਧਾਰਮਿਕ ਸਥਾਨ ਮਾਲੋਮਾਲ ਹੋ ਰਹੇ ਹਨ।

ਸਿੱਖਿਆ ਅਤੇ ਸਮਾਜਿਕ ਸਮਾਨਤਾ ਦੇਣ ਲਈ ਭਾਰਤੀ ਸਰਕਾਰਾਂ ਨੇ ਕਈ ਦਲਿਤ ਕਲਿਆਣ ਯੋਜਨਾਵਾਂ ਬਣਾਈਆਂ ਪਰ ਪਰਨਾਲਾ ਉਥੇ ਹੀ ਨਜ਼ਰ ਆ ਰਿਹਾ ਹੈ। ਇੰਟਰਨੈਟ, ਫੇਸਬੁੱਕ, ਅਖਬਾਰਾਂ, ਮੀਡੀਆ ਤਾਂ ਵਿਕਾਊ ਹੋ ਚੁੱਕਾ ਹੈ, ਦਲਿਤ ਖਬਰ ਘੱਟ ਅਤੇ ਸਰਕਾਰਾਂ ਦੀ ਚਾਪਲੂਸੀ ਅਤੇ ਅੰਧ ਵਿਸ਼ਵਾਸ ਜ਼ਿਆਦਾ ਦਿਖਾਉਂਦਾ ਹੈ। ਸਵਰਗੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਆਪਣੇ ਸ਼ਾਸਨ ਕਾਲ ਵਿਚ ਦੋ ਸੌ ਦੇ ਕਰੀਬ ਦਲਿਤ ਕਲਿਆਣ ਯੋਜਨਾਵਾਂ ਅਤੇ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਤਿੰਨ ਸੌ ਪੱਚੀ ਅਤੇ ਸ੍ਰੀ ਮਨਮੋਹਨ ਸਿੰਘ ਦੀ ਸਰਕਾਰ ਨੇ ਚਾਰ ਸੌ ਛਿਆਹਟ ਯੋਜਨਾਵਾਂ ਬਣਾਈਆਂ। ਭਾਰਤ ਨੂੰ ਆਜ਼ਾਦ ਹੋਇਆਂ ਤਕਰੀਬਨ ਸੱਤਰ ਸਾਲ ਹੋਣ ਲੱਗੇ ਹਨ ਤਾਂ ਦਲਿਤਾਂ ਨੂੰ ਸਰਕਾਰੀ ਨੌਕਰੀਂ ਵਿਚ 3 ਫੀਸਦੀ ਨੌਕਰੀਆਂ, ਕੱਚੇ ਮਕਾਨ ਵਿਚ ਰਹਿੰਦੇ ਦਲਿਤ 89 ਫੀਸਦੀ। ਜੇਲ੍ਹਾਂ ਵਿਚ ਦਲਿਤ ਅਤੇ ਪੱਛੜਾ ਵਰਗ 63 ਫੀਸਦੀ, ਦਲਿਤਾਂ ਨੇ ਸਕੂਲ ਨਹੀਂ ਦੇਖਿਆ 65 ਫੀਸਦੀ, ਦਲਿਤ ਔਰਤਾਂ ਹਸਪਤਾਲਾਂ ਵਿਚ ਗਈਆਂ 27 ਫੀਸਦੀ, ਐਂਟੀ ਰਿਜ਼ਰਵੇਸ਼ਨ ਨੇ ਖੂਬ ਰੌਲਾ ਪਾਇਆ ਕਿ ਦਲਿਤ ਹੀ ਸਭ ਕੁਝ ਲੈ ਗਏ। ਇਹ ਸਭ ਹਾਥੀ ਕੇ ਦਾਂਤ ਦਿਖਾਨੇ ਕੇ ਔਰ, ਖਾਨੇ ਕੇ ਔਰ ਵਾਲੀ ਗੱਲ ਹੈ। ਕੁੰਭ ਦੇ ਮੇਲੇ ਵਿਚ ਵਾਲਮੀਕ ਸੰਤ ਮੇਸਰਾਮ ਜੀ ਨੂੰ ਅੱਗੇ ਕਰਕੇ ਦਲਿਤ ਏਜੰਡਾ ਅੱਗੇ ਵਧਾਉਣ ਲਈ ਮੌਜੂਦਾ ਸਰਕਾਰ ਅਲੱਗ-ਅਲੱਗ ਦਲਿਤ ਮਹਾਂਪੁਰਸ਼ਾਂ ਦੇ ਜਨਮ ਸਰਕਾਰੀ ਤੌਰ ਤੇ ਮਨਾਉਣ ਲੱਗ ਪਈ ਤਾਂ ਕਿ ਇਹ ਦਲਿਤ ਲੋਕ ਸਾਨੂੰ ਵੋਟਾਂ ਪਾਉਣ। ਹੁੰਦਾ ਵੀ ਤਕਰੀਬਨ ਇੰਝ ਹੀ, ਕਿਉਂਕਿ ਸਬਜ਼ਬਾਗ ਹੀ ਇਹੋ ਜਿਹੇ ਦਿਖਾਉਂਦੇ ਹਨ ਭੋਲੇ-ਭਾਲੇ ਲੋਕਾਂ ਨੂੰ ਕਿ ਉਹ ਇਹਨਾਂ ਦੇ ਝਾਂਸੇ ਵਿਚ ਆ ਕੇ ਇਹਨਾਂ ਨੂੰ ਵੋਟ ਪਾ ਦਿੰਦੇ ਹਨ। ਕੀ 15 ਲੱਖ ਰੁਪਏ ਦੇਣ ਦਾ ਵਾਅਦਾ ਪੂਰਾ ਹੋਇਆ? ਇਹਨਾਂ ਲੀਡਰਾਂ ਦੀ ਪਾਸ਼ਾ ਦੇਖੋ ਮਾਸ਼ਾ ਅੱਲ੍ਹਾ। ਲੀਡਰ ਵੀ ਦੇਖੋ ਕਿਹੜੇ ਬਲਾਤਕਾਰੀ, ਸਮਗਲਰ, ਡਕੈਤ, ਰਿਸ਼ਵਤਖੋਰ, ਮਾਫੀਆ ਆਦਿ ਦੇ ਕੇਸਾਂ ਦੇ ਮੁਕੱਦਮੇ ਵੀ ਚੱਲ ਰਹੇ ਹਨ। ਇਹਨਾਂ ਪਾਸ ਤਾਂ ਲੱਛੇਦਾਰ ਭਾਸ਼ਣਾਂ ਤੋਂ ਸਿਵਾਏ ਮਿਲਣਾ ਕੁਝ ਨਹੀਂ, ਵੋਟਾਂ ਵਿਕ ਕੇ ਪਾਉਣ ਵਾਲਿਓ। ਇਹਨਾਂ ਨੂੰ ਤਾਂ ਕੁਰਸੀ ਚਾਹੀਦੀ ਹੈ, ਚਾਹੇ ਕਿਸੇ ਵੀ ਭਾਅ ਮਿਲੇ। ਸਫਾਈ ਮਜ਼ਦੂਰ ਅਤੇ ਸਰਕਾਰੀ ਅਧਿਆਪਕ ਕਈ ਸਾਲਾਂ ਤੋਂ ਪੱਕੇ ਨਹੀਂ ਕੀਤੇ ਗਏ, ਭੱਠਿਆਂ ਉਪਰ ਕੰਮ ਕਰ ਰਹੇ ਬਾਲ ਮਜ਼ਦੂਰ ਨੂੰ ਕੋਈ ਸਹੂਲਤ ਨਹੀਂ।

ਆਪਣੀਆਂ ਜਾਇਜ਼ ਮੰਗਾਂ ਮਨਵਾਉਣ ਲਈ ਸੜਕਾਂ ਉਪਰ ਆਉਣਾ ਪੈਂਦਾ ਹੈ। ਪਰ ਮਿਲਦਾ ਕੀ ਹੈ? ਪੁਲਿਸ ਦੇ ਡੰਡੇ, ਬੇਇਜ਼ਤੀ, ਪੱਗਾਂ ਲੱਥਦੀਆਂ ਹਨ, ਚੁੰਨੀਆਂ ਉਡਦੀਆਂ ਹਨ, ਵਾਲ ਪੁੱਟੇ ਜਾਂਦੇ ਹਨ, ਸੜਕਾਂ ਉਪਰ ਘੜੀਸਿਆ ਜਾਂਦਾ ਹੈ, ਜਦਕਿ ਹਰ ਸਾਬਕਾ ਵਿਧਾਇੱਕ ਸਵਾ ਲੱਖ ਰੁਪਏ ਆਰਾਮ ਨਾਲ ਲੈ ਰਿਹਾ ਹੈ। ਵਿਧਾਇੱਕਾਂ ਦੀ ਤਾਂ ਕਿਆ ਬਾਤ ਹੈ। ਲੀਡਰਾਂ ਦੇ ਤਾਂ ਕਰੋੜਾਂ ਰੁਪਏ ਦੇ ਹੈਲੀਕਾਪਟਰਾਂ ਦੇ ਖਰਚੇ ਅਤੇ ਸਰਕ-ਾਰੀ ਅਮਲਾ ਦੇਸ਼ ਨੂੰ ਦੋਵੇਂ ਹੱਥੀਂ ਨੂੰਟ ਰਿਹਾ ਹੈ। ਗਰੀਬ ਨੂੰ ਕੁੱਲੀ, ਗੁੱਲੀ, ਜੁੱਲੀ ਅਤੇ ਪੀਣ ਵਾਲਾ ਪਾਣੀ ਤੱਕ ਨਹੀਂ ਨਸੀਬ ਹੋ ਰਿਹਾ। ਮਿਲਾਵਟ ਵਾਲੀਆਂ ਚੀਜ਼ਾਂ ਖਾ ਕੇ ਲੋਕ ਬਿਮਾਰ ਹੋ ਰਹੇ ਹਨ ਅਤੇ ਡਾਕਟਰਾਂ ਦੀਆਂ ਜੇਬਾਂ ਭਰ ਹੋ ਰਹੀਆਂ ਹਨ। ਪਾਖੰਡ ਅਤੇ ਅੰਧ-ਵਿਸ਼ਵਾਸ ਦਾ ਹੋਰ ਬੋਲਬਾਲਾ ਦੇਖਣਾ ਹੋਵੇ ਤਾਂ 'ਓ ਮਾਈ ਗੌਡ' ਅਤੇ 'ਪੀ. ਕੇ.' ਫਿਲਮਾਂ ਦੇਖੋ, ਹੋਸ਼ ਉਡ ਜਾਣਗੇ। ਤਾਂ ਵੀ ਮੇਰਾ ਦੇਸ਼ ਮਹਾਨ, ਪਤਾ ਨਹੀਂ ਕਦੋਂ ਅੱਛੇ ਦਿਨ ਆਉਣਗੇ।

ਬਾਬਾ ਸਾਹਿਬ ਜੀ ਦਾ ਜੋ ਸੁਨਹਿਰੀ ਭਵਿੱਖ ਦਾ ਸੁਪਨਾ ਸੀ, ਉਸ ਨੂੰ ਪੂਰਾ ਕਰਨ ਲਈ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸਮਾਜ ਦੀਆਂ ਲੋੜਾਂ ਅਤੇ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰੇ। ਵਿਗੜੀ ਹੋਈ ਆਰਥਿਕ ਵਿਵਸਥਾ ਵਿਚ ਸੁਧਾਰ ਕਰਕੇ ਯੋਗਤਾ ਅਨੁਸਾਰ ਹਰ ਵਰਗ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਵੇ। ਗਰੀਬੀ, ਭੁੱਖਮਰੀ, ਸਿੱਖਿਆ, ਸਿਹਤ, ਆਬਾਦੀ, ਵਾਤਾਵਰਣ ਅਤੇ ਰਾਜਨੀਤਿਕ ਵਾਤਾਵਰਣ ਵਿਚ ਸੁਧਾਰ ਲਿਆਂਦਾ ਜਾਵੇ। ਸਮਾਜ ਵਿਚ ਭ੍ਰਿਸ਼ਟਾਚਾਰ, ਨਸ਼ਾਖੋਰੀ, ਮਹਿੰਗਾਈ, ਅਗਿਆਨਤਾ, ਰਿਸ਼ਵਤਖੋਰੀ ਦਾ ਬਾਜ਼ਾਰ ਗਰਮ ਹੈ, ਇਹਨਾਂ ਨਾਲ ਫੌਰੀ ਨਜਿੱਠਿਆ ਜਾਵੇ। ਸੰਵਿਧਾਨ ਨੂੰ ਸਹੀ ਅਰਥਾਂ ਵਿਚ ਲਾਗੂ ਕਰਵਾਉਣ ਲਏ. ਵੋਟ ਨੂੰ ਨਾ ਵੇਚ ਕੇ ਸਹੀ ਅਤੇ ਸਾਫ ਸੁਥਰੇ ਕਿਰਦਾਰ ਵਾਲੇ ਸੂਝਵਾਨ ਆਦਮੀ ਨੂੰ ਪਾ ਕੇ ਜਿਤਾਓ। ਰਾਜੇ, ਮਹਾਰਾਜੇ, ਰਾਜਕੁਮਾਰ ਅਤੇ ਰਾਜਕੁਮਾਰੀਆਂ ਅਤੇ ਉਚ ਜਾਤੀਏ ਜੋ ਤੁਹਾਡੇ ਪਰਛਾਵੇਂ ਤੋਂ ਵੀ ਡਰਦੇ ਸਨ, ਇਲੈਕਸ਼ਨਾਂ ਦੇ ਸਮੇਂ ਇਹ ਲੋਕ ਹੱਥ ਜੋੜ ਕੇ ਤੁਹਾਡੇ ਪੈਰੀਂ ਹੱਥ ਲਾਉਣ ਲਈ ਘਰ-ਘਰ ਵੋਟ ਲਈ ਅਲਖ ਜਗਾਉਂਦੇ ਹਨ। ਇਸਨੂੰ ਬਾਬਾ ਸਾਹਿਬ ਜੀ ਦਾ ਚਮਤਕਾਰ ਹੀ ਕਿਹਾ ਜਾ ਸਕਦਾ ਹੈ। ਕਲਮ ਦੀ ਨੋਕ ਨਾਲ ਸਭ ਨੂੰ ਬਰਾਬਰ ਦਾ ਅਧਿਕਾਰ ਲੈ ਕੇ ਦਿੱਤਾ, ਨੂੰ ਸਹੀ ਅਰਥਾਂ ਵਿਚ ਇਸਤੇਮਾਲ ਕਰਕੇ ਭਾਰਤ ਦੇ ਲੋਕ ਸਮਤਾ, ਸਮਾਨਤਾ ਅਤੇ ਭਾਈਚਾਰੇ ਵਾਲਾ ਸਮਾਜ ਸਿਰਜਣ ਵਿਚ ਆਪਣੀ ਅਤੇ ਸਰਕਾਰ ਦੀ ਮਦਦ ਕਰਨ। ਜਿਸ ਨਾਲ ਹਰ ਆਦਮੀ, ਇਸਤਰੀ ਅਤੇ ਬੱਚੇ ਆਰਾਮ ਨਾਲ ਜ਼ਿੰਦਗੀ ਬਤੀਤ ਕਰ ਸਕਣ ਤਾਂ ਸ਼ਾਇਦ ਅੱਛੇ ਦਿਨਾਂ ਦੀ ਉਮੀਦ ਕੀਤੀ ਜਾ ਸਕਦੀ ਹੈ।

**ਜੈ ਭੀਮ, ਜੈ ਭਾਰਤ**

# 'ਰਬਾਬ ਤੋਂ ਨਗਾਰੇ ਦੀ ਚੋਟ ਤੇ ਤਲਵਾਰ ਤੱਕ'

ਕਰਦੇ ਹਨ:

'ਜੋ ਨਿਜ ਪ੍ਰਭ ਮੋ ਸੋ।
ਕਹਾ ਸੋ ਕਹਿਰੋ ਜਰਾ ਮਾਹਿ।।

ਗੁਰੂ ਜੀ ਨੇ ਜੰਗਾਂ ਦੇ ਮੈਦਾਨ ਵਿਚ ਸਿਰਫ਼ ਸਿੰਘਾਂ ਨੂੰ ਹੀ ਨਹੀਂ ਸ਼ਹੀਦ ਕਰਵਾਇਆ ਸਗੋਂ ਧਰਮ ਦੀ ਰੱਖਿਆ ਲਈ ਆਪਣੇ ਚਾਰ ਪੁੱਤਰਾਂ ਨੂੰ ਵੀ ਸ਼ਹੀਦ ਕਰਵਾ ਦਿੱਤਾ। ਆਪਦੇ ਵੱਡੇ ਸਾਹਿਬਜ਼ਾਦੇ ਚਮਕੌਰ ਸਾਹਿਬ ਦੇ ਯੁੱਧ ਵਿਚ ਤੇ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਦੀਵਾਰ ਵਿਚ ਚਿਣ ਕੇ ਸ਼ਹੀਦ ਕੀਤੇ ਗਏ। ਜਦੋਂ ਮਾਤਾ ਜੀ ਨੇ ਪੁੱਤਰਾਂ ਦੇ ਵਿਛੋੜੇ ਵਿਚ ਵਿਆਕੁਲ ਹੋ ਕੇ ਪੁੱਛਿਆ ਕਿ ਮੇਰੇ ਲਾਲ ਕਿੱਥੇ ਹਨ ਤਾਂ ਗੁਰੂ ਜੀ ਨੇ ਬੇਮਿਸਾਲ ਉੱਤਰ ਦਿੱਤਾ। ਇਹੋ ਜਿਹਾ ਉੱਤਰ ਕੋਈ ਸਰਬੰਸਦਾਨੀ ਹੀ ਦੇ ਸਕਦਾ ਹੈ। 'ਪੰਥ ਖਾਲਸਾ' ਵੱਲ ਸੰਕੇਤ ਕਰਦਿਆਂ ਤੇ ਮੁਸਕਰਾਉਂਦਿਆਂ ਹੋਇਆਂ ਕਿਹਾ:

ਇਨ ਪੁਤਰਨ ਕੇ ਸੀਸ ਪਰ,
ਵਾਰ ਦੀਏ ਸੁਤ ਚਾਰ।।
ਚਾਰ ਮੋਏ ਤੇ ਕਿਆ ਹੂਆ,
ਜੀਵਤ ਕਈ ਹਜ਼ਾਰ।।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਆਨੰਦਮਈ ਜੀਵਨ ਵੀ ਬਿਤਾਇਆ। ਪਾਉਂਟਾ ਸਾਹਿਬ ਦੇ ਕੁਦਰਤੀ ਨਜ਼ਾਰੇ ਵੀ ਮਾਣੇ, ਭੁੱਖਾਂ ਤੇ ਉਨੀਂਦਰੇ ਵੀ ਕੱਟੇ, ਮਾਛੀਵਾੜੇ ਦੇ ਜੰਗਲਾਂ ਵਿਚ ਰਾਤਾਂ ਵੀ ਕੱਟੀਆਂ, ਚਾਰੇ ਪੁੱਤਰਾਂ ਤੇ ਆਪਣੇ ਪਿਤਾ ਜੀ ਨੂੰ ਸ਼ਹੀਦ ਹੁੰਦਿਆਂ ਵੀ ਦੇਖਿਆ, ਪਰ ਫਿਰ ਵੀ ਕੋਈ ਸ਼ਿਕਵਾ-ਸ਼ਿਕਾਇਤ ਨਹੀਂ ਕੀਤੀ, ਸਗੋਂ ਜੇ ਕੀਤਾ ਤਾਂ ਪ੍ਰਮਾਤਮਾ ਦਾ ਸ਼ੁਕਰਾਨਾ ਜ਼ਰੂਰ ਕੀਤਾ:

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ,
ਤੁਧ ਬਿਨ ਰੋਗ ਰਜਾਈਆਂ ਦਾ ਓਢਣ,
ਨਾਗ ਨਿਵਾਸਾਂ ਦੇ ਰਹਿਣਾ।।
ਸੂਲ ਸੁਰਾਹੀ ਖੰਜਰ ਪਿਆਲਾ,
ਭੱਠ ਖੇੜਿਆਂ ਦਾ ਰਹਿਣਾ।।

ਇਤਨਾ ਕੁਝ ਕੁਰਬਾਨ ਕਰ ਦੇਣ ਦੇ ਬਾਅਦ ਵੀ ਗੁਰੂ ਜੀ ਵਿਚ ਕੋਈ ਫਰਕ ਨਹੀਂ ਆਇਆ, ਸਗੋਂ ਉਹਨਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਹੀਦ ਪੈਦਾ ਕਰ ਦਿੱਤੇ, ਜਿਨ੍ਹਾਂ ਨੇ ਆਪਣਾ ਖੂਨ ਵਹਾਉਣ ਵਿਚ ਰਤਾ ਵੀ ਗੁਰੇਜ਼ ਨਹੀਂ ਕੀਤਾ, ਸਗੋਂ ਮੁਗਲਾਂ ਦੇ ਚਿਰ ਸਥਾਈ ਰਾਜ ਦੀਆਂ ਜੜ੍ਹਾਂ ਉਖੇੜ ਦਿੱਤੀਆਂ। ਇਕ ਮਹਾਨ ਇਤਿਹਾਸਕਾਰ ਡਾ: ਗੋਕਲ ਚੰਦ ਨਾਰੰਗ ਗੁਰੂ ਜੀ ਬਾਰੇ ਲਿਖਦੇ ਹਨ: 'ਜੇਕਰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਜਿਹੇ ਜ਼ਾਲਮ ਸਮਰਾਟ ਦੇ ਟਾਕਰੇ ਵਿਚ ਉਸ ਸਮੇਂ ਨਾ ਆਉਂਦੇ ਤਾਂ ਹਿੰਦੂ ਧਰਮ ਦਾ ਦੀਵਾ ਸਦਾ ਲਈ ਗੁੱਲ ਹੋ ਜਾਂਦਾ।'' ਅੱਜ ਵੀ ਸਾਰੀ ਦੁਨੀਆ ਵਿਚ ਦਸਮੇਸ਼ ਪਿਤਾ ਦਾ 'ਪੰਥ' ਚੜ੍ਹਦੀ ਕਲਾ ਵਿਚ ਹੈ। ਇਸੇ ਤਰ੍ਹਾਂ ਮਸ਼ਹੂਰ ਸ਼ਾਇਰ ਅੱਲਾ ਯਾਰ ਖਾਂ ਜੋਗੀ ਵਰਗਾ ਸ਼ਾਇਰ ਗੁਰੂ ਸਾਹਿਬ ਦੀ ਬਹੁ-ਪੱਖੀ ਸ਼ਖਸੀਅਤ ਬਾਰੇ ਲਿਖਣ ਲਈ ਸ਼ਬਦਾਂ ਦੀ ਘਾਟ ਦੱਸਦਾ ਹੋਇਆ ਲਿਖਦਾ ਹੈ; ''ਕਰਤਾਰ ਕੀ ਸੌਗੰਧ, ਨਾਨਕ ਕੀ ਕਸਮ ਹੈ। ਜਿਤਨੀ ਵੀ ਹੈ ਗੋਬਿੰਦ ਕੀ ਤਾਰੀਫ਼ ਵੋਹ ਕਮ ਹੈ।''

ਜਿੱਥੇ ਗੁਰੂ ਜੀ ਇਕ ਮਹਾਨ ਸੰਤ-ਸਿਪਾਹੀ ਸਨ, ਉਥੇ ਉਹ ਸਾਹਿਤ ਰਚਨਾ ਦੇ ਵੀ ਚਾਨਣ ਮੁਨਾਰੇ ਸਨ। ਉਨ੍ਹਾਂ ਦੇ ਦਰਬਾਰ ਵਿਚ 52 ਕਵੀ ਸਨ ਜੋ ਰਾਤ-ਦਿਨ ਇਕ ਸਮਾਜਿਕ ਕ੍ਰਾਂਤੀ ਲਿਆਉਣ ਲਈ ਸਾਹਿਤ ਰਚਨਾ ਕਰਦੇ ਰਹਿੰਦੇ ਸਨ।

ਗੁਰੂ ਜੀ ਨੇ ਜਿੱਥੇ ਆਪ ਸਾਹਿਤ ਰਚਨਾ ਕੀਤੀ, ਉਥੇ ਆਪਣੇ ਦਰਬਾਰੀ ਸਾਹਿਤਕਾਰਾਂ ਨੂੰ ਚੰਗਾ ਸਾਹਿਤ ਰਚਣ ਤੇ ਉਤਸ਼ਾਹਿਤ ਕਰਨ ਲਈ ਸਿਰੋਪਾਓ ਵੀ ਦਿੱਤੇ। ਗੁਰੂ ਜੀ ਨੇ ਪੰਜਾਬੀ ਵਿਚ 'ਚੰਡੀ ਦੀ ਵਾਰ' ਦੀ ਰਚਨਾ ਕੀਤੀ ਜੋ ਸਿੰਘਾਂ ਵਿਚ ਜੰਗਾਂ ਤੇ ਯੁੱਧਾਂ ਦਾ ਜੋਸ਼ ਭਰਨ ਲਈ 'ਪਾਉੜੀ ਛੰਦ' ਵਿਚ ਲਿਖੀ ਤੇ ਢਾਡੀ ਇਸ ਨੂੰ ਸਿੰਘਾਂ ਵਿਚ ਜੋਸ਼ ਭਰਨ ਲਈ ਗਾਇਆ ਕਰਦੇ ਸਨ। ਪੰਜਾਬੀ ਵਿਚ ਉਹਨਾਂ ਦਾ ਰਚਿਆ ਗਿਆ ਇਕੋ-ਇਕ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਹੈ। 'ਜ਼ਫ਼ਰਨਾਮਾ' ਜੋ ਔਰੰਗਜ਼ੇਬ ਵੱਲ ਇਕ ਪੱਤਰ ਦੇ ਰੂਪ ਵਿਚ, ਫਾਰਸੀ ਵਿਚ ਲਿਖੀ ਗਈ ਇਕ ਮਹਾਨ ਕਲਾਕ੍ਰਿਤ ਹੈ। 'ਬਚਿਤ੍ਰ ਨਾਟਕ' ਗੁਰੂ ਜੀ ਦੀ ਸਵੈ-ਜੀਵਨੀ ਦੇ ਰੂਪ ਵਿਚ ਹੈ। ਦੁਨੀਆ ਦੇ ਇਤਿਹਾਸ ਵਿਚ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਹੀ ਇਕ ਅਜਿਹੀ ਧਰਮ-ਗੁਰੂ ਸ਼ਖਸੀਅਤ ਹਨ, ਜਿਹਨਾਂ ਨੇ ਆਪਣੀ ਸਵੈ-ਜੀਵਨੀ ਲਿਖੀ ਹੈ। ਇਸ ਵਿਚ ਉਨ੍ਹਾਂ ਦੇ 32 ਸਾਲ ਦੀ ਉਮਰ ਤੱਕ ਦੇ ਜੀਵਨ ਸਮਾਚਾਰ ਦਰਜ ਹਨ। ਇਹਨਾਂ ਤੋਂ ਇਲਾਵਾ ਗੁਰੂ ਜੀ ਦੀਆਂ ਹੋਰ ਵੀ ਕਈ ਰਚਨਾਵਾਂ ਹਨ। ਗੁਰੂ ਜੀ ਦਾ ਵਿਚਾਰ ਸੀ ਕਿ ਸਾਹਿਤ ਰਚਨਾ ਹੀ ਦੇਸ਼ ਵਿਚ ਤੇ ਮਨੁੱਖ ਵਿਚ ਕ੍ਰਾਂਤੀ ਦੀ ਭਾਵਨਾ ਪੈਦਾ ਕਰ ਸਕਦੀ ਹੈ।

ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਦੇ ਜੀਵਨ ਵਿਚ 14 ਲੜਾਈਆਂ ਲੜੀਆਂ ਹਨ। ਇਹ ਜੰਗਾਂ ਉਨ੍ਹਾਂ ਨੇ ਜਮੀਨ ਤੇ ਕਬਜ਼ਾ ਕਰਨ ਜਾਂ ਆਪਣੀ ਬਾਦਸ਼ਾਹਤ ਕਾਇਮ ਕਰਨ ਲਈ ਨਹੀਂ ਲੜੀਆਂ, ਸਗੋਂ ਇਹ ਜੰਗਾਂ ਮਜ਼ਲੂਮਾਂ ਦੀ ਰਾਖੀ ਲਈ, ਉਨ੍ਹਾਂ ਤੇ ਹੋ ਰਹੇ ਜ਼ੁਲਮਾਂ ਦੇ ਖ਼ਾਤਮੇ ਲਈ ਲੜੀਆਂ ਹਨ।

ਉਹ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਕੇ ਆਪਣੇ ਮਨ ਨੂੰ ਲੋਕ-ਹਿੱਤ ਤੇ ਸਮਾਜ ਭਲਾਈ ਵੱਲ ਲਾਵੇ ਤਾਂ ਜੋ ਮਾਨਵਤਾ ਨੂੰ ਖੁਸ਼ਹਾਲੀ ਪ੍ਰਾਪਤ ਹੋ ਸਕੇ। ਐਸੇ ਯੁੱਧਾਂ ਨੂੰ ਉਹ ਸਜਦਾ ਕਰਦੇ ਹਨ: 'ਨਮੋ ਜੁੱਧ ਜਦੋ'। ਔਰੰਗਜ਼ੇਬ ਨੂੰ ਉਹ 'ਜ਼ਫਰਨਾਮੇ' ਵਿਚ ਲਿਖਦੇ ਹਨ ਕਿ ਜਦੋਂ ਸਾਰੇ ਹੀਲੇ-ਵਸੀਲੇ ਮੁੱਕ ਜਾਣ ਤਾਂ ਸ਼ਸਤਰ ਚੁੱਕਣੇ ਜਾਇਜ਼ ਹਨ:

ਚੂੰਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।

ਗੁਰੂ ਜੀ ਨੇ ਏਕਤਾ, ਸਮਾਨਤਾ ਤੇ ਨਿਆਂ ਦਾ ਝੰਡਾ ਬੁਲੰਦ ਰੱਖਣ ਲਈ ਸਮੇਂ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਵੀ ਲਈ। ਜਿਹਨਾਂ ਨੇ ਵੀ ਅੰਮ੍ਰਿਤ ਦੀ ਘੁੱਟ ਪੀਤੀ, ਉਹ ਸ਼ੇਰ ਬਣ ਗਏ ਤੇ ਚਿੜੀਆਂ ਤੋਂ ਬਾਜ ਤੁੜਵਾਉਣ ਲਈ ਭਾਵ ਕਮਜ਼ੋਰ ਤੇ ਸ਼ੋਸ਼ਿਤ ਵਰਗ ਤੋਂ ਜ਼ਾਲਮ ਦਾ ਘਾਣ ਕਰਨ ਲਈ ਤਿਆਰ-ਬਰ-ਤਿਆਰ ਹੋ ਗਏ:

ਚਿੜੀਓ ਸੇ ਮੈਂ ਬਾਜ ਤੁੜਾਊ।।
ਤਬੈ ਗੋਬਿੰਦ ਸਿੰਘ ਨਾਮ ਕਹਾਊ।।

ਆਓ! 'ਪੰਥ-ਖਾਲਸਾ' ਦੇ ਜਨਮ ਦਿਹਾੜੇ 'ਤੇ ਕਸਮ ਖਾਈਏ ਕਿ ਅਸੀਂ ਗੁਰੂ ਜੀ ਦੇ ਦਿੱਤੇ ਗਏ ਸਮਾਜਿਕ-ਬਰਾਬਰੀ ਦੇ ਸਿਧਾਂਤ ਉੱਤੇ ਚੱਲਣ ਲਈ ਪਹਿਰਾ ਦਿਆਂਗੇ, ਜਾਤ-ਪਾਤ ਦੇ ਕੋਹੜ ਨੂੰ ਸਿਰੇ ਤੋਂ ਨਿਕਾਰ ਗੁਰੂ ਸਾਹਿਬ ਦੇ 'ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ' ਦੇ ਸਿਧਾਂਤ ਨੂੰ ਮਾਨਵਤਾ ਵਿਚ ਪਿਆਰ ਪੈਦਾ ਕਰਨ ਲਈ, ਅਮਲੀ ਜਾਮਾ ਪਹਿਨਾਵਾਂਗੇ। ਸਮਾਜ 'ਚ ਕਮਜ਼ੋਰ ਤੇ ਗਰੀਬ ਆਦਮੀਆਂ 'ਤੇ ਹੋ ਰਹੇ ਧੱਕੇ ਅਤੇ ਜ਼ੁਲਮ ਦਾ ਲੋਕ-ਰਾਜੀ ਕਦਰਾਂ-ਕੀਮਤਾਂ ਨਾਲ ਟਾਕਰਾ ਕਰਾਂਗੇ। ਸਮਾਜ ਵਿਚ ਵੱਧ ਰਹੇ ਵਰਗਵਾਦ ਦੇ ਕੋਹੜ ਨੂੰ ਮਿਟਾਵਾਂਗੇ।

ਗੁਰੂ ਸਾਹਿਬਾਨ ਦੇ ਅੰਤਰ-ਰਾਸ਼ਟਰੀ ਪੱਧਰ ਦੇ ਨਾਅਰੇ 'ਸਰਬੱਤ ਦਾ ਭਲਾ' ਨੂੰ ਅੰਤਰ ਰਾਸ਼ਟਰਵਾਦ ਦਾ ਰੂਪ ਦਿਆਂਗੇ, ਔਰਤ ਨੂੰ ਸਮਾਜ 'ਚ ਇੱਜ਼ਤ ਤੇ ਬਰਾਬਰੀ ਦਾ ਹੱਕ ਦਿਆਂਗੇ। ਆਪਣੇ ਮਾਨਵੀ ਅਧਿਕਾਰਾਂ ਤੇ ਆਪਣੇ ਕਰਤੱਵਾਂ ਨੂੰ ਪਛਾਣਦੇ ਹੋਏ ਮਾਨਵ ਹਿਤ ਲਈ ਵਰਤਾਂਗੇ। ਗੁਰੂ ਜੀ ਦੇ ਦਿਖਾਏ ਸੱਚੇ ਮਾਰਗ 'ਤੇ ਚੱਲਦਿਆਂ ਮਾਨਵਤਾ ਦੀ ਸੇਵਾ ਕਰਾਂਗੇ।

'ਪੰਜ-ਪਿਆਰੇ' ਸਾਹਿਬਾਨ ਜਿਨ੍ਹਾਂ ਨੇ 'ਪੰਥ ਖਾਲਸਾ' ਦੀ ਸਾਜਨਾ ਕਰਨ ਵੇਲੇ ਮਰਜੀਵੜੇ ਬਣ ਕੇ ਆਪਣੇ ਸੀਸ ਗੁਰੂ ਸਾਹਿਬ ਨੂੰ ਭੇਂਟ ਕਰਨ ਦੀ ਸਵੈ-ਇੱਛਾ ਜਤਾਈ, ਦੇ ਕਦੀ ਵੀ, ਜਨਮ ਦਿਹਾੜੇ ਜਾਂ ਸ਼ਹੀਦੀ ਦਿਹਾੜੇ ਹੋਰ ਮਹਾਨ ਸਿੱਖ ਸ਼ਖਸੀ-ਅਤਾਂ ਵਾਂਗ ਨਹੀਂ ਮਨਾਏ ਜਾਂਦੇ ਤੇ ਨਾ ਹੀ ਬਹੁਤੇ ਵਿਦਵਾਨਾਂ ਨੇ ਇਹਨਾਂ ਦੀਆਂ ਜੀਵਨੀਆਂ ਤੇ ਇਤਿਹਾਸ ਬਾਰੇ ਕੋਈ ਤਸੱਲੀਬਖਸ਼ ਖੋਜ ਭਰਪੂਰ ਕੰਮ ਹੀ ਕੀਤਾ ਹੈ?

ਇਹ ਕੁਝ ਪ੍ਰਸ਼ਨ ਇਹਨਾਂ ਮੁੱਦਿਆਂ ਵੱਲ ਉਚੇਚਾ ਧਿਆਨ ਮੰਗਦੇ ਹਨ। ਉਮੀਦ ਕੀਤੀ ਜਾਂਦੀ ਹੈ ਕਿ ਭਵਿੱਖ 'ਚ ਇਹਨਾਂ ਮੁੱਦਿਆਂ 'ਤੇ ਅਮਲ ਹੋਵੇਗਾ?


ਗੁਰੂ ਸਾਹਿਬਾਨ ਦੇ 'ਰਬਾਬ ਤੋਂ ਨਗਾਰੇ ਦੀ ਚੋਟ ਤੇ ਤਲਵਾਰ ਤੱਕ' ਦੇ ਸਫ਼ਰ ਨੇ ਅਹਿੰਸਾ ਤੇ ਹਿੰਸਾ ਦੇ ਅਨੇਕਾਂ ਪੜਾਵਾਂ 'ਚੋਂ ਗੁਜ਼ਰ ਕੇ 'ਪੰਥ-ਖਾਲਸਾ' ਦੀ ਸਿਰਜਣਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ।

ਗੁਰੂ ਨਾਨਕ ਦੇਵ ਜੀ ਦੇ ਸਾਥੀ ਮਰਦਾਨੇ ਦੀ ਰਬਾਬ ਦਾ ਸੰਗੀਤਕ ਪ੍ਰਭਾਵ, ਗੁਰਬਾਣੀ ਦੀ ਸਿੱਖਿਆ ਦੇ ਨਾਲ-ਨਾਲ ਨੌਵੇਂ ਗੁਰੂ ਸਾਹਿਬ ਤੱਕ ਪ੍ਰਵਾਨ ਚੜ੍ਹਿਆ ਤੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਾਲਮ ਨੂੰ ਨਗਾਰੇ ਦੀ ਚੋਟ ਨਾਲ ਚੇਤੰਨ ਕਰਵਾ ਕੇ ਤਲਵਾਰ ਦੇ ਜ਼ੋਰ ਨਾਲ ਸੋਧਿਆ ਤੇ ਜ਼ਾਲਮ ਨੂੰ ਮਾਨਵਤਾ ਦੀ ਸੇਵਾ ਹਿੱਤ ਕੰਮ ਕਰਨ ਦਾ ਸੰਦੇਸ਼ ਦਿੱਤਾ। ਅੱਜ 'ਖਾਲਸਾ' ਸਾਰੇ ਸੰਸਾਰ 'ਚ ਆਪਣੀ ਚੜ੍ਹਦੀ ਕਲਾ 'ਚ ਹੈ।

'ਖਾਲਸਾ' ਇਕ 'ਸੰਸਥਾ' ਹੈ ਨਾ ਕਿ ਇਕ 'ਵਰਗ ਵਿਸ਼ੇਸ਼'- ਜੋ ਮਾਨਵਤਾ ਦੇ ਕਲਿਆਣ ਤੇ ਭਲੇ ਲਈ ਸੰਘਰਸ਼-ਯੁਕਤ ਹੈ। 'ਪੰਥ ਖਾਲਸਾ' ਦੇ ਜਨਮ ਦਿਹਾੜੇ 'ਤੇ ਮੇਰੇ ਵੱਲੋਂ ਸਮੁੱਚੀ 'ਪੰਥਕ' ਲੁਕਾਈ ਨੂੰ ਲੱਖ-ਲੱਖ ਵਧਾਈ ਹੋਵੇ ਜੀ।

# 98 ਸਾਲਾਂ ਬਾਦ ਵੀ ਜਲਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਪੂਰੀ ਪਹਿਚਾਣ ਅਤੇ ਸਨਮਾਨ ਨਾ ਮਿਲਿਆ

ਅੱਜ ਦੇ ਦਿਨ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਜਲਿਆਂਵਾਲਾ ਬਾਗ ਵਿੱਚ ਹੋਏ ਗੋਲੀਕਾਂਡ ਜਿਸ ਵਿੱਚ ਅਣਗਣਿਤ ਨਿਹੱਥੇ ਨਿਰਦੋਸ਼ ਲੋਕ ਮਾਰੇ ਗਏ ਅਤੇ ਜਖਮੀ ਹੋਏ ਸਨ ਨੂੰ ਯਾਦ ਕਰਕੇ ਹਰ ਭਾਰਤ ਵਾਸੀ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ ਪਰ ਇਸਤੋਂ ਵੀ ਵੱਡੇ ਦੁੱਖ ਅਤੇ ਰੋਸ ਦੀ ਗੱਲ ਹੈ ਕਿ ਜਲਿਆਂਵਾਲਾ ਬਾਗ ਵਿੱਚ 98 ਸਾਲ ਪਹਿਲਾਂ ਮਾਰੇ ਗਏ ਲੋਕਾਂ ਨੂੰ ਸਹੀ ਪਹਿਚਾਣ ਅਤੇ ਸਨਮਾਨ ਅਜ਼ਾਦੀ ਦੇ ਲੱਗਭੱਗ 7 ਦਹਾਕਿਆਂ ਬਾਦ ਵੀ ਹਾਸਲ ਨਹੀਂ ਹੋਇਆ ਹੈ। ਜਲਿਆਂਵਾਲਾ ਬਾਗ ਸਿੱਖ ਧਰਮ ਦੇ ਪ੍ਰਸਿੱਧ ਧਾਰਮਿਕ ਸਥਾਨ ਸ਼੍ਰੀ ਹਰਿਮੰਦਰ ਸਾਹਿਬ ਸ਼੍ਰੀ ਅ੍ਰਮਿਤਸਰ ਦੇ ਨੇੜੇ ਹੈ। ਜਲਿਆਂਵਾਲਾ ਬਾਗ ਸਰਦਾਰ ਹਿੰਮਤ ਸਿੰਘ ਦੇ ਪਰਿਵਾਰ ਦੀ ਸੰਪਤੀ ਸੀ ਜੋ ਕਿ ਪਿੰਡ ਜੱਲਾ ਤੋਂ ਉਹ ਇੱਥੇ ਆਏ ਸਨ ਜੋ ਕਿ ਹੁਣ ਪੰਜਾਬ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਸਥਿਤ ਹੈ। ਇਸ ਪਰਿਵਾਰ ਨੂੰ ਜੱਲੇਵਾਲੇ ਜਾਂ ਜੱਲੇ ਜਾਂ ਜੱਲਾ ਆਦਿ ਕਿਹਾ ਜਾਂਦਾ ਸੀ। ਇੱਥੇ 1920 ਵਿੱਚ ਇੰਡੀਅਨ ਨੈਸ਼ਨਲ ਕਾਂਗਸਰ ਪਾਰਟੀ ਵਲੋਂ ਮਤਾ ਪਾਕੇ ਇੱਕ ਟਰੱਸਟ ਬਣਾਇਆ ਗਿਆ ਅਤੇ 1923 ਵਿੱਚ ਇਸ ਟਰੱਸਟ ਨੇ ਇਹ ਜਮੀਨ ਖਰੀਦੀ। 01 ਅਗਸਤ 1920 ਨੂੰ ਇਸ ਸਥਾਨ ਨੂੰ ਇਸ ਪਰਿਵਾਰ ਕੋਲੋਂ 560472/- ਰੁਪਏ ਵਿੱਚ ਖਰੀਦਿਆ ਗਿਆ ਸੀ। ਮੌਜੂਦਾ ਲਾਟ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਹੀ ਬਣਾਈ ਗਈ ਸੀ। ਇਹ ਲਾਟ ਬਣਾਉਣ ਲਈ 925000/- ਰੁਪਏ ਦੀ ਲਾਗਤ ਆਈ ਸੀ। ਜਲਿਆਵਾਲਾ ਬਾਗ ਵਿੱਚ ਦੇਸ਼ ਦੀ ਅਜਾਦੀ ਤੋਂ ਕਈ ਸਾਲਾਂ ਬਾਦ 1961 ਵਿੱਚ ਜੋਤੀ ਦੇ ਅਕਾਰ ਦਾ 45 ਫੁੱਟ ਉੱਚਾ ਲਾਲ ਪੱਥਰਾਂ ਵਾਲਾ ਖੰਭਾ ਇਸ ਗੋਲੀਕਾਂਡ ਵਿੱਚ ਮਾਰੇ ਗਏ ਸ਼ਹੀਦਾਂ ਦੀ ਯਾਦ ਵਿੱਚ ਬਣਾਇਆ ਗਿਆ। ਇੱਥੇ ਇੱਕ ਅਮਰ ਜੋਤੀ ਵੀ ਬਣਾਈ ਗਈ ਹੈ ਜੋ ਕਿ ਹਮੇਸ਼ਾ ਬਲਦੀ ਰਹਿੰਦੀ ਹੈ। ਇਸ ਦਰਦਨਾਕ ਗੈਰ ਮਨੁਖੀ ਗੋਲੀਕਾਂਡ ਦਾ ਇਤਿਹਾਸ ਵੇਖੀਏ ਤਾਂ ਬ੍ਰਿਟਿਸ਼ ਸਰਕਾਰ ਵਲੋਂ ਪਾਸ ਕੀਤੇ ਗਏ ਰਾਅਲਟ ਐਕਟ ਦੇ ਵਿਰੋਧ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਰੋਸ ਪ੍ਰਦਰਸ਼ਨ ਹੋ ਰਿਹਾ ਸੀ। ਇਸ ਕਾਰਨ ਬ੍ਰਿਟਿਸ਼ ਸਰਕਾਰ ਵਲੋਂ ਦੋ ਪ੍ਰਮੁੱਖ ਲੀਡਰਾਂ ਸਤਿਆਪਾਲ ਅਤੇ ਸੈਫੂਦੀਨ ਕਿਚਲੂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸਦੇ ਵਿਰੋਧ ਵਜੋਂ 10 ਅਪ੍ਰੈਲ 1919 ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਘਰ ਮੂਹਰੇ ਲੋਕਾਂ ਵਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਪ੍ਰਦਰਸ਼ਨਕਾਰੀ ਆਪਣੇ 2 ਮਸ਼ਹੂਰ ਲੀਡਰਾਂ ਸਤਿਆਪਾਲ ਅਤੇ ਸੈਫੂਦੀਨ ਕਿਚਲੂ ਦੀ ਰਿਹਾਈ ਦੀ ਮੰਗ ਕਰ ਰਹੇ ਸਨ ਜਿਹਨਾਂ ਨੂੰ ਪੁਲਿਸ ਗ੍ਰਿਫਤਾਰ ਕਰਕੇ ਕਿਸੇ ਗੁੱਪਤ ਜਗ੍ਹਾ ਤੇ ਲੈ ਗਈ ਸੀ। ਬ੍ਰਿਟਿਸ਼ ਫੌਜ ਨੇ ਪ੍ਰਦਰਸ਼ਨਕਾਰੀਆਂ ਤੇ ਗੋਲੀ ਚਲਾ ਦਿੱਤੀ ਜਿਸ ਕਾਰਨ ਕਈ ਪ੍ਰਦਰਸ਼ਨਕਾਰੀ ਮਾਰੇ ਗਏ ਅਤੇ ਕਈ ਜ਼ਖਮੀ ਹੋ ਗਏ ਸਨ। ਇਸ ਤੋਂ ਬਾਅਦ ਦੇਸ਼ਵਾਸੀਆਂ ਵਿੱਚ ਅੰਗਰੇਜ਼ਾ ਖਿਲਾਫ ਰੋਸ ਵੱਧ ਗਿਆ ਅਤੇ ਪ੍ਰਦਰਸ਼ਨਕਾਰੀਆਂ ਨੇ ਸਰਕਾਰੀ ਦਫ਼ਤਰਾਂ ਅਤੇ ਰੇਲਵੇ ਸਟੇਸ਼ਨਾਂ ਤੇ ਹਮਲਾ ਕਰਕੇ ਭੰਨਤੋੜ ਸ਼ੁਰੂ ਕਰ ਦਿੱਤੀ। ਇਸ ਦੌਰਾਨ 5 ਯੂਰਪੀ ਨਾਗਰਿਕਾਂ ਸਮੇਤ ਕਈ ਸਰਕਾਰੀ ਅਧਿਕਾਰੀ ਅਤੇ ਆਮ ਨਾਗਰਿਕ ਮਾਰੇ ਗਏ। ਫੌਜ਼ ਨਾਲ ਪ੍ਰਦਰਸ਼ਨਕਾਰੀਆਂ ਦੀਆਂ ਕਈ ਝੜਪਾਂ ਹੋਈਆਂ ਜਿਸ ਵਿੱਚ 8 ਤੋਂ 20 ਪ੍ਰਦਰਸ਼ਨਕਾਰੀ ਮਾਰੇ ਗਏ। ਇਸਤੋਂ ਬਾਅਦ 11 ਅਪ੍ਰੈਲ, 1919 ਨੂੰ ਮਿਸ ਮਾਰਸੇਲਾ ਸ਼ੇਰਵੁੱਡ ਜੋ ਕਿ ਇੱਕ ਅੰਗਰੇਜ਼ ਮਿਸ਼ਨਰੀ ਸੀ ਅਤੇ ਸਕੂਲ ਚਲਾ ਰਹੀ ਸੀ ਨੇ ਸਕੂਲ ਬੰਦ ਕਰ ਦਿੱਤਾ ਅਤੇ ਲੱਗਭੱਗ 600 ਭਾਰਤੀ ਵਿਦਿਆਰਥੀਆਂ ਨੂੰ ਵਾਪਿਸ ਘਰ ਭੇਜ ਦਿੱਤਾ ਸੀ। ਇਸਦੇ ਰੋਸ ਵਜੋਂ ਭੜਕੀ ਭੀੜ ਨੇ ਕੂਚਾ ਕੂਰੀਚਨ ਤੰਗ ਗਲੀ ਵਿੱਚ ਉਸਨੂੰ ਵਾਲਾਂ ਤੋਂ ਫੜ ਕੇ ਘਸੀਟਿਆ ਅਤੇ ਕੁੱਟਿਆ ਜਿਸਨੂੰ ਕੁੱਝ ਵਿਦਿਆਰਥੀਆਂ ਦੇ ਮਾਪਿਆਂ ਨੇ ਭੀੜ ਹੱਥੋਂ ਬਚਾਇਆ। ਇਸਤੋਂ ਬਾਅਦ ਜਨਰਲ ਡਾਇਰ ਨੇ ਉਸੇ ਗਲੀ ਵਿੱਚ ਭਾਰਤੀਆਂ ਨੂੰ ਗੋਡਿਆਂ ਅਤੇ ਹੱਥਾਂ ਭਾਰ ਰੇਂਗ ਕੇ ਚੱਲਣ ਲਈ ਮਜ਼ਬੂਰ ਕੀਤਾ ਸੀ। ਇਸਤੋਂ ਅਗਲੇ ਦੋ ਦਿਨਾਂ ਤੱਕ ਪੰਜਾਬ ਵਿੱਚ ਹਿੰਸਾ ਦੀਆਂ ਵਾਰਦਾਤਾਂ ਹੁੰਦੀਆਂ ਰਹੀਆਂ। ਪੰਜਾਬ ਵਿੱਚ ਰੇਲ ਦੀਆਂ ਪਟੜੀਆਂ ਨੂੰ ਉਖਾੜ ਦਿੱਤਾ ਗਿਆ, ਟੈਲੀਫੋਨ ਸੇਵਾ ਠੱਪ ਕਰ ਦਿੱਤੀ ਗਈ ਅਤੇ ਸਰਕਾਰੀ ਭਵਨਾਂ ਨੂੰ ਅੱਗਾਂ ਲਗਾਈਆਂ ਗਈਆਂ ਅਤੇ ਤਿੰਨ ਯੂਰਪੀ ਲੋਕਾਂ ਦਾ ਕਤਲ ਕਰ ਦਿੱਤਾ ਗਿਆ। ਇਸਤੋਂ ਬਾਅਦ ਅੰਗਰੇਜ਼ ਸਰਕਾਰ ਨੇ ਸਾਰੇ ਪੰਜਾਬ ਵਿੱਚ ਮਾਰਸ਼ਲ ਲਾਅ ਲਗਾ ਦਿੱਤਾ। ਇਸ ਲਾਅ ਅਨੁਸਾਰ ਕਿਤੇ ਵੀ ਚਾਰ ਤੋਂ ਵੱਧ ਭਾਰਤੀ ਇੱਕੋ ਜਗ੍ਹਾ ਇਕੱਠੇ ਨਹੀਂ ਹੋ ਸਕਦੇ ਸਨ। ਇਸਤੋਂ ਬਾਅਦ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਹਰਮਿੰਦਰ ਸਾਹਿਬ ਨੇੜੇ




ਜ਼ਲਿਆਵਾਲਾ ਬਾਗ ਵਿੱਚ ਲੋਕਾਂ ਦਾ ਭਾਰੀ ਇਕੱਠ ਜਿਸ ਵਿੱਚ ਲੱਗਭੱਗ ਪੰਜ ਹਜ਼ਾਰ ਵਿਅਕਤੀ ਹਾਜ਼ਰ ਸਨ ਸ਼ਾਂਤੀਪੂਰਵਕ ਸਭਾ ਕਰ ਰਿਹਾ ਸੀ। ਇਹ ਜਲਸਾ ਸ਼ਾਮ ਦੇ 4 ਵੱਜ ਕੇ 30 ਮਿੰਟ ਤੇ ਸ਼ੁਰੂ ਹੋਇਆ ਸੀ। ਇਸ ਵਿੱਚ ਵੱਖ ਵੱਖ ਪਿੰਡਾਂ ਦੇ ਲੋਕ ਸ਼ਾਮਿਲ ਸਨ। ਸ਼ਾਮ ਦੇ 5 ਵੱਜ ਕੇ 30 ਮਿੰਟ ਤੇ ਬ੍ਰਿਗੇਡੀਅਰ ਜਨਰਲ ਰੇਜੀਨਾਲਡ ਡਾਇਰ ਦੀ ਕਮਾਂਡ ਵਿੱਚ ਬ੍ਰਿਟਿਸ਼ ਇੰਡੀਅਨ ਆਰਮੀ ਦਾ ਦਸਤਾ ਜਿਸ ਵਿੱਚ 65 ਫੌਜੀ ਗੋਰਖਾ ਅਤੇ 25 ਫੌਜੀ ਬਲੋਚ ਸਨ ਨੇ ਆ ਕੇ ਸ਼ਾਤੀਪੂਰਵਕ ਚੱਲ ਰਹੇ ਜਲਸੇ ਨੂੰ ਘੇਰਾ ਪਾ ਲਿਆ। ਇਹ ਫੌਜੀ 303 ਲੀ ਇਨਫੀਲਡ ਬੋਲਟ ਐਕਸ਼ਨ ਰਾਈਫਲਾਂ ਨਾਲ ਲੈਸ ਸਨ। ਇਸ ਮੌਕੇ ਜਨਰਲ ਡਾਇਰ ਆਪਣੇ ਨਾਲ ਦੋ ਗੱਡੀਆਂ ਵਿੱਚ ਮਸ਼ੀਨਗੰਨਾਂ ਵੀ ਲੈ ਕੇ ਆਇਆ ਸੀ। ਜਨਰਲ ਡਾਇਰ ਨੇ ਬਾਹਰ ਜਾਣ ਦੇ ਰਸਤੇ ਨੂੰ ਬੰਦ ਕਰ ਦਿੱਤਾ ਅਤੇ ਉਥੇ ਮਸ਼ੀਨਗੰਨਾਂ ਬੀੜ ਦਿੱਤੀਆਂ। ਜਨਰਲ ਡਾਇਰ ਨੇ ਬਿਨਾਂ ਕੋਈ ਚੇਤਾਵਨੀ ਦਿੱਤੇ ਹੀ ਜਲਸੇ ਉਤੇ ਫਾਈਰਿੰਗ ਦਾ ਹੁਕਮ ਦੇ ਦਿੱਤਾ। ਫੌਜ ਨੇ 10 ਮਿੰਟ ਤੱਕ ਗੋਲਾਬਾਰੀ ਕੀਤੀ ਜਿਸ ਨਾਲ ਸੈਂਕੜੇ ਨਿਹੱਥੇ ਲੋਕ ਮਾਰੇ ਗਏ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਜ਼ਖਮੀ ਹੋ ਗਏ। ਇਹ ਬਾਗ ਦੋ ਸੋ ਗਜ ਲੰਮਾ ਅਤੇ ਇੱਕ ਸੋ ਗਜ ਚੌੜਾ ਸੀ। ਉਸਦੇ ਚਾਰੇ ਪਾਸੇ ਦੀਵਾਰ ਸੀ ਅਤੇ ਦੀਵਾਰ ਦੇ ਨਾਲ ਹੀ ਘਰ ਸਨ। ਬਾਹਰ ਨਿਕਲਣ ਲਈ ਇੱਕ ਛੋਟਾ ਜਿਹਾ ਤੰਗ ਰਸਤਾ ਸੀ। ਕੁਝ ਲੋਕਾਂ ਨੇ ਖੂਹ ਵਿੱਚ ਛਾਲਾ ਮਾਰ ਦਿੱਤੀਆਂ ਪਰ ਆਪਣੀ ਜਾਨ ਨਾ ਬਚਾ ਸਕੇ। ਕੁਝ ਲੋਕਾਂ ਨੇ ਕੰਧ ਟੱਪ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਵੀ ਗੋਲੀਆਂ ਦੀ ਮਾਰ ਤੋਂ ਬਚ ਨਾ ਸਕੇ। ਇਹ ਗੋਲੀਬਾਰੀ ਉਦੋਂ ਹੀ ਖਤਮ ਹੋਈ ਜਦੋਂ ਫੌਜੀਆਂ ਦੀਆਂ ਗੋਲੀਆਂ ਖਤਮ ਹੋ ਗਈਆਂ। ਜਨਰਲ ਡਾਇਰ ਅਨੁਸਾਰ 1650 ਰਾਊਂਡ ਗੋਲੀਆਂ ਚਲਾਈਆਂ ਗਈਆਂ ਸਨ। ਖੂਹ ਵਿੱਚੋਂ 120 ਲਾਸ਼ਾਂ ਕੱਢੀਆਂ ਗਈਆਂ ਸੀ। ਇਸਤੋਂ ਬਾਅਦ ਮੁਕੰਮਲ ਕਰਫਿਊ ਲਗਾ ਦਿੱਤਾ ਗਿਆ।

ਪੰਜਾਬ ਦੇ ਲੋਕਾਂ ਨੇ ਪਹਿਲੇ ਵਿਸ਼ਵ ਯੁੱਧ ਵਿੱਚ ਅੰਗਰੇਜ਼ਾਂ ਵੱਲੋਂ ਵੱਧ ਚੜ ਕੇ ਹਿੱਸਾ ਲਿਆ ਸੀ ਅਤੇ ਹਜ਼ਾਰਾਂ ਪੰਜਾਬੀਆਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ ਪਰ ਅੰਗਰੇਜ਼ਾਂ ਨੇ ਇਸਦੇ ਬਦਲੇ ਵਿੱਚ ਜਲਿਆਵਾਲਾ ਬਾਗ ਵਿੱਚ ਨਿਹੱਥੇ ਪੰਜਾਬੀ ਪੇਂਡੂਆਂ ਦੇ ਖੂਨ ਦੀ ਹੋਲੀ ਖੇਡੀ। ਜਲਿਆਵਾਲਾ ਬਾਗ ਵਿੱਚ ਆਪਣੀਆਂ ਜਾਨਾਂ ਗਵਾਉਣ ਵਾਲੇ ਲੋਕਾਂ ਦੀ ਅੱਜ ਤੱਕ ਤਾਂ ਪੂਰੀ ਗਿਣਤੀ ਅਤੇ ਜਾਣਕਾਰੀ ਹੀ ਪਤਾ ਨਹੀਂ ਚੱਲ ਸਕੀ ਹੈ ਅਤੇ ਨਾਂ ਹੀ ਅੱਜ ਤੱਕ ਉਨ੍ਹਾਂ ਨੂੰ ਸ਼ਹੀਦਾਂ ਦਾ ਦਰਜਾ ਦਿੱਤਾ ਹੈ। ਉਸ ਵੇਲੇ ਇਸ ਗੋਲੀਕਾਂਡ ਵਿੱਚ ਸ਼ਹੀਦ ਹੋਏ ਲੋਕਾਂ ਦੀ ਗਿਣਤੀ ਵੀ ਵੱਖ ਵੱਖ ਦਰਸਾਈ ਗਈ। ਅੰਗਰੇਜ਼ ਸਰਕਾਰ ਅਨੁਸਾਰ ਇਸ ਗੋਲੀਕਾਂਡ ਵਿੱਚ 379 ਵਿਅਕਤੀ ਮਾਰੇ ਗਏ ਸਨ ਅਤੇ ਲੱਗਭੱਗ 1100 ਵਿਅਕਤੀ ਜਖਮੀ ਹੋਏ ਸਨ, ਸਿਵਲ ਸਰਜਨ ਡਾਕਟਰ ਵਿਲੀਅਮਜ਼ ਡੀਮੈਡੀ ਅਨੁਸਾਰ ਇਸ ਗੋਲੀਕਾਂਡ ਵਿੱਚ 1526 ਵਿਅਕਤੀ ਸ਼ਹੀਦ ਹੋਏ ਹਨ, ਇੰਡ-ੀਅਨ ਨੈਸ਼ਨਲ ਕਾਂਗਰਸ ਅਨੁਸਾਰ ਇਨ੍ਹਾਂ ਦੀ ਗਿਣਤੀ 1500 ਤੋਂ ਵੱਧ ਦੱਸੀ ਗਈ ਸੀ, ਡਿਪਟੀ ਕਮਿਸ਼ਨਰ ਅਮ੍ਰਿਤਸਰ ਦੇ ਦਫਤਰ ਵਿੱਚ ਲਗਾਈ ਗਈ ਸੂਚੀ ਅਨੁਸਾਰ ਇਸ ਗੋਲੀਕਾਂਡ ਵਿੱਚ 484 ਵਿਅਕਤੀ ਸ਼ਹੀਦ ਹੋਏ ਸਨ ਜਦਕਿ ਜਲਿਆਂਵਾਲਾ ਬਾਗ ਵਿੱਚ ਸਿਰਫ 388 ਵਿਅਕਤੀਆਂ ਦੀ ਹੀ ਸੂਚੀ ਹੈ। ਬ੍ਰਿਟਿਸ਼ ਸਰਕਾਰ ਦੇ ਰਿਕਾਰਡ ਅਨੁਸਾਰ ਇਸ ਗੋਲੀਕਾਂਡ ਵਿੱਚ 379 ਵਿਅਕਤੀ ਸਹੀਦ ਹੋਏ ਸਨ ਜਿਨ੍ਹਾਂ ਵਿੱਚ 337 ਪੁਰਸ਼, 41 ਨਾਬਾਲਿਗ ਲੜਕੇ ਅਤੇ 01 ਛੇ ਹਫਤੇ ਦਾ ਬੱਚਾ ਸ਼ਾਮਿਲ ਸੀ। ਉਨ੍ਹਾਂ ਅਨੁਸਾਰ ਇਸ ਗੋਲੀਕਾਂਡ ਵਿੱਚ 200 ਵਿਅਕਤੀ ਜਖਮੀ ਹੋਏ ਸਨ।

ਇਸ ਗੋਲੀਕਾਂਡ ਨੂੰ ਕਰਵਾਉਣ ਵਿੱਚ ਕੁੱਝ ਸਥਾਨਕ ਆਗੂਆਂ ਦਾ ਵੀ ਵੱਡਾ ਹੱਥ ਸੀ। ਉਸ ਵੇਲੇ ਦਰਬਾਰ ਸਾਹਿਬ ਤੇ ਮਹੰਤਾਂ ਨੇ ਕਬਜ਼ਾ ਕੀਤਾ ਹੋਇਆ ਸੀ ਅਤੇ ਦਰਬਾਰ ਸਾਹਿਬ ਦੇ ਮੁਖੀ ਅਰੂੜਾ ਸਿੰਘ ਨੇ ਇਸ ਗੋਲੀਕਾਂਡ ਤੋਂ ਬਾਦ ਜਨਰਲ ਡਾਇਰ ਨੂੰ ਸਿਰੋਪਾ ਦੇਕੇ ਸਨਮਾਨਿਤ ਕੀਤਾ ਸੀ। ਇਸ ਹੱਤਿਆਕਾਂਡ ਦੇ ਵਿਰੋਧ ਵਿੱਚ ਰਬਿੰਦਰਨਾਥ ਟੈਗੋਰ ਨੇ ਸਰ ਦੀ ਉਪਾਧੀ ਮੋੜ ਦਿੱਤੀ। ਜਲਿਆਵਾਲਾ ਬਾਗ ਦੇ ਖੂਨੀ ਕਾਂਡ ਦਾ ਬਦਲਾ ਇੱਕ ਅਣਖੀਲੇ ਪੰਜਾਬੀ ਸੂਰਮੇ ਸ਼ਹੀਦ ਊਧਮ ਸਿੰਘ ਜੋਕਿ ਖੁਦ ਇਸ ਗੋਲੀਕਾਂਡ ਮੌਕੇ ਬਾਗ ਵਿੱਚ ਸੀ ਅਤੇ ਜਖ਼ਮੀ ਹੋਇਆ ਸੀ ਨੇ ਲਿਆ ਸੀ। ਮਾਈਕਲ ਓਡਵਾਇਰ ਜੋ ਕਿ ਜਲਿਆਵਾਲਾ ਬਾਗ ਦੇ ਖੂਨੀ ਕਾਂਡ ਸਮੇਂ ਪੰਜਾਬ ਦਾ ਗਵਰਨਰ ਸੀ ਅਤੇ ਜਨਰਲ ਡਾਇਰ ਨੂੰ ਕਤਲੇਆਮ ਕਰਨ ਦੀ ਇਜ਼ਾਜ਼ਤ ਦਿੱਤੀ ਸੀ ਨੂੰ ਊਧਮ ਸਿੰਘ ਨੇ 13 ਮਾਰਚ 1940 ਨੂੰ ਇੱਕ ਸਭਾ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਅਤੇ 31 ਜੁਲਾਈ 1940 ਨੂੰ ਅੰਗਰੇਜ਼ ਸਰਕਾਰ ਨੇ ਊਧਮ ਸਿੰਘ ਨੂੰ ਫਾਂਸੀ ਦੇ ਤਖਤੇ ਦੇ ਲਟਕਾ ਕੇ ਸ਼ਹੀਦ ਕਰ ਦਿੱਤਾ। ਇਸ ਸਥਾਨ ਦਾ ਡਿਜਾਇਨ ਅਮਰੀਕਾ ਦੇ ਪ੍ਰਸਿੱਧ ਆਰਕੀਟੈਕਟ ਬੈਂਜਾਮੀਨ ਪੋਲਕ ਨੇ ਤਿਆਰ ਕੀਤਾ ਅਤੇ 13 ਅਪ੍ਰੈਲ 1961 ਨੂੰ ਭਾਰਤ ਦੇ ਰਾਸ਼ਟਰਪਤੀ ਡਾਕਟਰ ਰਾਜਿੰਦਰਾ ਪ੍ਰਸਾਦ ਨੇ ਇਸਦਾ ਉਦਘਾਟਨ ਕੀਤਾ ਸੀ। ਬ੍ਰਿਟਿਸ਼ ਸਰਕਾਰ ਦੇ ਕਈ ਆਗੂਆਂ ਨੇ ਸਮੇਂ ਸਮੇਂ ਤੇ ਇਸ ਬਾਗ ਦਾ ਦੌਰਾ ਕੀਤਾ ਹੈ।

ਇਸ ਦਰਦਨਾਕ ਘਟਨਾ ਤੋਂ ਕਈ ਸਾਲਾਂ ਬਾਦ ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਇਸ ਇਤਿਹਾਸਕ ਬਾਗ ਵਿੱਚ ਆਏ ਸਨ ਅਤੇ ਉਨ੍ਹਾਂ ਨੇ 13 ਅਪ੍ਰੈਲ 1919 ਨੂੰ ਵਾਪਰੇ ਗੋਲੀਕਾਂਡ ਨੂੰ ਇੱਕ ਸ਼ਰਮਨਾਕ ਘਟਨਾ ਕਰਾਰ ਦਿਤਾ, ਬ੍ਰਿਟਿਸ਼ ਪ੍ਰਧਾਨ ਮੰਤਰੀ ਬਿਸਟਲ ਚਰਚਿਲ ਨੇ ਇਸ ਘਟਨਾ ਨੂੰ ਰਾਖਸ਼ਸ਼ੀ ਘਟਨਾ ਤੱਕ ਕਿਹਾ ਸੀ। 1997 ਵਿੱਚ ਮਹਾਰਾਣੀ ਐਲਿਜਾਵੈਥ ਦੂਜੀ ਅਤੇ ਉਸਦੇ ਪਤੀ ਅਤੇ ਡਿਊਕ ਆਫ ਐਡਿਨਵਰਗ ਪ੍ਰਿੰਸ ਫਿਲਿਪ ਲੇ ਵੀ ਇਸ ਥਾਂ ਦਾ ਦੌਰਾ ਕੀਤਾ। ਕਿੰਨੇ ਦੁੱਖ ਦੀ ਗੱਲ ਹੈ ਕਿ 13 ਅਪ੍ਰੈਲ 1919 ਨੂੰ ਜ਼ਲਿਆਵਾਲਾ ਬਾਗ ਵਿੱਚ ਸ਼ਹੀਦ ਹੋਣ ਵਾਲੇ ਲੋਕ 98 ਸਾਲਾਂ ਬਾਦ ਵੀ ਇੱਕ ਬੁਝਾਰਤ ਹੀ ਬਣੇ ਹੋਏ ਹਨ ਅਤੇ ਸ਼ਹੀਦ ਹੋਏ ਦੇਸਵਾਸੀਆਂ ਦੀ ਅਸਲੀਅਤ ਅਜੇ ਤੱਕ ਲੋਕਾਂ ਸਾਹਮਣੇ ਨਹੀਂ ਆ ਰਹੀ ਹੈ। ਇਨ੍ਹਾਂ ਸ਼ਹੀਦਾਂ ਨੂੰ ਸਨਮਾਨ ਦੇਣਾ ਤਾਂ ਦੂਰ ਉਨ੍ਹਾਂ ਦੀ ਪੂਰੀ ਗਿਣਤੀ ਦੀ ਸੂਚੀ ਵੀ ਨਹੀਂ ਹੈ।

ਸਰਕਾਰ ਨੂੰ ਚਾਹੀਦਾ ਹੈ ਕਿ ਜ਼ਲਿਆਂਵਾਲਾ ਬਾਗ ਕਾਂਡ ਵਿੱਚ ਸ਼ਹੀਦ ਹੋਣ ਵਾਲੇ ਦੇਸ਼ ਭਗਤਾਂ ਨੂੰ ਅਗਿਆਤ ਨਾ ਰਹਿਣ ਦੇਵੇ ਸਗੋਂ ਉਹਨਾਂ ਦੇ ਨਾਮ ਅਤੇ ਤਸਵੀਰਾਂ ਸਨਮਾਨ ਸਹਿਤ ਇਸ ਥਾ ਤੇ ਲਗਾਈਆਂ ਜਾਣ ਤਾਂ ਜੋ ਆਮ ਜਨਤਾ ਨੂੰ ਪਤਾ ਲੱਗ ਸਕੇ ਕਿ ਕਿਹਨਾਂ ਲੋਕਾਂ ਨੇ ਦੇਸ਼ ਦੀ ਖਾਤਰ ਆਪਣੀ ਜਾਨ ਗਵਾਈ ਸੀ। ਸਰਕਾਰ ਨੂੰ ਜ਼ਲਿਆਂਵਾਲਾ ਬਾਗ ਕਾਂਡ ਵਿੱਚ ਮਰਨ ਵਾਲੇ ਲੋਕਾਂ ਨੂੰ ਸ਼ਹੀਦ ਦਾ ਦਰਜਾ ਦੇ ਕੇ ਬਣਦਾ ਸਨਮਾਨ ਦੇਣਾ ਚਾਹੀਦਾ ਹੈ ਅਤੇ ਮੁਕੰਮਲ ਜਾਣਕਾਰੀ ਲੋਕਾਂ ਤੱਕ ਪਹੁੰਚਾਣ ਲਈ ਪੁੱਖਤਾ ਪ੍ਰਬੰਧ ਕਰਨੇ ਚਾਹੀਦੇ ਹਨ ਨਹੀਂ ਤਾਂ ਸਾਡੀ ਆਣ ਵਾਲੀ ਪੀੜੀ ਦੇਸ਼ ਦੇ ਇਸ ਗੌਰਵਮਈ ਇਤਿਹਾਸ ਤੋਂ ਬਾਂਝੀ ਰਹਿ ਜਾਵੇਗੀ।



ਕੁਲਦੀਪ ਚੰਦ
91-94175-63054

# ਦੇਸ਼ ਭਗਤ ਕੌਣ ਤੇ ਦੇਸ਼ ਧ੍ਰੋਹੀ ਕੌਣ?

ਦੇਸ਼ ਭਗਤੀ ਦੇ ਮਾਅਨੇ ਕੀ ਹਨ ਇਸ ਬਾਰੇ ਜੇਕਰ ਚਰਚਾ ਕਰੀਏ ਤਾਂ ਇਸ ਦਾ ਸਿੱਧਾ-ਸਾਦਾ ਮਤਲਬ ਇਹ ਹੀ ਬਣਦਾ ਹੈ ਕਿ ਕੋਈ ਵੀ ਅਜਿਹਾ ਕੰਮ ਜਿਸ ਨਾ਼ਲ ਦੇਸ਼ ਦੀ ਮਿੱਟੀ ਅਤੇ ਦੇਸ਼ ਦੇ ਲੋਕਾਂ ਨੂੰ ਕੋਈ ਫ਼ਾਇਦਾ ਹੁੰਦਾ ਹੋਵੇ ਅਤੇ ਦੇਸ਼ ਦਾ ਸਿਰ ਉੱਚਾ ਹੁੰਦਾ ਹੋਵੇ ਉਹ ਦੇਸ਼ ਭਗਤੀ ਹੈ। ਇਸ ਦੇ ਉਲਟ ਅਜਿਹਾ ਕੋਈ ਵੀ ਕੰਮ ਜਿਸ ਨਾ਼ਲ ਦੇਸ਼ ਦੀ ਮਿੱਟੀ ਅਤੇ ਦੇਸ਼ ਦੇ ਲੋਕਾਂ ਦਾ ਨੁਕਸਾਨ ਹੁੰਦਾ ਹੋਵੇ ਅਤੇ ਦੇਸ਼ ਦਾ ਸਿਰ ਨੀਵਾਂ ਹੁੰਦਾ ਹੋਵੇ ਉਹ ਕੰਮ ਹਰਗਿਜ਼ ਦੇਸ਼ ਧ੍ਰੋਹ ਮੰਨਿਆ ਜਾਂਦਾ ਹੈ।

ਬਦਲੀ ਹਵਾ ਕਾਰਨ ਇਹਨੀਂ ਦਿਨੀਂ ਮੁਸਲਿਮ ਵਰਗ ਅਤੇ ਪਾਕਿਸਤਾਨ ਦਾ ਵਿਰੋਧ ਦੇਸ਼ ਭਗਤੀ ਮੰਨਿਆ ਜਾ ਰਿਹਾ ਹੈ। ਇਸ ਤਰ੍ਹਾਂ ਦੀ ਅਖੌਤੀ ਦੇਸ਼ ਭਗਤੀ ਹੁਣ ਚਰਮ ਸੀਮਾ ’ਤੇ ਹੈ। ਬਹੁਤਾ ਅਤੇ ਊਲ-ਜਲੂਲ ਬੋਲਣ ਵਾ਼ਲੇ ਕੱਟੜਪ੍ਰਸਤ ਨੇਤਾ ਸੱਤਾ ਅਤੇ ਮੀਡੀਆ ਦੇ ਸਹਾਰੇ ਖ਼ੁਦ ਨੂੰ ਦੇਸ਼ ਭਗਤ ਸਾਬਿਤ ਕਰਨ ਲੱਗੇ ਹੋਏ ਹਨ। ਮੀਡੀਆ ’ਤੇ ਚਾਰੇ ਪਾਸੇ ਅਜਿਹੇ ਨੇਤਾਵਾਂ ਦੀ ਅਖੌਤੀ ਦੇਸ਼ ਭਗਤੀ ਦੇਖਣ ਸੁਣਨ ਨੂੰ ਮਿਲ ਰਹੀ ਹੈ। ਇਹਨਾਂ ਅਖੌਤੀ ਦੇਸ਼ ਭਗਤਾਂ ਨੇ ਅਜਿਹਾ ਮਾਹੌਲ ਬਣਾ ਦਿੱਤਾ ਹੈ ਕਿ ਜਿਸ ਵਿਅਕਤੀ ਦੀ ਇਹਨਾਂ ਦੇਸ਼ ਭਗਤਾਂ ਨਾ਼ਲ ਸੁਰ ਨਹੀਂ ਮਿ਼ਲਦੀ ਉਸ ਤੋਂ ਥੋੜ੍ਹੀ ਜਿਹੀ ਵੀ ਅਜਿਹੀ ਗੱਲ ਹੋ ਜਾਵੇ ਤਾਂ ਉਸ ’ਤੇ ਗ਼ੱਦਾਰੀ ਦਾ ਠੱਪਾ ਲਗਾ ਦਿੱਤਾ ਜਾਂਦਾ ਹੈ। ਦੇਸ਼ ਭਗਤੀ ਅਤੇ ਦੇਸ਼ ਧ੍ਰੋਹ ਕਿੰਨ੍ਹਾਂ ਗੱਲਾਂ ਵਿੱਚ ਹੈ ਇਸ ਦਾ ਨਿਰਣਾ ਸੱਤਾਧਾਰੀ ਧਿਰ ਵੱਲੋਂ ਕੀਤਾ ਜਾਂਦਾ ਹੈ। ਇਹ ਪੈਮਾਨਾ ਕਿਹੋ ਜਿਹਾ ਹੋਵੇ ਇਸ ਬਾਰੇ ਜੇਕਰ ਕੋਈ ਖ਼ਾਸ ਮਾਪਦੰਡ ਹੋਣ ਤਾਂ ਉਹਨਾਂ ’ਤੇ ਕੋਈ ਨਾ ਕੋਈ ਪੂਰਾ ਉੱਤਰ ਸਕਦਾ ਹੈ। ਪਰ ਜੇਕਰ ਸੱਤਾਧਾਰੀ ਧਿਰ ਪ੍ਰਚੱਲਤ ਨਿਯਮਾਂ ਦੀ ਬਜਾਏ ਆਪਣੇ ਪੈਮਾਨੇ ਖ਼ੁਦ ਘੜੇ ਅਤੇ ਦੋ ਵਰਗਾਂ ਲਈ ਪੈਮਾਨੇ ਵੀ ਵੱਖੋ-ਵੱਖਰੇ ਹੋਣ ਤਾਂ ਹਰ ਕਿਸੇ ਲਈ ਦੇਸ਼ ਭਗਤ ਹੋਣਾ ਮੁਸ਼ਕਲ ਹੋ ਜਾਂਦਾ ਹੈ। ਬਹੁਤੀ ਵਾਰ ਬੰਦਾ ਐਵੇਂ ਹੀ ਦੇਸ਼ ਧ੍ਰੋਹੀਆਂ ਦੀ ਕਤਾਰ ਵਿੱਚ ਜਾ ਖੜ੍ਹਦਾ ਹੈ। ਇਹੋ ਜਿਹਾ ਹੀ ਅੱਜ-ਕੱਲ੍ਹ ਵਾਪਰ ਰਿਹਾ ਹੈ।

ਜਿੰਨ੍ਹਾਂ ਲੋਕਾਂ ਦਾ ਇਹ ਦੇਸ਼ ਆਪਣਾ ਦੇਸ਼ ਹੈ ਤੇ ਜਿਹੜੇ ਲੋਕ ਇਸ ਦੇਸ਼ ਦੇ ਮੂਲ ਨਿਵਾਸੀ ਹਨ, ਉਹਨਾਂ ਦੇ ਹੱਥਾਂ ਵਿੱਚ ਤਾਂ ਲੰਬੇ ਸਮੇਂ ਤੋਂ ਦੇਸ਼ ਦੀ ਹਕੂਮਤ ਨਹੀਂ ਰਹੀ। ਇਸ ਲਈ ਦੇਸ਼ ਭਗਤੀ ਦੇ ਪੈਮਾਨੇ ਘੜਨ ਵਿੱਚ ਉਹਨਾਂ ਦਾ ਕੋਈ ਹੱਥ ਨਹੀਂ। ਜਿਹੜੇ ਲੋਕ ਵਿਦੇਸ਼ਾਂ ਵਿੱਚੋਂ ਆ ਕੇ ਵਸੇ ਹਨ ਉਹਨਾਂ ਵਿੱਚੋਂ ਹੀ ਕੁੱਝ ਲੋਕਾਂ ਕੋ਼ਲ ਹਕੂਮਤ ਰਹੀ ਹੈ। ਸਮੇਂ ਸਮੇਂ ’ਤੇ ਵਿਦੇਸ਼ੀ ਲੋਕ ਆਉਂਦੇ ਹਨ ਅਤੇ ਇੱਥੇ ਵਸਦੇ ਰਹੇ। ਕੁੱਝ ਕੁ ਨੇ ਕੁੱਝ ਸਮਾਂ ਰਾਜ ਕੀਤਾ ਫਿਰ ਰਾਜ ਖ਼ਤਮ ਹੋ ਜਾਣ ’ਤੇ ਉਹ ਵਾਪਸ ਆਪਣੇ ਮੂਲ ਮੁਲਕਾਂ ਨੂੰ ਚਲੇ ਗਏ ਜਾਂ ਜਿੰਨ੍ਹਾਂ ਲੋਕਾਂ ਨੇ ਇੱਥੇ ਹੀ ਆਪਣਾ ਭਾਈਚਾਰਾ ਵਸਾ ਲਿਆ ਤਾਂ ਆਪਣਾ ਰਾਜ ਖੁੱਸ ਜਾਣ ’ਤੇ ਉਹਨਾਂ ਵਿੱਚੋਂ ਬਹੁਤਿਆਂ ਨੇ ਵਾਪਸ ਜਾਣ ਦੀ ਬਜਾਏ ਇਸ ਦੇਸ਼ ਨੂੰ ਆਪਣਾ ਦੇਸ਼ ਮੰਨ ਲਿਆ। ਜਦੋਂ ਉਹਨਾਂ ਨੇ ਇਸ ਦੇਸ਼ ਨੂੰ ਆਪਣਾ ਦੇਸ਼ ਮੰਨ ਲਿਆ ਤਾਂ ਉਹ ਇਸ ਦੇਸ਼ ਦੇ ਹੀ ਵਸਨੀਕ ਹੋ ਗਏ। ਪਰ ਕੁੱਝ ਕੁ ਲੋਕ ਅਜਿਹੇ ਹਨ ਜਿੰਨ੍ਹਾਂ ਨੇ ਇੱਥੇ ਵਿਆਹ ਸ਼ਾਦੀਆਂ ਕੀਤੀਆਂ, ਭਾਈਚਾਰਾ ਵੀ ਵਸਾਇਆ ਪਰ ਉਹਨਾਂ ਨੇ ਅਜੇ ਵੀ ਅੰਦਰੋਂ ਇਸ ਦੇਸ਼ ਨੂੰ ਆਪਣਾ ਦੇਸ਼ ਨਹੀਂ ਮੰਨਿਆਂ। ਇਸ ਦੀ ਉਦਾਹਰਣ ਅਸੀਂ ਅਕਸਰ ਹੀ ਦੇਖਦੇ ਹਾਂ। ਦੇਸ਼ ਨੂੰ ਆਪਣਾ ਮੰਨਣ ਵਾ਼ਲਾ ਕਦੇ ਦੇਸ਼ ਨਾ਼ਲ ਗਦਾਰੀ ਨਹੀਂ ਕਰਦਾ ਅਤੇ ਦੇਸ਼ ਨੂੰ ਬਿਗਾਨਾ ਸਮਝਣ ਵਾ਼ਲਾ ਬਹੁਤੀ ਵਾਰ ਵਫ਼ਾਦਾਰੀ ਨਹੀਂ ਕਰਦਾ। ਉਹ ਹਰ ਅਜਿਹੇ ਮੌਕੇ ਦੀ ਤਲਾਸ਼ ਕਰਦਾ ਹੈ ਜਦੋਂ ਉਸ ਨੂੰ ਕੋਈ ਲਾਹਾ ਮਿ਼ਲਦਾ ਹੋਵੇ। ਫਰਵਰੀ 2017 ਦੇ ਤਾਜ਼ਾ ਮਾਮਲੇ ਵਿੱਚ ਮੱਧ ਪ੍ਰਦੇਸ਼ ਦੇ 11 ਵਿਅਕਤੀ ਫੌਜ ਨਾ਼ਲ ਸਬੰਧਤ ਦੇਸ਼ ਦੀਆਂ ਗੁਪਤ ਜਾਣਕਾਰੀਆਂ ਪਾਕਿਤਸਾਨ ਦੀ ਖ਼ੁਫੀਆ ਏਜੰਸੀ ਨੂੰ ਭੇਜਦੇ ਫੜੇ ਗਏ ਹਨ। ਇਸ ਮਾਮਲੇ ਵਿੱਚ ਸਭ ਦੇ ਸਭ ਹਿੰਦੂ ਘਰਾਣਿਆਂ ਨਾ਼ਲ ਸੰਬੰਧਤ ਵਿਅਕਤੀ ਸਨ ਜੋ ਕਿ ਅਖੌਤੀ ਦੇਸ਼ ਭਗਤੀ ਦੇ ਨਾਅਰੇ ਮਾਰਨ ਵਾ਼ਲੀਆਂ ਸੰਸਥਾਵਾਂ ਦੇ ਆਗੂ ਹਨ। ਦੇਸ਼ ਦੇ ਗੁਪਤ ਦਸਤਾਵੇਜ਼ ਬਾਹਰ ਭੇਜਣ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਜਿੰਨੇ ਵਿਅਕਤੀ ਵਿਦੇਸ਼ੀ ਏਜੰਟਾਂ ਦੇ ਤੌਰ ’ਤੇ ਸਾਹਮਣੇ ਆਏ ਸਭ ਦੇ ਸਭ ਸਵਰਨ ਜਾਤੀਆਂ ਨਾ਼ਲ ਸੰਬੰਧਤ ਸਨ। ਅੱਜ ਤੱਕ ਕੋਈ ਵੀ ਮਾਮਲਾ ਅਜਿਹਾ ਸਾਹਮਣੇ ਨਹੀਂ ਆਇਆ ਜਿਸ ਵਿੱਚ ਭਾਰਤੀ ਮੂਲਵਾਸੀਆਂ ਨਾਲ ਸੰਬੰਧਤ ਕਿਸੇ ਵੀ ਵਰਗ ਦੇ ਵਿਅਕਤੀ ਸ਼ਾਮਲ ਹੋਣ। ਅਜਿਹੇ ਮਾਮਲੇ ਜ਼ਰੂਰ ਸਾਹਮਣੇ ਆਉਂਦੇਠੇਹੇ ਹਨ ਜਦੋਂ ਮੂਲਵਾਸੀਆਂ ਨਾਲ ਸੰਬੰਧਤ ਵਿਅਕਤੀਆਂ ਨੇ ਵਿਦੇਸ਼ਾਂ ਵਿੱਚ ਜਾ ਕੇ ਆਪਣੀ ਜਾਨ ਜੋਖ਼ਿਮ ਵਿੱਚ ਪਾ ਕੇ ਦੇਸ਼ ਲਈ ਜਾਸੂਸੀ ਕੀਤੀ ਅਤੇ ਲੰਬੀਆਂ ਸਜ਼ਾਵਾਂ ਵੀ ਭੁਗਤੀਆਂ। ਇਹਨਾਂ ਵਿੱਚੋਂ ਇੱਕ ਮਾਮਲੇ ਵਿੱਚ ਸਰਬਜੀਤ ਨਾਂਅ ਦੇ ਦਲਿਤ ਭਰਾ ਨੂੰ ਪਾਕਿਸਤਾਨ ਵਿੱਚ ਲੰਬੀ ਜੇਲ੍ਹ ਕੱਟਣ ਦੇ ਨਾ਼ਲ-ਨਾ਼ਲ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ।

ਦੇਸ਼ ਨੂੰ ਵਿਦੇਸ਼ੀ ਮੁਦਰਾ ਦੀ ਜ਼ਰੂਰਤ ਹੁੰਦੀ ਹੈ ਤਾਂ ਵਿਦੇਸ਼ਾਂ ਵਿੱਚ ਜਾ ਕੇ ਭੁੱਖੇ-ਪਿਆਸੇ ਰਹਿ ਕੇ ਮਜ਼ਦੂਰੀ ਵ਼ਗੈਰਾ ਕਰ ਕੇ ਵਿਦੇਸ਼ੀ ਮੁਦਰਾ ਲਿਆਉਣ ਵਾ਼ਲੇ ਜ਼ਿਆਦਾਤਰ ਦਲਿਤ ਪਛੜੇ ਹੀ ਹੁੰਦੇ ਹਨ। ਦੂਸਰੇ ਪਾਸੇ ਭਾਰਤ ਦਾ ਪੈਸਾ ਲੈ ਕੇ ਵਿਦੇਸ਼ਾਂ ਵਿੱਚ ਭੱਜਣ ਵਾ਼ਲੇ ਸਭ ਦੇ ਸਭ ਸਵਰਨ ਜਾਤੀਆਂ ਦੇ ਹੋਣਗੇ। ਚਾਹੇ ਉਹ ਵਿਜੇ ਮਾਲੀਆ ਹੋਵੇ, ਚਾਹੇ ਲਲਿਤ ਮੋਦੀ ਹੋਵੇ ਜਾਂ ਕੋਈ ਫਿ਼ਲਮ ਇੰਡਸਟਰੀ ਦਾ ਸਿਤਾਰਾ ਜਾਂ ਅਜਿਹਾ ਹੀ ਕੋਈ ਹੋਰ ਧਨ ਕੁਬੇਰ, ਇਹਨਾਂ ਵਿੱਚੋਂ ਮੂਲਵਾਸੀ ਕੋਈ ਨਹੀਂ ਹੋਵੇਗਾ। ਇੱਕ ਰਿਪੋਰਟ ਅਨੁਸਾਰ ਸੰਨ 2000 ਤੋਂ 2014 ਤੱਕ 61000 ਕਰੋੜਪਤੀ ਦੇਸ਼ ਦਾ ਪੈਸਾ ਲੁੱਟ ਕੇ ਵਿਦੇਸ਼ਾਂ ਵਿੱਚ ਜਾ ਵਸੇ ਹਨ। ਇਹ ਰਿਪੋਰਟ ਇਹ ਕਹਿੰਦੀ ਹੈ ਕਿ ਹਰ ਰੋਜ਼ 12 ਕਰੋੜਪਤੀ ਦੇਸ਼ ਨੂੰ ਲੁੱਟ ਕੇ ਵਿਦੇਸ਼ਾਂ ਨੂੰ ਦੌੜ ਰਹੇ ਹਨ ਅਤੇ ਉੱਥੇ ਹੀ ਆਪਣੇ ਆਸ਼ਿਆਨੇ ਬਣਾ ਰਹੇ ਹਨ। ਜਿਹੜੇ ਮੂਲਵਾਸੀ ਲੋਕ ਵਿਦੇਸ਼ਾਂ ਵਿੱਚ ਜਾ ਵਸੇ ਹਨ ਉਹ ਇੱਥੋਂ ਕੁੱਝ ਨਹੀਂ ਲੈ ਕੇ ਗਏ ਕਿਉਂਕਿ ਉਹ ਬਹੁਤੇ ਗਰੀਬ ਪਰਿਵਾਰਾਂ ਨਾ਼ਲ ਸੰਬੰਧ ਰੱਖਣ ਵਾ਼ਲੇ ਹਨ। ਕੁੱਝ ਲੋਕ ਰਹਿੰਦੇ ਤਾਂ ਭਾਰਤ ਵਿੱਚ ਹਨ ਪਰ ਉਹਨਾਂ ਨੇ ਦੋ ਨੰਬਰ ਵਿੱਚ ਕਮਾਇਆ ਪੈਸਾ ਵਿਦੇਸ਼ਾਂ ਵਿੱਚ ਭੇਜ ਦਿੱਤਾ ਹੈ। ਮੂਲਵਾਸੀਆਂ ਵਿੱਚ ਲਗਾਤਾਰ ਆ ਰਹੀ ਜਾਗ੍ਰਿਤੀ ਕਾਰਨ ਉਹਨਾਂ ਨੂੰ ਲੱਗਦਾ ਹੈ ਕਿ ਕਦੇ ਵੀ ਅਜਿਹੇ ਹਾਲਾਤ ਬਣ ਸਕਦੇ ਹਨ ਕਿ ਉਹਨਾਂ ਨੂੰ ਦੇਸ਼ ਛੱਡ ਕੇ ਭੱਜਣਾ ਪੈ ਸਕਦਾ ਹੈ। ਇਸ ਲਈ ਉਹਨਾਂ ਨੇ ਪਹਿਲਾਂ ਹੀ ਆਪਣਾ ਬੰਦੋਬਸਤ ਕਰ ਲਿਆ ਹੈ। ਸਵਿਸ ਬੈਂਕਾਂ ਵਿੱਚ ਬੇਨਾਮੀ ਖਾਤਿਆਂ ਵਿੱਚ ਪੈਸੇ ਜਮ੍ਹਾਂ ਕਰਾਉਣ ਵਾ਼ਲੇ ਸਭ ਦੇ ਸਭ ਲੁਟੇਰੇ ਲੋਕ ਸਵਰਨ ਜਾਤੀਆਂ ਦੇ

(ਬਾਕੀ ਅਗਲੇ ਸਫੇ ਤੇ)



ਦਰਸ਼ਨ ਸਿੰਘ ਬਾਜਵਾ
91-98783-83053

# ਡਾ. ਅੰਬੇਡਕਰ ਦੀ ਔਰਤ ਨੂੰ ਦੇਣ



- ਫਤਿਹਜੰਗ ਸਿੰਘ
9872670278

ਕਦੇ ਕਦੇ ਇਸ ਧਰਤੀ 'ਤੇ ਅਜਿਹੇ ਮਹਾਂਪੁਰਖ ਜਨਮ ਲੈਂਦੇ ਹਨ ਜੋ ਆਪਣੀ ਧਰਤੀ ਮਾਂ 'ਤੇ ਹੋ ਰਹੇ ਜ਼ੁਲਮਾਂ, ਅੱਤਿਆਚਾਰਾਂ, ਪਾਪਾਂ ਅਤੇ ਅੰਨਿਆ ਦੇ ਬੋਝ ਨੂੰ ਹਲਕਾ ਕਰਨ ਲਈ ਆਪਣਾ ਸੁਖ, ਆਰਾਮ ਅਤੇ ਨੀਂਦ ਤਿਆਗ ਕੇ ਔਖੇ ਅਤੇ ਕੰਡਿਆਲੇ ਸੰਘਰਸ਼ ਦਾ ਰਾਹ ਚੁਣ ਲੈਂਦੇ ਹਨ। ਇਸ ਰਾਹ 'ਤੇ ਤੁਰਦਿਆਂ ਫਿਰ ਉਹਨਾਂ ਨੂੰ ਨਾ ਤਪਦੀਆਂ ਦੁਪਹਿਰਾਂ ਸਾੜ ਸਕਦੀਆਂ ਹਨ ਨਾ ਯਖ ਸਰਦੀ ਦੀਆਂ ਰਾਤਾਂ ਠਾਰ ਸਕਦੀਆਂ ਹਨ, ਨਾ ਝੱਖੜ ਤੇ ਤੂਫਾਨ ਰਾਹ ਰੋਕ ਸਕਦੇ ਹਨ ਅਤੇ ਨਾ ਹੀ ਔਕੜ ਰਾਹਾਂ ਦੇ ਤਿੱਖੇ ਕੰਡੇ ਕਦਮ ਥੰਮ੍ਹ ਸਕਦੇ ਹਨ। ਉਹ ਬੱਸ ਦਿਨ ਰਾਤ ਆਪਣੇ ਸਫਰ ਵਿਚ ਮਗਨ ਰਹਿੰਦੇ ਹਨ। ਅਜਿਹੀ ਹੀ ਇਕ ਸ਼ਖ਼ਸੀਅਤ ਨੇ ਮਾਂ ਭੀਮਾ ਬਾਈ ਅਤੇ ਪਿਤਾ ਸੂਬੇਦਾਰ ਰਾਮ ਜੀ ਦੇ ਘਰ 14 ਅਪ੍ਰੈਲ 1891 ਨੂੰ ਬਾਲ ਰੂਪ ਵਿਚ ਜਨਮ ਲਿਆ। ਮੱਧ ਪ੍ਰਦੇਸ਼ ਦੇ ਰਤਨਾਗਿਰੀ ਜ਼ਿਲ੍ਹੇ ਵਿਚ ਪੈਂਦੀ ਮਊ ਛਾਉਣੀ ਵਿਚ ਨੌਕਰੀ ਕਰ ਰਹੇ ਪਿਤਾ ਸੂਬੇਦਾਰ ਨੂੰ ਕੀ ਪਤਾ ਸੀ ਕਿ ਉਸਦਾ ਇਹ ਚੌਦਵਾਂ ਬੱਚਾ ਵੱਡਾ ਹੋ ਕੇ ਅੰ-ਬੇਡਕਰ ਦੇ ਰੂਪ ਵਿਚ ਕਰੋੜਾਂ ਦੁਖਿਆਰੀਆਂ ਅੱਖਾਂ ਦਾ ਨੂਰ ਬਣੇਗਾ, ਇਕ ਚਾਨਣ ਮੁਨਾਰਾ ਬਣੇਗਾ। ਪਾਖੰਡੀ ਪੰਡਤਾਂ ਨੇ ਇਸ ਮੌਕੇ ਭਵਿੱਖਬਾਣੀ ਕੀਤੀ ਕਿ ਇਹ ਬਾਲ ਕਿਉਂਕਿ ਮਾੜੇ ਗ੍ਰਹਿਆਂ ਵੇਲੇ ਪੈਦਾ ਹੋਇਆ ਹੈ, ਇਸ ਲਈ ਇਹ ਪਰਿਵਾਰ ਲਈ ਮਨਹੂਸ ਸਾਬਤ ਹੋਵੇਗਾ। ਅਸ਼ੁਭ ਹੋਣ ਕਾਰਨ ਕੁਲ ਨੂੰ ਕਲੰਕਿਤ ਕਰੇਗਾ ਅਤੇ ਪਰਿਵਾਰ ਲਈ ਵੱਡੀਆਂ ਮੁਸੀਬਤਾਂ ਦਾ ਕਾਰਨ ਬਣੇਗਾ। ਪਰ ਦੁਨੀਆਂ ਨੇ ਵੇਖਿਆ ਕਿ ਇਹੀ 'ਮਨਹੂਸ' ਬੱਚਾ ਵੱਡਾ ਹੋ ਕੇ ਕਰੋੜਾਂ ਉਹਨਾਂ ਲੋਕਾਂ ਦਾ ਸਹਾਰਾ ਬਣਿਆ ਜਿਹਨਾਂ ਦਾ ਨਾ ਕੋਈ ਭਵਿੱਖ ਸੀ ਨਾ ਵਰਤਮਾਨ। ਅਤੀਤ ਦੇ ਲੁੱਟੇ-ਪੁੱਟੇ ਇਹ ਲੋਕ ਮਨੁੱਖ ਤਾਂ ਕੀ ਜਾਨਵਰਾਂ ਤੋਂ ਵੀ ਹੇਠਾਂ ਰੇਂਗ ਰਹੇ ਕੀੜੇ-ਮਕੌੜਿਆਂ ਦੀ ਪੱਧਰ ਤੇ ਜੀਅ ਰਹੇ ਸਨ। ਇਹੀ ਉਹ ਲੋਕ ਸਨ, ਜਿਨ੍ਹਾਂ ਨੂੰ ਇਤਿਹਾਸ ਵਿਚ ਸਮੇਂ ਦੀ ਗਰਦਿਸ਼ ਨੇ ਮਨੂੰਵਾਦ ਰਾਹੀਂ ਮਨੁੱਖ ਨੂੰ ਮਨੁੱਖ ਨਾਲੋਂ ਪਾੜ ਕੇ ਉਹਨਾਂ ਦੇ ਆਪਣੇ ਹੀ ਦੇਸ਼ ਵਿਚ, ਆਪਣੇ ਹੀ ਸ਼ਹਿਰ, ਪਿੰਡ ਦੀਆਂ ਗਲੀਆਂ ਵਿਚ ਉਸਨੂੰ ਅਛੂਤ ਗਰਦਾਨ ਕੇ ਗਲ਼ ਵਿਚ ਕੁੱਜੇ ਤੇ ਲੱਕ ਨਾਲ ਝਾੜੂ ਬੰਨ੍ਹ ਕੇ ਤੁਰਨ ਲਈ ਮਜਬੂਰ ਕੀਤਾ ਤਾਂ ਜੋ ਉਸਦੇ ਥੁੱਕਣ ਨਾਲ ਅਤੇ ਪੈਰ ਦੀ ਪੈੜ ਨਾਲ ਇਹ ਧਰਤੀ ਨਾ ਭਿੱਟੀ ਜਾਵੇ, ਜਿਸ 'ਤੇ ਕਿ ਜਾਤ ਹੰਕਾਰੀਆਂ ਦਾ ਲੰਮੇ ਸਮੇਂ ਤੋਂ ਰਾਜ ਚਲਦਾ ਆ ਰਿਹਾ ਸੀ।

ਇਹੋ ਜਿਹੀ ਸਮਾਜਿਕ ਵਿਵਸਥਾ ਦੇ ਖਿਲਾਫ ਡਾ. ਅੰਬੇਡਕਰ ਨੇ ਚੋਟੀ ਦੀ ਵਿਦਿਆ ਪ੍ਰਾਪਤ ਕਰਕੇ, ਦੇਸ਼ ਵਿਦੇਸ਼ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਜਾਣਕਾਰੀ ਇਕੱਤਰ ਕਰਕੇ ਆਪਣੇ ਆਪ ਨੂੰ ਸੰਘਰਸ਼ ਦੇ ਹਰ ਹਥਿਆਰ ਨਾਲ ਲੈਸ ਕਰਕੇ, ਗੈਰ-ਬਰਾਬਰੀ ਦੇ ਟੋਏ-ਟਿੱਬੇ ਭਰਨ ਲਈ ਮੈਦਾਨ ਵਿਚ ਕੁੱਦ ਪਏ ਅਤੇ ਇਹਨਾਂ ਜਾਤ ਹੰਕਾਰੀਆਂ ਨੂੰ ਪੈਰ-ਪੈਰ ਤੇ ਵੰਗਾਰਿਆ, ਜਿਹਨਾਂ ਨੇ ਇਸ ਧਰਤੀ ਤੇ ਜਾਤਪਾਤ, ਊਚ-ਨੀਚ ਦਾ ਜਾਲ ਵਿਛਾ ਕੇ ਇਸ ਦੇਸ਼ ਦੀ ਬਹੁਗਿਣਤੀ ਨੂੰ ਮਨੁੱਖਤਾ ਤੋਂ ਬਹੁਤ ਹੇਠਲੀ ਪੱਧਰ ਤੇ ਜਿਉਣ ਲਈ ਮਜਬੂਰ ਕੀਤਾ ਹੋਇਆ ਸੀ। ਬਾਬਾ ਸਾਹਿਬ ਇਸ ਜਾਤੀ ਵਿਵਸਥਾ ਅਤੇ ਊਚ-ਨੀਚ ਵਾਲੇ ਸਮਾਜ ਨੂੰ ਖਤਮ ਕਰਕੇ ਸਮਾਨਤਾ, ਭਾਈਚਾਰੇ ਅਤੇ ਸੁਤੰਤਰਤਾ ਵਾਲਾ ਸਮਾਜ ਸਿਰਜਣ ਦੇ ਤੀਬਰ ਇੱਛੁਕ ਸਨ। ਇਸ ਕਾਰਜ ਲਈ ਉਹਨਾਂ ਨੇ ਆਪਣੀ ਸਾਰੀ ਹਯਾਤੀ, ਸਾਰੀ ਵਿੱਦਿਆ ਅਤੇ ਸਾਰੀ ਲਿਆਕਤ ਲੇਖੇ ਲਾ ਦਿੱਤੀ। ਸਮਾਜ ਦੇ ਦੋਖੀਆਂ ਨੇ ਉਹਨਾਂ ਨੂੰ ਕਦਮ ਕਦਮ 'ਤੇ ਅਪਮਾਨਿਤ ਕੀਤਾ, ਮਾਰਨ ਦੀਆਂ ਧਮਕੀਆਂ ਹੀ ਨਹੀਂ ਦਿੱਤੀਆਂ ਸਗੋਂ ਜਾਨਲੇਵਾ ਹਮਲੇ ਹੋਈ ਵੀ ਪਰ ਉਹ ਅਡੋਲ ਅਤੇ ਨਿਧੜਕ ਹੋ ਕੇ ਆਪਣੇ ਨਿਸ਼ਾਨੇ ਵੱਲ ਲਗਾਤਾਰ ਵਧਦੇ ਰਹੇ ਅਤੇ ਜੋ ਕੁਝ ਉਹ ਕਰ ਗਏ, ਉਹ ਇਕ ਇਨਕਲਾਬ ਤੋਂ ਘੱਟ ਨਹੀਂ ਸੀ।

ਬਾਬਾ ਸਾਹਿਬ ਵੱਲੋਂ ਕੀਤੇ ਗਏ ਕੰਮ ਨੂੰ ਸਮੇਂ ਦੀਆਂ ਸਰਕਾਰਾਂ ਅਤੇ ਵਿਰੋਧੀ ਸ਼ਕਤੀਆਂ ਨੇ ਇਸ ਤਰ੍ਹਾਂ ਪ੍ਰਚਾਰਿਆ ਕਿ ਉਹਨਾਂ ਦੀ ਸ਼ਖ਼ਸੀਅਤ ਨੂੰ ਪਹਿਲਾਂ ਤਾਂ ਪੂਰਨ ਰੂਪ ਵਿਚ ਉਭਰਨ ਹੀ ਨਾ ਦਿੱਤੀ ਗਿਆ, ਸਗੋਂ ਉਹਨਾਂ ਵੱਲੋਂ ਕੀਤੇ ਸੰਘਰਸ਼ ਅਤੇ ਪ੍ਰਾਪਤੀਆਂ ਨੂੰ ਹੋਰ ਦਲਿਤ ਆਗੂਆਂ ਦੇ ਖਾਤੇ ਵਿਚ ਪਾਉਂਦੀਆਂ ਰਹੀਆਂ, ਫਿਰ ਜਦੋਂ ਬਾਬਾ ਸਾਹਿਬ ਦੇ ਕੰਮ ਕੰਨ ਪਾਟ ਕੇ ਬਾਹਰ ਆਉਣ ਲੱਗੇ ਤਾਂ ਇਹਨਾਂ ਹੀ ਸ਼ਕਤੀਆਂ ਨੇ ਉਨ੍ਹਾਂ ਨੂੰ ਸਿਰਫ ਦਲਿਤਾਂ ਦੇ ਆਗੂ ਹੀ ਬਣਾ ਕੇ ਪੇਸ਼ ਕੀਤਾ, ਜਦੋਂ ਕਿ ਉਹਨਾਂ ਦਾ ਸੰਘਰਸ਼ ਸਮਾਜ ਦੇ ਹਰ ਉਸ ਵਰਗ ਲਈ ਸੀ, ਜਿਸਨੂੰ ਉਸਦਾ ਹੱਕ ਨਹੀਂ ਸੀ ਮਿਲ ਰਿਹਾ ਤੇ ਇਕ ਲੰਮੇ ਸਮੇਂ ਤੋਂ ਉਸਦੀ ਲੁੱਟ-ਖਸੁੱਟ ਕਰਕੇ ਉਸਦਾ ਸ਼ੋਸ਼ਣ ਕੀਤਾ ਜਾ ਰਿਹਾ ਸੀ। ਇਹ ਠੀਕ ਹੈ ਕਿ ਸਮੇਂ ਦੀ ਜਾਤਪਾਤੀ ਕਰੂਰਤਾ ਦਾ ਡੰਡਾ ਸਭ ਤੋਂ ਵੱਧ ਦਲਿਤਾਂ 'ਤੇ ਚੱਲਿਆ ਸੀ ਪਰ ਬਾਬਾ ਸਾਹਿਬ ਨੇ ਜਿੱਥੇ ਇਸ ਵਰਗ ਲਈ ਸੰਘਰਸ਼ ਕੀਤਾ ਉਥੇ ਨਾਲ ਹੀ ਨਾਲ ਔਰਤਾਂ ਅਤੇ ਮਜ਼ਦੂਰਾਂ ਦੇ ਮਨੁੱਖੀ ਅਧਿਕਾਰਾਂ ਲਈ ਵੀ ਲੜਾਈ ਲੜੀ। ਉਹਨਾਂ ਨੇ ਸਮਾਜਿਕ ਤੇ ਰਾਜਨੀਤਿਕ ਖੇਤਰ ਦੇ ਨਾਲ-ਨਾਲ ਆਰਥਿਕ, ਕਾਨੂੰਨੀ ਅਤੇ ਮੀਡੀਆ ਖੇਤਰ ਵਿਚ ਵੀ ਸਹੀ ਅਗਵਾਈ ਕੀਤੀ। ਇੱਥੇ ਹੀ ਬੱਸ ਨਹੀਂ ਧਰਮ ਦੇ ਖੇਤਰ ਵਿਚ ਵੀ ਉਹਨਾਂ ਨੇ ਪੂਰਨ ਸੇਧ ਦਿੱਤੀ। ਵਿਰੋਧੀਆਂ ਵੱਲੋਂ ਉਹਨਾਂ 'ਤੇ ਇਹ ਲੇਬਲ ਚਿਪਕਾਉਣਾ ਕਿ ਉਹ ਸਿਰਫ ਦਲਿਤਾਂ ਦੇ ਹੀ ਨੇਤਾ ਸਨ, ਇਹ ਉਹਨਾਂ ਦੀਆਂ ਘਟਨਾਵਾਂ ਤੇ ਪ੍ਰਾਪਤੀਆਂ ਨਾਲ ਜ਼ਿਆਦਤੀ, ਸੰਕੀਰਨਤਾ ਅਤੇ ਪੱਖਪਾਤ ਹੈ। ਉਹ ਪੂਰੇ ਦੇਸ਼ ਨੂੰ ਹਰ ਖੇਤਰ ਵਿਚ ਸੇਧ ਦੇਣ ਵਾਲੇ ਨੇਤਾ ਸਨ।

ਬਾਬਾ ਸਾਹਿਬ ਨੇ ਜਿੱਥੇ ਸਦੀਆਂ ਤੋਂ ਲਿਤਾੜੇ ਦਲਿਤ ਸਮਾਜ ਲਈ ਲੜਾਈ ਲੜ ਕੇ ਇਕ ਨਵੇਂ ਯੁੱਗਦਾ ਆਗਾਜ਼ ਕੀਤਾ, ਉਥੇ ਉਹਨਾਂ ਨੇ ਸਮੁੱਚੇ ਸਮਾਜ ਦੇ ਮਹੱਤਵਪੂਰਨ ਅੱਧੇ ਹਿੱਸੇ ਔਰਤ ਵਰਗ ਲਈ ਵੀ ਵਿਸ਼ੇਸ਼ ਤੌਰ ਤੇ ਲੜਾਈ ਲੜੀ। ਸਮਾਜ ਵਿਚ ਔਰਤਾਂ ਤੇ ਹੋ ਰਹੇ ਜ਼ੁਲਮ ਅਤੇ ਅੱਤਿਆਚਾਰਾਂ ਤੋਂ ਉਹ ਬਹੁਤ ਪੀੜਤ ਹੁੰਦੇ ਸਨ। ਧਾਰਮਿਕ ਗ੍ਰੰਥਾਂ ਵਿਚ ਗਰਦਾਨੀ ਗਈ ਪੈਰ ਦੀ ਜੁੱਤੀ, ਬੇ-ਅਕਲ, ਨਰਕ ਦਾ ਦਵਾਰ, ਬੇਵਫਾ, ਕੁਲਟਾ, ਅਧਿਕਾਰ ਰਹਿਤ, ਗੁੱਤ ਪਿੱਛੇ ਮੱਤ, ਪਤੀ ਦੀ ਲਾਸ਼ ਨਾਲ ਸਤੀ ਹੋਣ ਵਾਲੀ ਵਸਤੂ ਨੂੰ ਬਾਬਾ ਸਾਹਿਬ ਨੇ ਸੰਵਿਧਾਨ ਬਣਾਉਣ ਲੱਗਿਆਂ ਸੰਵਿਧਾਨ ਦੀ ਧਾਰਾ 15 (1) ਰਾਹੀਂ ਮਰਦ ਦੇ ਬਰਾਬਰ ਅਧਿਕਾਰ ਦਿਵਾਇਆ। ਧਾਰਾ 39 ਰਾਹੀਂ ਬਰਾਬਰ ਕੰਮ ਅਤੇ ਬਰਾਬਰ ਤਨਖਾਹ ਦੀ ਵਿਵਸਥਾ ਕਰਵਾਈ। ਬੰਬਈ ਵਿਧਾਨ ਪ੍ਰੀਸ਼ਦ ਵਿਚ ਹੁੰਦਿਆਂ ਉਹਨਾਂ ਨੇ 3 ਅਗਸਤ 1928 ਨੂੰ ਵਿਧਾਨ ਪ੍ਰੀਸ਼ਦ ਵਿਚ ਬਿਲ ਪੇਸ਼ ਕੀਤਾ ਅਤੇ ਮੁਜ਼ਾਹਰੇ ਤੇ ਘਿਰਾਓ ਕਰਕੇ ਅੰਗਰੇਜ਼ ਸਰਕਾਰ ਨੂੰ ਪਹਿਲੀ ਵਾਰ ਔਰਤ ਦੀ ਬੇਗਾਰੀ ਖਤਮ ਕਰਨ ਲਈ ਮਜਬੂਰ ਕੀਤਾ। ਫਿਰ 28 ਜੁਲਾਈ ਨੂੰ ਬਿਲ ਪੇਸ਼ ਕਰਕੇ ਪ੍ਰਸੂਤਾ ਛੁੱਟੀ ਅਤੇ ਵੇਤਨ ਦਾ ਪ੍ਰਬੰਧ ਕਰਵਾਇਆ। ਮਰਦ ਦੇ ਬਰਾਬਰ ਹੜਤਾਲ ਕਰਨ ਦਾ ਅਧਿਕਾਰ ਦਿਵਾਇਆ। ਵੋਟ ਦੇ ਅਧਿਕਾਰ ਲਈ ਇੰਡੀਅਨ ਸਟੈਚੂਟਰੀ ਕਮਿਸ਼ਨ ਨੂੰ ਯਾਦ ਪੱਤਰ ਦੇ ਕੇ ਔਰਤ ਲਈ ਵੋਟ ਦੇ ਅਧਿਕਾਰ ਲਈ ਜ਼ੋਰਦਾਰ ਆਵਾਜ਼ ਉਠਾਈ। ਔਰਤ ਦੇ ਜਾਇਦਾਦ ਮਾਲਕੀ ਅਧਿਕਾਰ, ਤਲਾਕ ਦਾ ਅਧਿਕਾਰ, ਆਪਣਾ ਵਾਰਸ ਚੁਣਨ ਦਾ ਅਧਿਕਾਰ, ਬੱਚਾ ਗੋਦ ਲੈਣ ਦਾ ਅਧਿਕਾਰ ਆਦਿ ਦਿਵਾਉਣ ਲਈ ਬਤੌਰ ਕਾਨੂੰਨ ਮੰਤਰੀ ਬਹੁ-ਚਰਚਿਤ ਹਿੰਦੂ ਕੋਡ ਬਿਲ 5 ਫਰਵਰੀ 1951 ਨੂੰ ਪੇਸ਼ ਕੀਤਾ। ਬਿਲ ਤੇ ਲੰਬੀ ਬਹਿਸ ਹੋਈ ਪਰ ਵਿਰੋਧੀਆਂ ਦਾ ਜ਼ੋਰ ਹੋਣ ਕਾਰਨ ਇਹ ਬਿਲ ਪਾਸ ਨਾ ਹੋ ਸਕਿਆ। ਉਹਨਾਂ ਨੇ ਤੰਗ ਆ ਕੇ 28 ਸਤੰਬਰ 1961 ਨੂੰ ਆਪਣੇ ਕਾਨੂੰਨ ਮੰਤਰੀ ਪਦ ਤੋਂ ਅਸਤੀਫਾ ਦੇ ਦਿੱਤਾ ਕਿਉਂਕਿ ਆਗੂਆਂ ਨੇ ਬਿਲ ਪਾਸ ਕਰਨ ਦਾ ਵਾਅਦਾ ਤੋੜ ਦਿੱਤਾ ਸੀ।



**ਬਾਬਾ ਸਾਹਿਬ ਦਾ ਵਿਚਾਰ ਸੀ ਕਿ, "ਜਦੋਂ ਤੱਕ ਔਰਤ ਨੂੰ ਦੂਜੇ ਦਰਜੇ ਦਾ ਨਾਗਰਿਕ ਸਮਝਿਆ ਜਾਂਦਾ ਰਹੇਗਾ, ਉਦੋਂ ਤੱਕ ਦੇਸ਼ ਦੀ ਅੱਧੀ ਆਬਾਦੀ ਗੁਲਾਮ ਬਣੀ ਰਹੇਗੀ ਅਤੇ ਜਦੋਂ ਤੱਕ ਔਰਤਾਂ ਕ੍ਰਾਂਤੀ ਵਿਚ ਹਿੱਸੇਦਾਰ ਨਹੀਂ ਬਣਨਗੀਆਂ, ਕ੍ਰਾਂਤੀ ਭਾਵੇਂ ਸਮਾਜਿਕ ਹੋਵੇ ਤੇ ਭਾਵੇਂ ਰਾਜਸੀ ਜਾਂ ਆਰਥਿਕ ਉਹ ਅਧੂਰੀ ਹੀ ਰਹੇਗੀ।'' ਉਹਨਾਂ ਨੇ 'ਭਾਰਤੀ ਨਾਰੀ ਦਾ ਉਥਾਲ ਅਤੇ ਪਤਨ' ਵਰਗੀ ਖੋਜ ਪੁਸਤਕ ਲਿਖ ਕੇ ਔਰਤ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਅੱਜ ਔਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ, ਮੰਤਰੀ, ਐਮ. ਪੀ., ਐਮ. ਐਲ. ਏ. ਅਤੇ ਨੌਕਰਸ਼ਾਹੀ ਦੇ ਵੱਡੇ ਵੱਡੇ ਅਹੁਦੇ ਲੈਣ ਪਿੱਛੇ ਬਾਬਾ ਸਾਹਿਬ ਦੀ ਸੋਚ ਖਲੋਤੀ ਮਹਿਸੂਸ ਕੀਤੀ ਜਾ ਸਕਦੀ ਹੈ।**

ਬਾਬਾ ਸਾਹਿਬ ਦਾ ਵਿਚਾਰ ਸੀ ਕਿ, ''ਜਦੋਂ ਤੱਕ ਔਰਤ ਨੂੰ ਦੂਜੇ ਦਰਜੇ ਦਾ ਨਾਗਰਿਕ ਸਮਝਿਆ ਜਾਂਦਾ ਰਹੇਗਾ, ਉਦੋਂ ਤੱਕ ਦੇਸ਼ ਦੀ ਅੱਧੀ ਆਬਾਦੀ ਗੁਲਾਮ ਬਣੀ ਰਹੇਗੀ ਅਤੇ ਜਦੋਂ ਤੱਕ ਔਰਤਾਂ ਕ੍ਰਾਂਤੀ ਵਿਚ ਹਿੱਸੇਦਾਰ ਨਹੀਂ ਬਣਨਗੀਆਂ, ਕ੍ਰਾਂਤੀ ਭਾਵੇਂ ਸਮਾਜਿਕ ਹੋਵੇ ਤੇ ਭਾਵੇਂ ਰਾਜਸੀ ਜਾਂ ਆਰਥਿਕ ਉਹ ਅਧੂਰੀ ਹੀ ਰਹੇਗੀ।'' ਉਹਨਾਂ ਨੇ 'ਭਾਰਤੀ ਨਾਰੀ ਦਾ ਉਥਾਲ ਅਤੇ ਪਤਨ' ਵਰਗੀ ਖੋਜ ਪੁਸਤਕ ਲਿਖ ਕੇ ਔਰਤ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਅੱਜ ਔਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ, ਮੰਤਰੀ, ਐਮ. ਪੀ., ਐਮ. ਐਲ. ਏ. ਅਤੇ ਨੌਕਰਸ਼ਾਹੀ ਦੇ ਵੱਡੇ ਵੱਡੇ ਅਹੁਦੇ ਲੈਣ ਪਿੱਛੇ ਬਾਬਾ ਸਾਹਿਬ ਦੀ ਸੋਚ ਖਲੋਤੀ ਮਹਿਸੂਸ ਕੀਤੀ ਜਾ ਸਕਦੀ ਹੈ।

ਅੱਜ ਲੋੜ ਹੈ ਉਹਨਾਂ ਦੇ ਜਨਮ ਦਿਨ 'ਤੇ ਇਸ ਬਹੁਪੱਖੀ ਸ਼ਖ਼ਸੀਅਤ, ਇਨਕਲਾਬੀ ਯੋਧੇ, ਸੂਰਬੀਰ, ਸੂਝਵਾਨ, ਵਿਦਵਾਨ, ਅਣਥੱਕ ਸੱਚੇ ਸੁੱਚੇ ਆਗੂ ਦੇ ਜੀਵਨ ਤੋਂ ਕੋਈ ਸੇਧ ਲਈਏ ਅਤੇ ਆਪਣੀ ਸਮਾਜਿਕ ਦਸ਼ਾ ਦਾ ਅਧਿਐਨ ਕਰੀਏ। ਲੋੜ ਹੈ ਦੁਰਦਸ਼ਾ ਦੇ ਸਤਾਏ ਅਤੇ ਨਪੀੜੇ ਲੋਕ ਜਾਗਣ ਅਤੇ ਇਕਜੁਟ ਹੋ ਕੇ ਸਮਾਜ ਦੇ ਦੁਸ਼ਮਣਾਂ ਅਤੇ ਸਮਾਜ ਵਿਚ ਪਣਪ ਰਹੀਆਂ ਕੁਰੀਤੀਆਂ ਅਤੇ ਪੈਰ-ਪੈਰ 'ਤੇ ਵਾਪਰ ਰਹੀਆਂ ਵਧੀਕੀਆਂ ਦਾ ਮੁਕਾਬਲਾ ਕਰਨ ਅਤੇ ਇਕ ਜ਼ਬਰਦਸਤ ਹੰਭਾਲ ਮਾਰਨ ਤਾਂ ਜੋ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਵਾਲੇ ਇਕ ਨਰੋਏ ਸਮਾਜ ਦੀ ਸਿਰਜਣਾ ਹੋ ਸਕੇ- ਉਹੀ ਸਮਾਜ ਜਿਸਦੀ ਹਰ ਲੋਕ ਹਿਤੈਸ਼ੀ ਮਹਾਂਪੁਰਸ਼ਾਂ ਨੇ ਸੁਪਨਾ ਲਿਆ। ਇਸ ਸਹੀ ਦਿਸ਼ਾ ਵਿਚ ਪੁੱਟੇ ਗਏ ਸਾਡੇ ਇਕ ਦੋ ਕਦਮ ਵੀ ਵੱਡਾ ਯੋਗਦਾਨ ਪਾ ਸਕਦੇ ਹਨ ਅਤੇ ਬਾਬਾ ਸਾਹਿਬ ਲਈ ਸਹੀ ਸ਼ਰਧਾ ਦੇ ਫੁੱਲ ਸਾਬਤ ਹੋ ਸਕਦੇ ਹਨ।

# ਦੇਸ਼ ਭਗਤ ਕੌਣ ਤੇ ਦੇਸ਼ ਧ੍ਰੋਹੀ ਕੌਣ?

ਹਨ। ਕਦੇ-ਕਦਾਈਂ ਇਸ ਬੇਨਾਮੀ ਪੈਸੇ ਸਬੰਧੀ ਰੌਲਾ ਜ਼ਰੂਰ ਪੈਂਦਾ ਹੈ ਪਰ ਦੂਸਰੀਆਂ ਪਾਰਟੀਆਂ ਵਾਲੇ ਵੀ ਇਹਨਾਂ ਦੇ ਸਾਕ-ਸੰਬੰਧੀ ਹੀ ਹੁੰਦੇ ਹਨ। ਇਸ ਲਈ ਕੋਈ ਕਾਰਵਾਈ ਨਹੀਂ ਹੁੰਦੀ। ਇਹਨਾਂ ਵਿਦੇਸ਼ੀ ਮੂਲ ਦੇ ਹੁਕਮਰਾਨਾਂ ਵੱਲੋਂ ਵਿਦੇਸ਼ੀ ਕੰਪਨੀਆਂ ਨਾਲ ਸਾਜ਼-ਬਾਜ਼ ਕਰਕੇ ਭਾਰਤ ਦੇ ਕੁਦਰਤੀ ਸਾਧਨਾਂ ਦਾ ਸਰਮਾਇਆ ਲੁਟਾਇਆ ਜਾ ਰਿਹਾ ਹੈ। ਲੋਕਾਂ ਨੂੰ ਜੰਗਲਾਂ ਵਿੱਚੋਂ ਜ਼ਬਰਦਸਤੀ ਉਜਾੜ ਕੇ 'ਸੇਜ' ਸਕੀਮ ਅਧੀਨ ਇਹ ਜ਼ਮੀਨਾਂ ਵਿਦੇਸ਼ੀ ਕੰਪਨੀਆਂ ਨੂੰ ਦਿੱਤੀਆਂ ਜਾ ਰਹੀਆਂ ਹਨ। ਜੇਕਰ ਆਦਿਵਾਸੀ ਕਹੇ ਜਾਣ ਵਾਲੇ ਭਾਰਤ ਦੇ ਮੂਲ ਨਿਵਾਸੀ ਆਪਣੀ ਪਿਤਾ-ਪੁਰਖੀ ਜ਼ਮੀਨ ਨਹੀਂ ਛੱਡਦੇ ਤਾਂ ਬਿਨਾਂ ਨੋਟਿਸ ਦਿੱਤਿਆਂ ਉਹਨਾਂ ਦੇ ਘਰਾਂ 'ਤੇ ਬੁਲਡੋਜ਼ਰ ਫੇਰ ਦਿੱਤੇ ਜਾਂਦੇ ਹਨ। ਜੇਕਰ ਉਹ ਸਰਕਾਰ ਦੀ ਇਸ ਧੱਕੇਸ਼ਾਹੀ ਦਾ ਵਿਰੋਧ ਕਰਦੇ ਹਨ ਤਾਂ ਉਹਨਾਂ ਨੂੰ ਅਰਧ ਸੈਨਿਕ ਬਲਾਂ ਦੀਆਂ ਗੋਲੀਆਂ ਦਾ ਸ਼ਿਕਾਰ ਬਣਨਾ ਪੈ ਜਾਂਦਾ ਹੈ। 'ਸੇਜ਼' ਵਰਗੇ ਸਮਝੌਤਿਆਂ ਅਧੀਨ ਇਹਨਾਂ ਵਿਦੇਸ਼ੀ ਕਾਰਖਾਨਿਆਂ ਦੀ ਬਾਹਰਲੀ ਦੀਵਾਰ ਦੇ ਅੰਦਰ ਉਹਨਾਂ ਕੰਪਨੀਆਂ ਦੇ ਹੀ ਕਾਨੂੰਨ ਲਾਗੂ ਹੁੰਦੇ ਹਨ। ਇੱਥੇ ਭਾਰਤ ਦਾ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ। ਭਾਰਤ ਦੀ ਧਰਤੀ 'ਤੇ ਆਪਣੇ ਦੇਸ਼ ਦਾ ਕਾਨੂੰਨ ਲਾਗੂ ਕਰਨ ਦੀ ਬਜਾਏ ਵਿਦੇਸ਼ੀ ਕੰਪਨੀਆਂ ਦੇ ਮਨ-ਮਰਜ਼ੀ ਦੇ ਕਾਨੂੰਨ ਲਾਗੂ ਹੋਣ ਦੇਣਾ ਕਿੱਧਰਲੀ ਦੇਸ਼ ਭਗਤੀ ਹੈ?

ਇਸੇ ਤਰ੍ਹਾਂ ਜਦੋਂ 1962 ਦੀ ਜੰਗ ਸਮੇਂ ਸਾਡੇ ਗੁਆਂਢੀ ਮੁਲਕ ਚੀਨ ਨੇ ਦੇਸ਼ ਦੀ 2000 ਵਰਗ ਕਿਲੋਮੀਟਰ ਜ਼ਮੀਨ ਹਥਿਆ ਲਈ ਸੀ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਪਾਰਲੀਮੈਂਟ ਵਿੱਚ ਆਪਣੇ ਬਚਾਅ ਵਿੱਚ ਕਹਿਣ ਲੱਗੇ ਕਿ ਉਹ ਜ਼ਮੀਨ ਤਾਂ ਬੰਜਰ ਸੀ, ਉੱਥੇ ਕੁੱਝ ਵੀ ਪੈਦਾ ਨਹੀਂ ਹੁੰਦਾ। ਇਸ ਲਈ ਉਸ ਦੀ ਚਿੰਤਾ ਕਰਨੀ ਹੀ ਬੇਮਾਅਨਾ ਹੈ। ਇਸ ਜਵਾਬ 'ਤੇ ਚੁਭਵੀਂ ਚੋਟ ਕਰਦਿਆਂ ਤਤਕਾਲੀ ਸੰਸਦ ਮੈਂਬਰ ਮਹਾਂਵੀਰ ਤਿਆਗੀ ਨੇ ਉੱਠ ਕੇ ਆਪਣੀ ਟੋਪੀ ਉਤਾਰ ਕੇ ਆਪਣਾ ਗੰਜਾ ਸਿਰ ਦਿਖਾਉਂਦਿਆਂ ਕਿਹਾ ਸੀ ਕਿ 'ਇਹ ਖੋਪੜੀ ਵੀ ਇੱਕ ਦਮ ਬੰਜਰ ਹੈ। ਇਸ 'ਤੇ ਕੁੱਝ ਨਹੀਂ ਉੱਗਦਾ। ਤਾਂ ਕੀ ਇਸ ਨੂੰ ਵੀ ਕੱਟ ਕੇ ਕਿਸੇ ਹੋਰ ਨੂੰ ਦੇ ਦਿੱਤਾ ਜਾਵੇ?' ਗੱਲ ਹਾਸੇ ਵਿੱਚ ਪੈ ਗਈ। ਭਾਰਤੀ ਹੁਕਮਰਾਨ ਅਜੇ ਤੱਕ ਚੀਨ ਦੇ ਕਬਜ਼ੇ ਵਾਲੀ ਉਸ ਜ਼ਮੀਨ ਨੂੰ ਹਾਸਲ ਕਰਨ ਲਈ ਕੁੱਝ ਵੀ ਨਹੀਂ ਕਰ ਸਕੇ। ਇਹ ਜ਼ਮੀਨ ਤਾਂ ਦੂਸਰੇ ਦੇਸ਼ ਕੋਲ ਹੈ। ਅਗਲੇ ਨੇ ਤਾਕਤ ਦੇ ਜ਼ੋਰ ਹਥਿਆਈ ਹੈ। ਜਿਸ ਤੋਂ ਉਸਨੂੰ ਛੁਡਵਾਉਣਾ ਕੋਈ ਸੌਖਾ ਕੰਮ ਨਹੀਂ। ਪਰ ਸਾਡੇ ਦੇਸ਼ ਦੇ ਅੰਦਰਲੀ ਜ਼ਮੀਨ ਜਿਹੜੀ ਆਪਣੇ ਹੱਥੀਂ ਵਿਦੇਸ਼ੀ ਕੰਪਨੀਆਂ ਨੂੰ ਦਿੱਤੀ ਜਾ ਰਹੀ ਹੈ ਕੀ ਇਸ ਤਰ੍ਹਾਂ ਮਨ-ਮਰਜ਼ੀ ਦੇ ਕਾਨੂੰਨ ਲਾਗੂ ਕਰਨ ਲਈ ਜ਼ਮੀਨ ਦੇ ਦੇਣੀ ਦੇਸ਼ ਭਗਤੀ ਹੈ ਜਾਂ ਦੇਸ਼ ਧ੍ਰੋਹ ਹੈ? ਇਸ ਦਾ ਫ਼ੈਸਲਾ ਉੱਥੋਂ ਜ਼ਬਰਦਸਤੀ ਉਜਾੜ ਦਿੱਤੇ ਗਏ ਭਾਰਤੀ ਮੂਲਵਾਸੀ ਨਹੀਂ ਕਰਦੇ ਬਲਕਿ ਉਹ ਲੋਕ ਕਰਦੇ ਹਨ ਜਿੰਨ੍ਹਾਂ ਦਾ ਇਸ ਦੇਸ਼ ਨਾਲ ਕੋਈ ਵਾਹ-ਵਾਸਤਾ ਹੀ ਨਹੀਂ।

ਜਿਹੜੀ ਜ਼ਮੀਨ ਦੂਸਰੇ ਦੇਸ਼ਾਂ ਵਿੱਚ ਚਲੀ ਗਈ ਉਸ 'ਤੇ ਵਸੇ ਲੋਕਾਂ ਨੂੰ ਉੱਥੋਂ ਦੀ ਨਾਗਰਿਕਤਾ ਮਿਲ ਗਈ। ਇਸ ਨਾਲ ਉੱਥੇ ਵਸਦੇ ਲੋਕਾਂ ਪ੍ਰਤੀ ਸਾਡੀ ਕੋਈ ਜ਼ਿੰਮੇਂਵਾਰੀ ਨਹੀਂ ਰਹੀ। ਹੁਣ ਉਹਨਾਂ ਦੀ ਸਿਹਤ, ਸਿੱਖਿਆ ਤੇ ਨਿਆਂ ਆਦਿ ਦੀ ਜ਼ਿੰਮੇਂਵਾਰੀ ਸੰਬੰਧਤ ਦੇਸ਼ਾਂ ਦੀ ਹੈ। ਜੇਕਰ ਉਹ ਚੰਗਾ ਕੰਮ ਕਰਨਗੇ ਤਾਂ ਲੋਕ ਉਹਨਾਂ ਨੂੰ ਚੰਗਾ ਕਹਿਣਗੇ ਵਰਨਾ ਕਦੇ ਵਿਦਰੋਹ ਵੀ ਹੋ ਸਕਦਾ ਹੈ। ਪਰ ਜਿਹੜੀ ਜ਼ਮੀਨ ਸਾਡੇ ਦੇਸ਼ ਵਿੱਚ ਹੈ ਉੱਥੇ ਵਸਦੇ ਲੋਕਾਂ ਨੂੰ ਲੰਬੇ ਸਮੇਂ ਤੱਕ ਰੋਟੀ, ਕੱਪੜਾ, ਮਕਾਨ, ਸਿਹਤ, ਸਿੱਖਿਆ ਅਤੇ ਨਿਆਂ ਤੋਂ ਵੰਚਤ ਰੱਖਣਾ ਦੇਸ਼ ਧ੍ਰੋਹ ਹੈ। ਇਸ ਦੇਸ਼ ਧ੍ਰੋਹ ਵਿੱਚ ਸਾਡੇ ਹੁਕਮਰਾਨਾਂ ਦਾ ਹੀ ਯੋਗਦਾਨ ਹੈ। ਦੇਸ਼ ਧ੍ਰੋਹ ਜ਼ਮੀਨ ਨਾਲ ਨਹੀਂ ਉੱਥੇ ਵਸਦੇ ਲੋਕਾਂ ਨਾਲ ਹੁੰਦਾ ਹੈ। ਜ਼ਮੀਨ ਦਾ ਟੁਕੜਾ ਤਾਂ ਇੱਕ ਦੇਸ਼ ਕੋਲ ਹੋਵੇ ਜਾਂ ਦੂਜੇ ਕੋਲ ਗੱਲ ਤਾਂ ਲੋਕਾਂ ਦੀ ਹੁੰਦੀ ਹੈ। ਜੇਕਰ ਕਿਸੇ ਦੇਸ਼ ਦੇ ਲੋਕ ਤਾਂ ਤੰਗੀਆਂ ਤੁਰਸ਼ੀਆਂ ਵਿੱਚ ਨਰਕ ਭੋਗ ਰਹੇ ਹੋਣ ਅਤੇ ਚੁਣੇ ਹੋਏ ਨੁਮਾਇੰਦੇ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਦੀ ਬਜਾਏ ਉਹਨਾਂ ਦੇ ਟੈਕਸਾਂ ਨਾਲ ਐਸ਼ ਕਰਨ ਤਾਂ ਇਸ ਵਿੱਚ ਹਾਕਮਾਂ ਦੀ ਕਿਹੜੀ ਦੇਸ਼ ਭਗਤੀ ਹੈ?

ਚੀਨ ਨਾਲ ਹੋਈ 1962 ਦੀ ਜੰਗ ਵਿੱਚ ਕੰਪਾਸ ਨਾਲ ਲੱਗਣ ਵਾਲੇ ਭੁਲੇਖੇ ਨਾਲ ਚੀਨ ਦੀ ਸਰਹੱਦ ਵਿੱਚ ਜਾ ਵੜੇ ਸਾਡੇ ਦੇਸ਼ ਦੇ ਸੈਨਿਕਾਂ ਦੇ ਦਸਤੇ 'ਚ ਸ਼ਾਮਲ ਸਾਡੇ ਗੁਆਂਢੀ ਪਿੰਡ ਗੋਬਿੰਦਪੁਰਾ ਦਾ ਵਸਨੀਕ ਗੁਰਚਰਨ ਸਿੰਘ ਖ਼ਾਲਸਾ ਨਾਂਅ ਦਾ ਫੌਜੀ ਦੱਸਦਾ ਹੈ ਕਿ ਉਹਨਾਂ ਦੇ ਫੜੇ ਜਾਣ 'ਤੇ ਚੀਨੀ ਸੈਨਿਕਾਂ ਨੇ ਉਹਨਾਂ ਨਾਲ ਬਹੁਤ ਚੰਗਾ ਸਲੂਕ ਕੀਤਾ। ਉਹਨਾਂ ਦੇ ਖਾਣ-ਪਾਣ ਅਤੇ ਸਿਹਤ ਸਹੂਲਤ ਦਾ ਖਿਆਲ ਵਿੱਚ ਰੱਖਿਆ ਗਿਆ। ਕਿਸੇ ਕਿਸਮ ਦੀ ਕੋਈ ਤਕਲੀਫ਼ ਨਹੀਂ ਦਿੱਤੀ ਗਈ। ਦੋ ਕੁ ਮਹੀਨਿਆਂ ਬਾਅਦ ਜਦੋਂ ਸਮਝੌਤਾ ਹੋ ਜਾਣ 'ਤੇ ਉਹਨਾਂ ਨੂੰ ਰਿਹਾਅ ਕੀਤਾ ਗਿਆ ਤਾਂ ਆਉਂਦੇਂਓਮੇਂ ਚੀਨੀਆਂ ਵੱਲੋਂ ਉਹਨਾਂ ਨੂੰ ਗਿਫਟ ਵੀ ਭੇਟ ਕੀਤੇ ਗਏ। ਇਹਨਾਂ ਗਿਫਟਾਂ ਵਿੱਚ ਚੀਨੀ ਇਨਕਲਾਬ ਨਾਲ ਸਬੰਧਤ 'ਲਾਲ ਕਿਤਾਬ' ਵੀ ਸ਼ਾਮਲ ਸੀ। ਜਿਉਂ ਹੀ ਉਹਨਾਂ ਨੇ ਭਾਰਤ ਦੀ ਸਰਹੱਦ ਅੰਦਰ ਪੈਰ ਧਰਿਆ ਤਾਂ ਉਹਨਾਂ ਨੂੰ ਮਹਿਸੂਸ ਹੋਇਆ ਕਿ ਉਹ ਤਾਂ ਅਸਲ ਵਿੱਚ ਹੁਣ ਗ੍ਰਿਫ਼ਤਾਰ ਹੋਏ ਹਨ। ਭਾਰਤ ਦੀ ਸਰਕਾਰ ਵੱਲੋਂ ਉਹਨਾਂ ਦੀ ਨਿਗਰਾਨੀ ਕਰਨ ਲਈ ਉਹਨਾਂ ਨੂੰ ਵਿਸ਼ੇਸ਼ ਸੈੱਲ ਵਿੱਚ ਰੱਖਿਆ ਗਿਆ। ਦੋ ਮਹੀਨੇ ਤੱਕ ਉਹਨਾਂ ਦਾ ਇਲਾਜ ਕੀਤਾ ਗਿਆ ਤਾਂ ਜੋ ਚੀਨੀਆਂ ਵੱਲੋਂ ਜੋ ਉਹਨਾਂ ਨੂੰ ਇਨਕਲਾਬ ਦਾ ਪਾਠ ਪੜ੍ਹਾਇਆ ਗਿਆ ਸੀ ਉਸਨੂੰ ਉਤਾਰਿਆ ਜਾ ਸਕੇ। ਇਹ ਸਾਬਕਾ ਫੌਜੀ ਹੁਣ ਵੀ ਠੋਕ ਵਜਾ ਕੇ ਕਹਿੰਦਾ ਹੈ ਕਿ ਜੇਕਰ ਸਾਰੇ ਭਾਰਤ 'ਤੇ ਚੀਨ ਵਰਗੇ ਦੇਸ਼ ਦਾ ਕਬਜ਼ਾ ਹੋ ਜਾਵੇ ਤਾਂ ਸਾਡੇ ਲਈ ਇਹ ਚੰਗਾ ਹੀ ਹੋਵੇਗਾ ਕਿਉਂਕਿ ਉੱਥੇ ਦੇ ਲੋਕਾਂ ਦੀ ਆਰਥਿਕ ਹਾਲਤ ਮੁਤਾਬਕ ਉਹਨਾਂ ਨੂੰ ਵੱਧ ਆਜ਼ਾਦੀ ਹੈ। ਦੂਸਰੇ ਦੇਸ਼ ਦੀ ਚੰਗਿਆਈ ਦੇਖ ਕੇ ਜੇਕਰ ਕੋਈ ਇਸ ਤਰ੍ਹਾਂ ਕਹਿੰਦਾ ਹੈ ਤਾਂ ਉਸ ਦੀ ਦੇਸ਼ ਭਗਤੀ 'ਤੇ ਸ਼ੱਕ ਕੀਤਾ ਜਾਂਦਾ ਹੈ। ਹੁਣੇ ਜਿਹੇ ਹੀ ਕੁੱਝ ਫੌਜੀਆਂ ਵੱਲੋਂ ਆਪਣੇ ਨਾਲ ਹੁੰਦੇ ਵਿਤਕਰੇ ਦੀਆਂ ਵੀਡੀਓਜ਼ ਸਾਹਮਣੇ ਆਉਣ 'ਤੇ ਉਹਨਾਂ ਫੌਜੀਆਂ ਨੂੰ ਹੀ ਮਾੜਾ ਗਰਦਾਨਿਆ ਜਾ ਰਿਹਾ ਹੈ। ਇਹ ਕੇਹਾ ਪ੍ਰਬੰਧ ਉਸਾਰਿਆ ਜਾ ਰਿਹਾ ਹੈ ਕਿ ਦੇਸ਼ ਦੇ ਹੁਕਮਰਾਨਾਂ ਵੱਲੋਂ ਦੇਸ਼ ਦੀ ਸੁਰੱਖਿਆ ਜਿਹਾ ਅਹਿਮ ਕੰਮ ਕਰਨ ਵਾਲੇ ਆਪਣੇ ਜ਼ੁੰਮੇਂਵਾਰ ਨਾਗਰਿਕਾਂ ਨੂੰ ਨਰਕ ਵਰਗੀ ਸਥਿਤੀ ਵਿੱਚ ਪਹੁੰਚਾ ਕੇ ਉਹਨਾਂ ਤੋਂ ਅਖੌਤੀ ਦੇਸ਼ ਭਗਤੀ ਦੀ ਆਸ ਕੀਤੀ ਜਾਂਦੀ ਹੈ।

ਭਾਰਤੀ ਮੂਲਵਾਸੀਆਂ ਨੂੰ ਪਤਾ ਹੈ ਕਿ ਇਹ ਦੇਸ਼ ਸਾਡਾ ਹੈ ਇਸ ਲਈ ਜਾਣੇ-ਅਣਜਾਣੇ ਉਹਨਾਂ ਦਾ ਹਰ ਕਦਮ ਦੇਸ਼ ਦੀ ਬਿਹਤਰੀ ਲਈ ਹੁੰਦਾ ਹੈ। ਉਹ ਹਮੇਸ਼ਾਂ ਅਜਿਹਾ ਕੰਮ ਕਰਦੇ ਹਨ ਜਿਸ ਨਾਲ ਦੇਸ਼ ਦਾ ਸਿਰ ਉੱਚਾ ਹੁੰਦਾ ਹੈ। ਜਦੋਂ ਦੇਸ਼ ਨੂੰ ਸੰਵਿਧਾਨ ਬਣਾਉਣ ਦੀ ਜ਼ਰੂਰਤ ਪਈ ਤਾਂ ਇਸ ਕੰਮ ਲਈ ਬਾਬਾ ਸਾਹਿਬ ਦੀ ਜ਼ਿੰਮੇਂਵਾਰੀ ਲੱਗੀ। ਇਸ ਜ਼ਿੰਮੇਂਵਾਰੀ ਨੂੰ ਉਹਨਾਂ ਸਖ਼ਤ ਮਿਹਨਤ ਨਾਲ ਨਿਭਾ ਕੇ ਦੇਸ਼ ਨੂੰ ਅਜਿਹਾ ਸੰਵਿਧਾਨ ਦਿੱਤਾ ਕਿ ਅਫਰੀਕਾ ਦਾ ਰਾਸ਼ਟਰਪਤੀ ਨੈਲਸਨ ਮੰਡੇਲਾ ਆਖਦਾ ਹੈ ਕਿ ਜੇਕਰ ਭਾਰਤ ਵਿੱਚੋਂ ਲਿਜਾਣ ਵਾਲੀ ਕੋਈ ਚੀਜ਼ ਹੈ ਤਾਂ ਉਹ ਇਸ ਦੇਸ਼ ਦਾ ਸੰਵਿਧਾਨ ਹੈ। ਦੂਸਰੇ ਪਾਸੇ ਸਵਰਨ ਜਾਤੀ ਦੇ ਵੱਡੇ ਵਿਦਵਾਨ ਮਨੂੰ ਨੇ ਜੋ ਸੰਵਿਧਾਨ ਦਿੱਤਾ ਉਸਨੂੰ ਦੁਨੀਆਂ ਵਿੱਚ ਕਿਤੇ ਵੀ ਪ੍ਰਵਾਨਗੀ ਨਹੀਂ ਮਿਲ ਸਕਦੀ। ਫਿਰ ਵੀ ਮਨੂੰ ਦੇ ਸੰਵਿਧਾਨ ਨੂੰ ਲਾਗੂ ਕਰਨ ਦੀਆਂ ਵਿਉਂਤਾਂ ਹਨ। ਜਦੋਂ 26 ਜਨਵਰੀ 1950 ਨੂੰ ਭਾਰਤ ਦਾ ਸੰਵਿਧਾਨ ਲਾਗੂ ਹੋ ਰਿਹਾ ਸੀ ਤਾਂ ਸੰਘ ਪਰਿਵਾਰ ਨੇਪਾਲ ਦੀ ਰਾਜਧਾਨੀ ਕਾਠਮਾਂਡੂ ਵਿੱਚ ਬੈਠ ਕੇ ਮੀਟਿੰਗ ਕਰ ਕੇ ਕਹਿ ਰਿਹਾ ਸੀ ਕਿ ਸਾਡਾ ਸੰਵਿਧਾਨ ਮਨੂੰ ਸਿੰਮ੍ਰਿਤੀ ਹੈ। ਅਸੀਂ ਇਸ ਸੰਵਿਧਾਨ ਨੂੰ ਨਹੀਂ ਮੰਨਣਾ। ਜੈਪੁਰ ਹਾਈਕੋਰਟ ਦੇ ਵਿਹੜੇ ਵਿੱਚ ਲੱਗਿਆ ਮਨੂੰ ਦਾ ਬੁੱਤ ਇਸ ਦਾ ਸਪੱਸ਼ਟ ਸਬੂਤ ਹੈ। ਭਾਰਤ ਦਾ ਪ੍ਰਧਾਨ ਮੰਤਰੀ ਜਦੋਂ ਕਿਸੇ ਵਿਦੇਸ਼ੀ ਹੁਕਮਰਾਨ ਨੂੰ ਮਿਲਦਾ ਹੈ ਤਾਂ ਉਸ ਨੂੰ ਮਨੂੰਵਾਦੀ ਗ੍ਰੰਥ 'ਗੀਤਾ' ਭੇਟ ਕਰਦਾ ਹੈ। ਸੰਵਿਧਾਨ ਦੀ ਸਹੁੰ ਚੁੱਕ ਕੇ ਅਹੁਦਾ ਸੰਭਾਲਣ ਵਾਲੇ ਲੋਕ ਸਮਾਜਿਕ ਵਿਤਕਰੇ ਵਾਲੀਆਂ ਪੁਸਤਕਾਂ ਨੂੰ ਤਾਂ ਮੰਨਦੇ ਹਨ ਪਰ ਸਾਡੇ ਦੇਸ਼ ਦੇ ਸੰਵਿਧਾਨ ਨੂੰ ਲਾਗੂ ਨਹੀਂ ਹੋਣ ਦਿੰਦੇ। ਇਸ ਤਰ੍ਹਾਂ ਦੀਆਂ ਸੰਵਿਧਾਨ ਵਿਰੋਧੀ ਕਾਰਵਾਈਆਂ ਦੇਸ਼ ਧ੍ਰੋਹ ਹੀ ਹਨ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ

ਬੋਲੇ ਸੋ ਨਿਰਭੈ ! ਗੁਰੂ ਰਵਿਦਾਸ ਮਹਾਰਾਜ ਕੀ ਜੈ !

ਹਰਿ ਸੋਹੰ ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਹਾਂ ਖੈਰਿ ਸਦਾ ਮੇਰੇ ਭਾਈ ॥1॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥2

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਅਪ੍ਰੈਲ ਮਹੀਨੇ ਦੇ ਪ੍ਰੋਗਰਾਮ

**Guru Piari Sadh Sangat Ji,**

**April 16, 2017 Vaisakhi festival Celebrations**

Sri Sukhmani Sahib Path and Langar sewa will be hosted by Gurughar on the occasion of Vaisakhi festival 2017. Vaisakhi is the harvestcelebration in India and is an occasion of dancing, singing, music, wearing of festive garments and religious praise. Ragi Jatha GianiOmpal Singh, Giani Gurnam Singh and Giani Parkash Singh will adorn the occasion. Entire Sangat is requested to participate wholeheartedly.

**April 23, 2017 Barsi of Late Shri Sohan Singh Damria**

Sri Sukhmani Sahib Path and Langar Sewa will be hosted by Bhai Harbans Kalu& Bibi Harjit Kaur on the event of first Barsi of Late Shri Sohan Singh Damria ji (One of the founder member of Gurughar). Family is requesting everyone to come and join them in the Ardaas. May Waheguru keep family in Chardi Kala.

**April 28-29-30,2017 Samagam**

Samagam will start on Friday, April 28th 2017 at 5pm with "Naam Simran" and 3 Day Samagam will end on Sunday, April 30th 2017 at 12pm.

| Morning | | Evening | |
|---|---|---|---|
| Naam Simran | 05.00-06.00 | Naam Simran | 03.30-04.30 |
| Nitnem | 06.00-07.15 | Gurbani Vichar | 04.30-05.00 |
| Akhand Kirtan | 07.15-12.00 | Rehraas Sahib | 05.00-05.30 |
| Ardaas & Samapti | 12.00 | Akhand Kirtan | 05.30-09.00 |
| | | Ardaas & Samapti | 09.00 |

**Chairperson**
**Shinder Pal Narabat**
**(925) 683-0178**

**President**
**Kashmiri Bhatia**
**(408)460-0262**

**General Secretary**
**Gina Bhatia**
**(925) 483-1629**

**Treasurer**
**Jasvir Chahal**
**(209)627-7944**






## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਅਪ੍ਰੈਲ ਮਹੀਨੇ ਹੋਣ ਵਾਲੇ ਪ੍ਰੋਗਰਾਮ

**ਗੁਰੂ ਘਰ ਦੇ ਸੇਵਾਦਾਰ**

ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823
ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ)
530-218-4468
ਸ੍ਰੀ ਸਤਨਾਮ ਸਿੰਘ (ਜਨਰਲ ਸਕੱਤਰ)
530-682-3962
ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨ. ਸਕੱਤਰ)
530-933-3938
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ)
530-682-3962
ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ)
530-790-5985
ਸ੍ਰੀ ਪ੍ਰਸ਼ੋਤਮ ਸੂਦ (ਵਾਈਸ ਚੇਅਰਮੈਨ)
530-565-5974
ਭੁਪਿੰਦਰ ਸਿੰਘ ਭੰਡਾਲ
(530) 301-2518

**ਵਿਸਾਖੀ ਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ**

14 ਅਪ੍ਰੈਲ 2017 ਦਿਨ ਸ਼ੁੱਕਰਵਾਰ (ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ)
15 ਅਪ੍ਰੈਲ 2017 ਦਿਨ ਸ਼ਨੀਵਾਰ ਸ਼ਾਮ ਵੇਲੇ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਬਸਤਰਾਂ ਦੀ ਸੇਵਾ
16 ਅਪ੍ਰੈਲ 2017 ਦਿਨ ਐਤਵਾਰ, ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ

ਇਸ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਸਰਦਾਰ ਜਸਵੀਰ ਸਿੰਘ ਢਿੱਲੋਂ ਜੀ ਪਰਿਵਾਰ ਵੱਲੋਂ ਕੀਤੀ ਜਾਵੇਗੀ ਜੀ।

**ਵਿਸਾਖੀ ਪੁਰਬ ਨੂੰ ਸਮਰਪਿਤ 5 ਸ੍ਰੀ ਅਖੰਡ ਪਾਠ ਸਾਹਿਬ ਜੀ**

21 ਅਪ੍ਰੈਲ 2017 ਦਿਨ ਸ਼ੁੱਕਰਵਾਰ, ਆਰੰਭ 5 ਸ੍ਰੀ ਅਖੰਡ ਪਾਠ ਸਾਹਿਬ ਜੀ
23 ਅਪ੍ਰੈਲ 2017 ਦਿਨ ਐਤਵਾਰ ਨੂੰ ਭੋਗ 5 ਸ੍ਰੀ ਅਖੰਡ ਪਾਠ ਸਾਹਿਬ ਜੀ

ਇਹਨਾਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕ੍ਰਮਵਾਰ ਸ੍ਰੀ ਜਸਵੀਰ ਸਿੰਘ ਅਟਵਾਲ (ਅਟਾਰਨੀ ਐਟ ਲਾਅ), ਸ੍ਰੀ ਹਰਦੇਵ ਸਿੰਘ ਬੀਸਲਾ, ਬੀਬੀ ਬਖਸ਼ੋ ਬੀਸਲਾ, ਸ੍ਰੀ ਪ੍ਰਦੀਪ ਸਿੰਘ ਗਰੇਵਾਲ, ਸੈਂਡੀਅਗੋ ਦੀਆਂ ਸੰਗਤਾਂ ਅਤੇ ਗੁਪਤ ਪਰਿਵਾਰਾਂ ਵੱਲੋਂ ਕੀਤੀ ਜਾਵੇਗੀ ਜੀ

ਸ੍ਰੀ ਕੰਦੋਲਾ ਪਰਿਵਾਰ ਵੱਲੋਂ, ਬਾਸੀ ਪਰਿਵਾਰ ਵੱਲੋਂ, ਸਹੋਤਾ ਪਰਿਵਾਰ ਵੱਲੋਂ, ਨਾਗਰਾ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ

28 ਅਪ੍ਰੈਲ 2017, ਦਿਨ ਸ਼ੁੱਕਰਵਾਰ, ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
30 ਅਪ੍ਰੈਲ 2017 ਦਿਨ ਐਤਵਾਰ, ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ

ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਸਿੱਖ ਪਰਿਵਾਰ ਨੇ ਜੇ ਕੋਈ ਵੀ ਸੇਵਾ ਕਰਨੀ ਹੋਵੇ ਤਾਂ ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।

**ਬੇਨਤੀ ਕਰਤਾ : ਸ੍ਰੀ ਗੁਰੂ ਰਵਿਦਾਸ ਟੈਂਪਲ ਪ੍ਰਬੰਧਕ ਕਮੇਟੀ, ਯੂਬਾ ਸਿਟੀ**

**1480 HAYNE AVE YUBA CITY, (Phone- 530-674-2564)**

# ਯੁੱਗ ਪਲਟਾਊ ਰਹਿਬਰ- ਡਾ. ਬੀ. ਆਰ. ਅੰਬੇਡਕਰ



ਡਾ. ਜੀ. ਸੀ. ਕੌਲ
ਐਮ. ਏ., ਪੀ. ਐਚ. ਡੀ.
91-94632-23223

ਭਾਰਤ ਵਿਚ ਹਜ਼ਾਰਾਂ ਸਾਲਾਂ ਉਪਰੰਤ ਸਮਾਜਿਕ ਤੇ ਰਾਜਨੀਤਿਕ ਕ੍ਰਾਂਤੀ ਲਿਆਉਣ ਵਾਲੇ ਬਾਬਾ ਸਾਹਿਬ ਡਾ. ਅੰਬੇਡਕਰ ਇਕ ਅਜਿਹੇ ਯੁੱਗ ਪਲਟਾਊ ਰਹਿਬਰ ਸਨ ਜੋ 14 ਅਪ੍ਰੈਲ 1891 ਨੂੰ ਭਾਰਤ ਦੇ ਆਕਾਸ਼ ਵਿਚ ਸੂਰਜ ਵਾਂਗ ਪ੍ਰਕਾਸ਼ਮਾਨ ਹੋਏ ਅਤੇ ਜਿਨ੍ਹਾਂ ਨੇ ਸਦੀਆਂ ਤੋਂ ਹਾਸ਼ੀਏ ਤੇ ਸੁੱਟੇ ਗਏ ਸਮਾਜ ਨੂੰ ਇਤਿਹਾਸ ਦੇ ਪੰਨਿਆਂ ਦੀਆਂ ਉਪਰਲੀਆਂ, ਮੁਢਲੀਆਂ ਅਤੇ ਪ੍ਰਮੁੱਖ ਸੱਤਰਾਂ ਵਿਚ ਸ਼ੁਮਾਰ ਕਰਨ ਦਾ ਕ੍ਰਾਂਤੀਕਾਰੀ ਕਾਰਜ ਕੀਤਾ। ਬਾਬਾ ਸਾਹਿਬ ਦੇ ਜੀਵਨ ਸੰਘਰਸ਼ ਦੇ ਸਿੱਟੇ ਵਜੋਂ ਹੀ ਭਾਰਤ ਦੇ ਕਰੋੜਾਂ ਦਲਿਤਾਂ ਨੂੰ ਭਾਰਤੀ ਸੰਵਿਧਾਨ ਵਿਚ ਬਰਾਬਰੀ, ਸਵੈਮਾਣ ਤੇ ਵੋਟ ਦਾ ਅਧਿਕਾਰ ਮਿਲਿਆ, ਛੂਤਛਾਤ ਤੇ ਵਗਾਰ ਦਾ ਖਾਤਮਾ ਹੋਇਆ, ਵਿੱਦਿਆ ਪ੍ਰਾਪਤੀ ਤੇ ਸਰਕਾਰੀ ਸਰਵਿਸ ਦੇ ਮੌਕੇ ਮਿਲੇ ਅਤੇ ਰਾਜਨੀਤੀ ਵਿਚ ਪੰਚਾਇਤ ਮੈਂਬਰ ਤੋਂ ਲੈ ਕੇ ਰਾਸ਼ਟਰਪਤੀ ਬਣਨ ਤੱਕ ਦੇ ਮੌਕੇ ਪ੍ਰਾਪਤ ਹੋਏ।

ਡਾ. ਅੰਬੇਡਕਰ ਜੀ ਦੀ ਅਣਥੱਕ ਜੱਦੋ-ਜਹਿਦ ਅਤੇ ਯਤਨਾਂ ਸਦਕਾ ਜਿਹੜੇ ਦਲਿਤ ਚੌਕੀਦਾਰਾ ਕਰਦੇ, ਮਰੇ ਹੋਏ ਡੰਗਰਾਂ ਦੀਆਂ ਖੱਲਾਂ ਲਾਹੁੰਦੇ, ਸਵਰਨ ਜਾਤੀਆਂ ਦਾ ਮੈਲਾ ਸਿਰ ਤੇ ਢੋਂਹਦੇ ਸਨ, ਬਾਬਾ ਸਾਹਿਬ ਦੀ ਸਖ਼ਤ ਮਿਹਨਤ ਦੇ ਫਲਸਰੂਪ ਅੱਜ ਉਨ੍ਹਾਂ ਦੇ ਬੱਚੇ ਹਾਈਕੋਰਟਾਂ ਦੇ ਜੱਜ ਤੇ ਵਕੀਲ ਬਣੇ, ਪ੍ਰਸ਼ਾਸਨਿਕ ਅਧਿਕਾਰੀ ਬਣ ਕੇ ਰਾਜਾਂ ਦੇ ਮੁੱਖ ਸਕੱਤਰ, ਡੀ. ਜੀ. ਪੀ., ਕਮਿਸ਼ਨਰ, ਅੰਬੈਸਡਰ, ਮੰਤਰੀ, ਮੁੱਖ ਮੰਤਰੀ ਤੇ ਗਵਰਨਰ ਬਣੇ। ਭਾਰਤੀ ਦਲਿਤਾਂ ਵੱਲੋਂ ਭਾਰਤ ਦੀ ਸੁਪਰੀਮ ਕੋਰਟ ਦਾ ਮੁੱਖ ਨਿਆਇਧੀਸ਼ ਅਤੇ ਸਰਵਉੱਚ ਅਹੁਦੇ ਰਾਸ਼ਟਰਪਤੀ ਦੀ ਪਦਵੀ ਤੱਕ ਪਹੁੰਚਣਾ ਆਪ ਦੇ ਸੰਘਰਸ਼ ਤੇ ਕਲਮ ਦਾ ਹੀ ਕਮਾਲ ਹੈ। ਬਾਬਾ ਸਾਹਿਬ ਨੇ ਭਾਰਤ ਦੇ ਪਦ-ਦਲਿਤਾਂ ਸਮੇਤ ਇਸਤਰੀ ਵਰਗ ਨੂੰ ਮੋਹਰਲੀਆਂ ਸਫ਼ਾਂ ਵਿਚ ਲਿਆਉਣ ਲਈ ਨਾ ਕੇਵਲ ਅਣਥੱਕ ਸੰਘਰਸ਼ ਹੀ ਕੀਤਾ, ਬਲਕਿ ਇਨ੍ਹਾਂ ਵਰਗਾਂ ਨੂੰ ਇਕ ਨਵਾਂ ਜੀਵਨ ਫਲਸਫਾ ਵੀ ਪ੍ਰਦਾਨ ਕੀਤਾ।

ਬਾਬਾ ਸਾਹਿਬ ਦਲਿਤਾਂ ਅੰਦਰ ਸਭਿਆਚਾਰਕ ਕ੍ਰਾਂਤੀ ਲਿਆਉਣਾ ਚਾਹੁੰਦੇ ਸਨ। ਜਿਸ ਬ੍ਰਾਹਮਣਵਾਦੀ ਤੇ ਰੂੜ੍ਹੀਵਾਦੀ ਚਿੰਤਨ ਨੇ ਸਦੀਆਂ ਤੋਂ ਦਲਿਤਾਂ ਨੂੰ ਗੁਲਾਮ ਬਣਾਈ ਰੱਖਿਆ ਹੈ, ਉਸ ਦਾ ਤਿਆਗ ਕਰਵਾ ਕੇ ਆਪ ਨਵੀਂ ਸੋਚ, ਨਵੀਂ ਰੌਸ਼ਨੀ ਤੇ ਨਵੇਂ ਆਦਰਸ਼ ਸਥਾਪਤ ਕਰਨਾ ਚਾਹੁੰਦੇ ਸਨ। ਡਾ. ਅੰਬੇਡਕਰ ਨੇ ਸਪੱਸ਼ਟ ਕਿਹਾ ਹੈ: ਮੇਰਾ ਇਕ ਮਿਸ਼ਨ ਹੈ, ਇਹ ਮਿਸ਼ਨ ਹੈ ਲੋਕਾਂ ਤੋਂ ਪੁਰਾਣਾ ਰੂੜ੍ਹੀਵਾਦੀ ਦਰਸ਼ਨ ਛੁਡਾ ਕੇ ਉਨ੍ਹਾਂ ਨੂੰ ਬੁੱਧੀਵਾਦ ਤੇ ਨੈਤਿਕਤਾ ਦੇ ਸੁਮੇਲ ਦੇ ਮਾਰਗ 'ਤੇ ਚਲਾਉਣਾ। 'ਜਾਤ ਪਾਤ ਦਾ ਬੀਜ ਨਾਸ਼' ਪੁਸਤਕ ਵਿਚ ਆਪ ਨੇ ਸਾਫ ਲਿਖਿਆ ਹੈ: ਜੇ ਤੁਸੀਂ ਜਾਤ-ਪਾਤ ਸਿਸਟਮ ਨੂੰ ਖਤਮ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਸ਼ੁਰੂਤੀਆਂ ਅਤੇ ਸਿਮਰਿਤੀਆਂ ਦਾ ਧਰਮ ਤਬਾਹ ਕਰਨਾ ਹੋਵੇਗਾ ਜੋ ਸਦਾਚਾਰ ਨੂੰ ਕੋਈ ਮਹੱਤਤਾ ਦੇਣ ਤੋਂ ਇਨਕਾਰੀ ਹਨ। --ਹਿੰਦੂ ਜਿਸ ਨੂੰ ਧਰਮ ਕਹਿੰਦੇ ਹਨ ਉਹ ਹੁਕਮਨਾਮਿਆਂ ਅਤੇ ਪਾਬੰਦੀਆਂ ਦੀ ਵੰਡ ਤੋਂ ਬਿਨਾਂ ਹੋਰ ਕੁਝ ਨਹੀਂ। -- ਤੁਹਾਨੂੰ ਉਸ ਅਸੂਲ ਉੱਤੇ ਡੱਟ ਕੇ ਖੜ੍ਹਾ ਹੋਣਾ ਪਵੇਗਾ ਜਿਸ ਉੱਤੇ ਭਗਵਾਨ ਬੁੱਧ ਡਟ ਕੇ ਖਲੋਤੇ ਸਨ। ਤੁਹਾਨੂੰ ਉਸ ਅਸੂਲ 'ਤੇ ਡੱਟ ਕੇ ਖੜ੍ਹਾ ਹੋਣਾ ਪਵੇਗਾ, ਜਿਸ ਉੱਤੇ ਗੁਰੂ ਨਾਨਕ ਡਟ ਕੇ ਖਲੋਤੇ ਸਨ।

ਇਸ ਤਰ੍ਹਾਂ ਅੰਬੇਡਕਰ ਵਿਚਾਰਧਾਰਾ ਇੱਕ ਅਗਾਂਹਵਧੂ ਜੀਵਨ ਮਾਰਗ ਹੈ, ਇਸ ਦਾ ਫਿਰਕੂ ਤੇ ਪਿਛਾਂਹ ਖਿੱਚੂ ਤਾਕਤਾਂ ਨਾਲ ਟਕਰਾਅ ਹੈ। ਬਾਬਾ ਸਾਹਿਬ ਦਾ ਕਥਨ ਸੀ: ਮੈਂ ਹਰ ਉਸ ਸਿਧਾਂਤ ਨੂੰ ਰੱਦ ਕਰਦਾ ਹਾਂ ਜਿਹੜਾ ਤਰਕ ਦੀ ਕਸੌਟੀ ਤੇ ਪੂਰਾ ਨਾ ਉਤਰੇ ਅਤੇ ਜੋ ਨੈਤਿਕਤਾ ਦਾ ਮਹਾਂ ਮਾਨਵ ਡਾ. ਅੰਬੇਡਕਰ ਵਿਸ਼ਵ ਭਰ ਦੇ ਕਰੋੜਾਂ ਲੋਕਾਂ ਦੇ ਪ੍ਰੇਰਨਾ-ਸਰੋਤ ਹਨ। ਆਪ ਦਾ ਸਾਰਾ ਜੀਵਨ ਔਕੜਾਂ, ਮੁਸੀਬਤਾਂ ਅਤੇ ਅਖੌਤੀ ਸਵਰਨ ਜਾਤੀਆਂ ਵੱਲੋਂ ਮਿਲੀ ਨਫ਼ਰਤ, ਨਿਰਾਦਰੀ ਤੇ ਸੰਘਰਸ਼ ਨਾਲ ਭਰਿਆ ਪਿਆ ਹੈ। ਦੁਨੀਆਂ ਦੇ ਇਸ ਮੰਨੇ-ਪ੍ਰਮੰਨੇ ਚਿੰਤਕ; ਸਦੀਆਂ ਤੋਂ ਦੱਬੇ, ਦਰੜੇ ਅਤੇ ਮਿੱਧੇ ਹੋਏ ਕਰੋੜਾਂ ਦਲਿਤਾਂ ਦੇ ਮਸੀਹਾ ਦੇ ਦਿਲ ਨੂੰ ਭਾਰਤੀ ਸਮਾਜਿਕ ਬਣਤਰ ਦੇ ਅਪਮਾਨ ਭਰੇ ਸਲੂਕ ਨੇ ਜੋ ਜ਼ਖਮ ਲਾਏ, ਉਹ ਹਮੇਸ਼ਾ ਰਿਸਦੇ ਰਹੇ। ਬਾਬਾ ਸਾਹਿਬ ਨੇ ਇਸ ਨਿਰਾਦਰੀ ਦਾ ਬਦਲਾ ਸਦੀਆਂ ਤੋਂ ਪੀੜਤ ਸ਼ੋਸ਼ਿਤ ਲੋਕਾਂ ਨੂੰ ਇੱਕ ਲੜੀ ਵਿਚ ਪਰੋ ਕੇ ਤਿੱਖੇ ਲੋਕ ਸੰਘਰਸ਼ ਦੁਆਰਾ ਸ਼ਾਂਤਮਈ ਸਮਾਜਿਕ ਤੇ ਰਾਜਨੀਤਿਕ ਕ੍ਰਾਂਤੀ ਲਿਆ ਕੇ ਲਿਆ। ਉਹ ਨਫ਼ਰਤ ਨੂੰ ਨਫ਼ਰਤ ਨਾਲ, ਅਤਿਆਚਾਰਾਂ ਨੂੰ ਅਤਿਆਚਾਰਾਂ ਨਾਲ, ਕਾਲਖ ਨੂੰ ਕਾਲਖ ਨਾਲ ਧੋਣ ਦੇ ਹਾਮੀ ਨਹੀਂ ਸਨ। ਉਨ੍ਹਾਂ ਦਾ ਕਥਨ ਸੀ: ਜੇ ਮੇਰਾ ਖ਼ੂਨ ਈਰਖਾ ਅਤੇ ਬਦਲੇ ਦੀ ਭਾਵਨਾ ਨਾਲ ਭਰਿਆ ਹੁੰਦਾ ਤਾਂ ਮੈਂ ਇਸ ਦੇਸ਼ ਵਿਚ ਪੰਜ ਸਾਲ ਤੋਂ ਵੀ ਘੱਟ ਸਮੇਂ ਵਿਚ ਬਰਬਾਦੀ ਲਿਆ ਦਿੰਦਾ।

ਬਾਬਾ ਸਾਹਿਬ ਰੂਸੀ ਕਿਸਮ ਦੇ ਸਾਮਵਾਦ ਨੂੰ ਇਸ ਕਾਰਨ ਹੀ ਰੱਦ ਕਰਦੇ ਸਨ, ਕਿਉਂਕਿ ਇਹ ਖ਼ੂਨੀ ਕ੍ਰਾਂਤੀ ਦੁਆਰਾ ਇਸ ਦੀ ਸਥਾਪਨਾ ਦੀ ਹਾਮੀ ਭਰਦਾ ਹੈ। ਆਪ ਸਮਾਜਵਾਦ ਦੀ ਸਥਾਪਨਾ ਲਈ ਸੰਸਦੀ ਲੋਕ-ਰਾਜ ਨੂੰ ਕਾਇਮ ਰੱਖਣ ਦੇ ਜ਼ਬਰਦਸਤ ਸਮਰਥਕ ਸਨ। ਪਰ ਰੂਸੀ ਸਮਾਜਵਾਦ ਪੂਰੇ ਤੌਰ ਤੇ ਰਾਜ ਦੀ ਇਜਾਰੇਦਾਰੀ ਚਾਹੁੰਦਾ ਸੀ ਜਦਕਿ ਬਾਬਾ ਸਾਹਿਬ ਤਾਨਾਸ਼ਾਹੀ ਦੇ ਵਿਰੁੱਧ ਸਨ। ਆਪ ਬਿਨਾਂ ਖ਼ੂਨ-ਖਰਾਬੇ ਦੇ ਬੋਧੀ ਵਿਚਾਰਧਾਰਾ ਵਾਲਾ ਸਮਾਜਵਾਦ ਲਿਆਉਣਾ ਚਾਹੁੰਦੇ ਸਨ।



**1938 ਵਿਚ ਰੇਲਵੇ ਕਾਮਿਆਂ ਦੀ ਇੱਕ ਵਿਸ਼ਾਲ ਕਾਨਫਰੰਸ ਨੂੰ ਸੰਬੋਧਿਤ ਕਰਦਿਆਂ ਡਾ. ਅੰਬੇਡਕਰ ਨੇ ਕਿਹਾ ਸੀ: ਮਜ਼ਦੂਰਾਂ ਦੇ ਦੋ ਦੁਸ਼ਮਣ ਹਨ- ਇੱਕ ਪੂੰਜੀਵਾਦ ਅਤੇ ਦੂਜਾ ਬ੍ਰਾਹਮਣਵਾਦ। ਬ੍ਰਾਹਮਣ ਤੋਂ ਮੇਰਾ ਭਾਵ ਕੋਈ ਜਾਤੀ ਜਾਂ ਵਿਅਕਤੀ ਵਿਸ਼ੇਸ਼ ਨਹੀਂ ਹੈ, ਸਗੋਂ ਇਸ ਦਾ ਮਤਲਬ ਹੈ ਉਹ ਮਾਨਸਿਕਤਾ ਜਿਹੜੀ ਸੁਤੰਤਰਤਾ, ਸਮਤਾ ਅਤੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਨਕਾਰਦੀ ਹੈ। ਇਹ ਪ੍ਰਵਿਰਤੀ ਬ੍ਰਾਹਮਣਾਂ ਤੱਕ ਹੀ ਸੀਮਤ ਨਹੀਂ ਰਹਿ ਗਈ ਬਲਕਿ ਹੋਰ ਵਰਗਾਂ ਵਿਚ ਵੀ ਪ੍ਰਵੇਸ਼ ਕਰ ਗਈ ਹੈ। ਡਾ. ਅੰਬੇਡਕਰ ਸਾਹਿਬ ਦਾ ਵਿਚਾਰ ਸੀ ਕਿ ਰਾਜਨੀਤਿਕ ਲੋਕਤੰਤਰ ਉਦੋਂ ਤੱਕ ਕਾਇਮ ਨਹੀਂ ਰਹਿ ਸਕਦਾ ਜਦੋਂ ਤੱਕ ਉਸ ਦੀ ਬੁਨਿਆਦ ਵਿਚ ਸਮਾਜਿਕ ਲੋਕਤੰਤਰ ਅਰਥਾਤ ਜੀਵਨ ਦੇ ਅਸੂਲਾਂ ਵਜੋਂ ਆਜ਼ਾਦੀ, ਬਰਾਬਰੀ ਅਤੇ ਭਾਈਚਾਰਾ ਨਾ ਹੋਵੇ।**

ਡਾ. ਅੰਬੇਡਕਰ ਸਾਹਿਬ ਨੇ ਦਲਿਤਾਂ, ਸ਼ੋਸ਼ਿਤਾਂ ਵਾਸਤੇ ਜੋ ਕੁਝ ਵੀ ਪ੍ਰਾਪਤ ਕੀਤਾ, ਉਹ ਸਭ ਆਪਣੀ ਯੋਗਤਾ, ਸਖ਼ਤ ਮਿਹਨਤ ਅਤੇ ਤਿਆਗ ਦੀ ਬਦੌਲਤ ਕੀਤਾ। ਉਹ ਚਾਹੇ ਇੱਕ ਕਾਮਯਾਬ ਵਕੀਲ, ਪ੍ਰੋਫੈਸਰ, ਪੱਤਰਕਾਰ, ਸਮਾਜਿਕ ਕ੍ਰਾਂਤੀਕਾਰੀ, ਗੌਰਮਿੰਟ ਲਾਅ ਕਾਲਜ ਦੇ ਪ੍ਰਿੰਸੀਪਲ ਬਣੇ, ਬੰਬਈ ਵਿਧਾਨ ਸਭਾ ਦੇ ਮੈਂਬਰ, ਵਾਇਸਰਾਏ ਦੀ ਐਗਜ਼ੈਕਟਿਵ ਕੌਂਸਲ ਦੇ ਮੈਂਬਰ ਨਿਯੁਕਤ ਹੋਏ, ਭਾਰਤੀ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਦੇ ਮੁਖੀ ਚੁਣੇ ਗਏ ਅਤੇ ਚਾਹੇ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ; ਉਹਨਾਂ ਦੇ ਸੰਘਰਸ਼ਮਈ ਜੀਵਨ ਦਾ ਹਰ ਪਲ ਦਲਿਤਾਂ ਅਤੇ ਲੁੱਟੇ-ਪੁੱਟੇ ਲੋਕਾਂ ਦੇ ਜੀਵਨ ਨੂੰ ਪ੍ਰਕਾਸ਼ਮਾਨ ਕਰਨ ਅਤੇ ਭਾਰਤ ਵਿਚ ਸੁਤੰਤਰਤਾ, ਸਮਾਨਤਾ ਉੱਤੇ ਆਧਾਰਿਤ ਅਤੇ ਅੰਧ ਵਿਸ਼ਵਾਸ਼ਾਂ ਤੋਂ ਰਹਿਤ ਭਾਈਚਾਰਾ ਸਥਾਪਿਤ ਕਰਨ ਵਿਚ ਬੀਤਿਆ।

ਬਾਬਾ ਸਾਹਿਬ ਦਾ ਵਿਚਾਰ ਸੀ ਕਿ ਜਾਤ-ਪਾਤ ਤੇ ਸਮਾਜਿਕ ਅਸਮਾਨਤਾਵਾਂ ਸਾਡੀਆਂ ਦੁਸ਼ਮਣ ਹਨ ਅਤੇ ਭਾਰਤੀ ਸਮਾਜ ਦੀ ਨਵ-ਉਸਾਰੀ ਲਈ ਇਸ ਨਾਬਰਾਬਰੀ ਨੂੰ ਦੂਰ ਕਰਨਾ ਬੇਹੱਦ ਜ਼ਰੂਰੀ ਹੈ। ਹਰ ਪੜ੍ਹੇ ਲਿਖੇ ਵਿਅਕਤੀ ਦੀ ਮੁਢਲੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਗਰੀਬ ਤੇ ਬੇਸਮਝ ਭਰਾਵਾਂ ਵਿਚ ਚੇਤਨਾ ਪੈਦਾ ਕਰੇ ਅਤੇ ਉਨ੍ਹਾਂ ਦੀ ਸੇਵਾ ਕਰੇ। ਉੱਚੇ ਰੁਤਬੇ ਤੇ ਪਹੁੰਚ ਕੇ ਪੜ੍ਹੇ-ਲਿਖੇ ਵਿਅਕਤੀ ਆਪਣੇ ਅਨਪੜ੍ਹ ਤੇ ਗਰੀਬ ਭਰਾਵਾਂ ਨੂੰ ਭੁਲਾ ਦਿੰਦੇ ਹਨ, ਪ੍ਰੰਤੂ ਜੇ ਉਹ ਆਪਣੇ ਹਜ਼ਾਰਾਂ ਭਰਾਵਾਂ ਵੱਲ ਧਿਆਨ ਨਹੀਂ ਦੇਣਗੇ ਤਾਂ ਇਸ ਨਾਲ ਸਾਡੇ ਸਮਾਜ ਦਾ ਪਤਨ ਹੋ ਜਾਵੇਗਾ। ਆਪ ਦਾ ਸਪੱਸ਼ਟ ਮੱਤ ਸੀ ਕਿ ਦਲਿਤਾਂ ਅੰਦਰ ਮਾਨਸਿਕ ਗੁਲਾਮੀ ਕਾਰਨ ਪੈਦਾ ਹੋਈ ਹੀਣ-ਭਾਵਨਾ ਨੂੰ ਕੇਵਲ ਬੁਧੀਵਾਦ ਦੁਆਰਾ ਪ੍ਰਾਪਤ ਕੀਤਾ ਸਵੈ-ਮਾਣ, ਸਵੈ-ਭਰੋਸਾ ਅਤੇ ਸਵੈ-ਸ਼ਕਤੀ ਹੀ ਖਤਮ ਕਰ ਸਕਦੇ ਹਨ।

1936 ਵਿਚ ਬੰਬਈ ਪ੍ਰਦੇਸ਼ ਵਿਚ ਬਾਬਾ ਸਾਹਿਬ ਨੇ ਇੰਡੀਪੈਂਨਡੈਂਟ ਲੇਬਰ ਪਾਰਟੀ (ਆਜ਼ਾਦ ਮਜ਼ਦੂਰ ਪਾਰਟੀ) ਦਾ ਗਠਨ ਕੀਤਾ। 1937 ਦੀਆਂ ਜਨਰਲ ਚੋਣਾਂ ਵਿਚ ਇਹ ਪਾਰਟੀ 15 ਸੀਟਾਂ ਜਿੱਤ ਕੇ ਪ੍ਰਦੇਸ਼ ਵਿਚ ਮੁੱਖ ਵਿਰੋਧੀ ਪਾਰਟੀ ਬਣ ਗਈ। ਸਮਾਜਿਕ ਸੁਧਾਰਾਂ ਬਾਰੇ ਪਾਰਟੀ ਦਾ ਮੱਤ ਸੀ ਕਿ ਇਹ ਸਮਾਜ ਸੁਧਾਰਕਾਂ ਦੀ ਮਦਦ ਕਰੇਗੀ ਅਤੇ ਹਰ ਪ੍ਰਕਾਰ ਦੇ ਰੂੜ੍ਹੀਵਾਦ ਅਤੇ ਪਿਛਾਂਹ-ਖਿੱਚੂਵਾਦ ਨੂੰ ਜੁਰਮ ਕਰਾਰ ਦੇਵੇਗੀ। ਪਾਰਟੀ ਨੇ ਇਹ ਸੁਝਾਅ ਵੀ ਦਿੱਤਾ ਕਿ ਧਾਰਮਿਕ ਸਥਾਨਾਂ ਦਾ ਵਾਧੂ ਧਨ ਵਿਦਿਅਕ ਕਾਰਜਾਂ ਵਿਚ ਵਰਤਿਆ ਜਾਣਾ ਚਾਹੀਦਾ ਹੈ।

1938 ਵਿਚ ਰੇਲਵੇ ਕਾਮਿਆਂ ਦੀ ਇੱਕ ਵਿਸ਼ਾਲ ਕਾਨਫਰੰਸ ਨੂੰ ਸੰਬੋਧਿਤ ਕਰਦਿਆਂ ਡਾ. ਅੰਬੇਡਕਰ ਨੇ ਕਿਹਾ ਸੀ: ਮਜ਼ਦੂਰਾਂ ਦੇ ਦੋ ਦੁਸ਼ਮਣ ਹਨ- ਇੱਕ ਪੂੰਜੀਵਾਦ ਅਤੇ ਦੂਜਾ ਬ੍ਰਾਹਮਣਵਾਦ। ਬ੍ਰਾਹਮਣ ਤੋਂ ਮੇਰਾ ਭਾਵ ਕੋਈ ਜਾਤੀ ਜਾਂ ਵਿਅਕਤੀ ਵਿਸ਼ੇਸ਼ ਨਹੀਂ ਹੈ, ਸਗੋਂ ਇਸ ਦਾ ਮਤਲਬ ਹੈ ਉਹ ਮਾਨਸਿਕਤਾ ਜਿਹੜੀ ਸੁਤੰਤਰਤਾ, ਸਮਤਾ ਅਤੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਨਕਾਰਦੀ ਹੈ। ਇਹ ਪ੍ਰਵਿਰਤੀ ਬ੍ਰਾਹਮਣਾਂ ਤੱਕ ਹੀ ਸੀਮਤ ਨਹੀਂ ਰਹਿ ਗਈ ਬਲਕਿ ਹੋਰ ਵਰਗਾਂ ਵਿਚ ਵੀ ਪ੍ਰਵੇਸ਼ ਕਰ ਗਈ ਹੈ। ਡਾ. ਅੰਬੇਡਕਰ ਸਾਹਿਬ ਦਾ ਵਿਚਾਰ ਸੀ ਕਿ ਰਾਜਨੀਤਿਕ ਲੋਕਤੰਤਰ ਉਦੋਂ ਤੱਕ ਕਾਇਮ ਨਹੀਂ ਰਹਿ ਸਕਦਾ ਜਦੋਂ ਤੱਕ ਉਸ ਦੀ ਬੁਨਿਆਦ ਵਿਚ ਸਮਾਜਿਕ ਲੋਕਤੰਤਰ ਅਰਥਾਤ ਜੀਵਨ ਦੇ ਅਸੂਲਾਂ ਵਜੋਂ ਆਜ਼ਾਦੀ, ਬਰਾਬਰੀ ਅਤੇ ਭਾਈਚਾਰਾ ਨਾ ਹੋਵੇ। ਬਦਕਿਸਮਤੀ ਨਾਲ ਸਾਡੇ ਦੇਸ਼ ਵਿਚ ਇਹ ਸਥਿਤੀ ਪੈਦਾ ਨਹੀਂ ਹੋ ਸਕੀ। ਵਿਭਿੰਨ ਧਰਮਾਂ, ਜਾਤਾਂ ਅਤੇ ਵਰਗਾਂ ਵਿਚ ਵੰਡੇ ਹੋਏ ਭਾਰਤੀ ਸਮਾਜ ਵਿਚ ਕੌਮੀ ਏਕਤਾ ਅਤੇ ਭਾਈਚਾਰਕ ਸਾਂਝ ਦੀ ਭਾਵਨਾ ਹਾਲੇ ਪੈਦਾ ਹੀ ਨਹੀਂ ਹੋਈ। ਇੱਥੇ ਭਾਰਤੀ ਹੋਣ ਨਾਲੋਂ ਵਿਅਕਤੀ ਦੀ ਪਹਿਚਾਣ ਦਾ ਆਧਾਰ ਜਾਤ, ਮਜ਼ਹਬ ਅਤੇ ਧਰਮ ਹੈ। ਜਿਸ ਸਮਾਜ ਵਿਚ ਅਜਿਹੀ ਨਿਮਰ ਪੱਧਰ ਦੀ ਮਾਨਸਿਕ ਸੋਚ ਹੋਵੇ, ਉਥੇ ਕੌਮੀ ਏਕਤਾ ਦੀ ਗੱਲ ਕਰਨੀ ਹੀ ਨਿਰਾਰਥਕ ਹੋ ਜਾਂਦੀ ਹੈ। ਅਸੀਮਤ ਆਜ਼ਾਦੀ ਨੇ ਬਰਾਬਰੀ ਦੀ ਭਾਵਨਾ ਨੂੰ ਨੁਕਸਾਨ ਪਹੁੰਚਾਇਆ ਹੈ। ਬਰਾਬਰੀ ਅਤੇ ਭਾਈਚਾਰਾ ਸਮਾਜ ਦੀ ਬੁਨਿਆਦ ਨਹੀਂ ਬਣ ਸਕੇ।

ਡਾ. ਅੰਬੇਡਕਰ ਦਾ ਵਿਚਾਰ ਸੀ ਕਿ ਭਾਰਤ ਸਹੀ ਅਰਥਾਂ ਵਿਚ ਰਾਸ਼ਟਰ ਨਹੀਂ ਹੈ ਅਤੇ ਰਾਸ਼ਟਰ ਬਣੇ-ਬਣਾਏ ਨਹੀਂ ਮਿਲਦੇ, ਬਲਕਿ ਇਨ੍ਹਾਂ ਦਾ ਨਿਰਮਾਣ ਕਰਨਾ ਪੈਂਦਾ ਹੈ। ਜੇਕਰ ਭਾਰਤ ਨੂੰ ਇੱਕ ਰਾਸ਼ਟਰ ਬਣਾਉਣਾ ਹੈ ਤਾਂ ਭਾਰਤ ਵਿਚੋਂ ਜਾਤੀ ਪ੍ਰਥਾ ਅਤੇ ਹਿੰਦੂ ਸਮਾਜ 'ਚੋਂ ਵਰਣ ਵਿਵਸਥਾ ਨੂੰ ਖਤਮ ਕਰਨਾ ਹੋਵੇਗਾ। ਬਾਬਾ ਸਾਹਿਬ ਦਾ ਇਹ ਦ੍ਰਿੜ੍ਹ ਮੱਤ ਸੀ ਕਿ ਭਾਰਤੀ ਸਮਾਜ 'ਚੋਂ ਜਾਤੀ ਪ੍ਰਥਾ ਸਮਾਪਤ ਕਰਕੇ ਹੀ ਰਾਸ਼ਟਰੀ ਏਕਤਾ ਸਥਾਪਤ ਕੀਤੀ ਜਾ ਸਕਦੀ ਹੈ। ਕਈ ਹਜ਼ਾਰ ਜਾਤੀਆਂ ਵਿਚ ਵੰਡੇ ਹੋਏ ਲੋਕ ਇੱਕ ਕੌਮ ਕਿਸ ਤਰ੍ਹਾਂ ਹੋ ਸਕਦੇ ਹਨ? ਰਾਸ਼ਟਰੀ ਏਕਤਾ ਦੀ ਉਸਾਰੀ ਅਤੇ ਸੰਸਦੀ ਲੋਕਤੰਤਰ ਦੀ ਸਫਲਤਾ ਲਈ ਬਾਬਾ ਸਾਹਿਬ ਡਾ. ਅੰਬੇਡਕਰ ਰਾਜਨੀਤੀ ਦੇ ਨਾਲ ਸਮਾਜਿਕ ਤੇ ਆਰਥਿਕ ਸਮਾਨਤਾ ਨੂੰ ਵੀ ਬਰਾਬਰ ਮਹੱਤਤਾ ਦਿੰਦੇ ਸਨ। 25 ਨਵੰਬਰ 1949 ਨੂੰ ਭਾਰਤੀ ਸੰਵਿਧਾਨ ਦੇ ਨਿਰਮਾਣ ਉਪਰੰਤ ਸੰਵਿਧਾਨਕ ਸਭਾ ਦੀ ਆਖਰੀ ਮੀਟਿੰਗ ਵਿਚ ਪ੍ਰਸਤੁਤ ਆਪ ਦੇ ਭਾਸ਼ਣ ਦੀ ਅਹਿਮੀਅਤ ਅਤੇ ਸਾਰਥਿਕਤਾ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹੈ। ਆਪ ਦਾ ਇਹ ਭਾਸ਼ਣ ਸਕੂਲਾਂ-ਕਾਲਜਾਂ ਦੀਆਂ ਪਾਠ-ਪੁਸਤਕਾਂ ਵਿਚ ਸਿਲੇਬਸ ਵਜੋਂ ਸ਼ਾਮਲ ਕੀਤੇ ਜਾਣ ਦੀ ਹੈਸੀਅਤ ਰੱਖਦਾ ਹੈ। ਇਸ ਇਤਿਹਾਸਕ ਭਾਸ਼ਣ ਵਿਚ ਚੇਤਾਵਨੀ ਵਜੋਂ ਪ੍ਰਸਤੁਤ ਕੁਝ ਸੱਤਰਾਂ ਜ਼ਿਕਰਯੋਗ ਹਨ:

''26 ਜਨਵਰੀ 1950 ਨੂੰ ਅਸੀਂ ਇੱਕ ਟਕਰਾਵੇਂ ਜੀਵਨ ਵਿਚ ਪ੍ਰਵੇਸ਼ ਕਰ ਰਹੇ ਹਾਂ। ਰਾਜਨੀਤੀ ਵਿਚ ਅਸੀਂ ਬਰਾਬਰ ਹੋਵਾਂਗੇ ਪਰ ਸਮਾਜਿਕ ਅਤੇ ਆਰਥਿਕ ਜੀਵਨ ਵਿਚ ਨਾ ਬਰਾਬਰੀ ਰਾਜਨੀਤੀ ਵਿਚ ਅਸੀਂ 'ਇੱਕ ਆਦਮੀ ਇੱਕ ਵੋਟ', 'ਇੱਕ ਵੋਟ ਇੱਕ ਕੀਮਤ' ਦੇ ਅਸੂਲ ਨੂੰ ਪ੍ਰਵਾਨ ਕਰਾਂਗੇ, ਪਰ ਸਮਾਜਿਕ ਤੇ ਆਰਥਿਕ ਜੀਵਨ ਵਿਚ ਅਸੀਂ ਇੱਕ ਆਦਮੀ ਇੱਕ ਕਦਰ ਦੇ ਅਸੂਲ ਤੋਂ ਮੁਨਕਰ ਹੁੰਦੇ ਰਹਾਂਗੇ। ਸਾਨੂੰ ਇਸ ਫਰਕ ਨੂੰ ਜਲਦੀ ਹੀ ਦੂਰ ਕਰਨਾ ਚਾਹੀਦੈ, ਨਹੀਂ ਤਾਂ ਨਾਬਰਾਬਰੀ ਦੇ ਸ਼ਿਕਾਰ ਲੋਕ ਸਿਆਸੀ ਜਮਹੂਰੀਅਤ ਦੇ ਢਾਂਚੇ ਦੀਆਂ ਧੱਜੀਆਂ ਉਡਾ ਦੇਣਗੇ ਜੋ ਇਸ ਵਿਧਾਨ ਸਭਾ ਨੇ ਇੰਨੀ ਮਿਹਨਤ ਨਾਲ ਬਣਾਇਆ ਹੈ।'

ਪ੍ਰੰਤੂ ਆਜ਼ਾਦੀ ਪ੍ਰਾਪਤੀ ਤੋਂ 68 ਸਾਲ ਬਾਅਦ ਵੀ ਬਾਬਾ ਸਾਹਿਬ ਦੀ ਸੋਚ, ਉਨ੍ਹਾਂ ਦਾ ਨਿਰੰਤਰ ਸੰਘਰਸ਼, ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਉਨ੍ਹਾਂ ਦੇ ਸੁਪਨੇ ਪੂਰੀ ਤਰ੍ਹਾਂ ਸਾਕਾਰ ਨਹੀਂ ਹੋਏ। ਲੋਕਤੰਤਰ ਉਪਰ ਧਨੀ ਲੋਕਾਂ ਦੀ ਇਜਾਰੇਦਾਰੀ ਅਤੇ ਦੇਸ਼ ਦੇ ਸਾਰੇ ਆਰਥਿਕ ਅਤੇ ਕੁਦਰਤੀ ਸਰੋਤਾਂ ਉਪਰ ਪੂੰਜੀਪਤੀਆਂ ਦਾ ਕਬਜ਼ਾ ਹੋ ਚੁੱਕਾ ਹੈ। ਜਾਤ-ਪਾਤ, ਮਜ਼ਹਬੀ ਕੱਟੜਤਾ, ਰਾਜਨੀਤੀ ਵਿਚ ਨਾਇਕ ਪੂਜਾ, ਭਾਈ-ਭਤੀਜਾਵਾਦ, ਸਮਾਜਿਕ ਤੇ ਆਰਥਿਕ ਅਸਮਾਨਤਾ, ਭ੍ਰਿਸ਼ਟਾਚਾਰ, ਮਹਿੰਗਾਈ, ਬੇਰੁਜ਼ਗਾਰੀ, ਇਖ਼ਲਾਕੀ ਗਿਰਾਵਟ, ਨਿੱਜੀ ਸਵਾਰਥ, ਵੋਟ ਦੀ ਰਾਜਨੀਤੀ ਅਤੇ ਲੋਕ ਹਿੱਤਾਂ ਨਾਲੋਂ ਟੁੱਟ ਚੁੱਕੀ ਅਫ਼ਸਰਸ਼ਾਹੀ ਅਤੇ ਸਿਆਸਤ ਨੇ ਆਮ ਆਦਮੀ ਦੀ ਜ਼ਿੰਦਗੀ ਬਰਬਾਦ ਕਰਕੇ ਰੱਖ ਦਿੱਤੀ ਹੈ। ਵਿਕਸਤ ਭਾਰਤ ਦਾ ਫਾਇਦਾ ਆਮ ਆਦਮੀ ਨੂੰ ਪ੍ਰਾਪਤ ਨਹੀਂ ਹੋਇਆ।

ਧਰਮ ਸਬੰਧੀ ਡਾ. ਅੰਬੇਡਕਰ ਦੇ ਵਿਚਾਰ ਵੀ ਵਾਚਣਯੋਗ ਹਨ। ਉਨ੍ਹਾਂ ਦਾ ਸਪੱਸ਼ਟ ਮੱਤ ਸੀ ਕਿ ਧਰਮ ਮਨੁੱਖ ਲਈ ਹੈ, ਮਨੁੱਖ ਧਰਮ ਲਈ ਸਹੀ ਹੈ। ਧਰਮ ਮਨੁੱਖ ਨੂੰ ਆਸ਼ਾਵਾਦੀ ਬਣਾਉਂਦਾ ਹੈ। ਧਰਮ ਲਈ ਇਹੋ ਕਾਫੀ ਨਹੀਂ ਹੈ ਕਿ ਉਸ ਦਾ ਕੋਈ ਨੈਤਿਕ ਜ਼ਾਬਤਾ ਹੋਵੇ, ਸਗੋਂ ਉਸ ਦਾ ਨੈਤਿਕ-ਜ਼ਾਬਤਾ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਬੁਨਿਆਦੀ ਅਸੂਲਾਂ ਨੂੰ ਮਾਨਤਾ ਦੇਵੇ। ਧਰਮ ਨੇ ਜੇਕਰ ਕਾਰਜ ਕਰਨਾ ਹੈ ਤਾਂ ਇਸ ਨੂੰ ਤਰਕਸ਼ੀਲ ਹੋਣਾ ਚਾਹੀਦਾ ਹੈ। ਧਰਮ ਨਾ ਤਾਂ ਗਰੀਬੀ ਨੂੰ ਵਡਿਆਵੇ ਅਤੇ ਨਾ ਉਸ ਨੂੰ ਠੀਕ ਦਰਸਾਵੇ। 3 ਅਕਤੂਬਰ 1964 ਨੂੰ 'ਮੇਰਾ ਨਿੱਜੀ ਦਰਸ਼ਨ' ਸਿਰਲੇਖ ਅਧੀਨ ਡਾ. ਅੰਬੇਡਕਰ ਨੇ 'ਆਕਾਸ਼ਵਾਣੀ' ਦਿੱਲੀ ਤੋਂ ਪ੍ਰਸਾਰਿਤ ਇੱਕ ਭਾਸ਼ਣ-ਲੜੀ ਵਿਚ ਕਿਹਾ: "ਹਰੇਕ ਪੁਰਸ਼ ਦਾ ਆਪਣਾ ਦਰਸ਼ਨ ਹੋਣਾ ਚਾਹੀਦਾ ਹੈ, ਕਿਉਂਕਿ ਹਰੇਕ ਪੁਰਸ਼ ਦਾ ਇੱਕ ਅਜਿਹਾ ਮਾਪ-ਤੋਲ ਹੋਣਾ ਚਾਹੀਦੈ, ਜਿਸ ਨਾਲ ਉਹ ਆਪਣਾ ਆਚਰਣ ਪਰਖ ਸਕੇ ਅਤੇ ਦਰਸ਼ਨ ਹੀ ਤਾਂ ਉਹ ਮਾਪ-ਤੋਲ ਹੈ ਜਿਸ ਨਾਲ ਕੋਈ ਪੁਰਸ਼ ਆਪਣੇ ਆਪ ਨੂੰ ਪਰਖ ਸਕਦਾ ਹੈ। ਨਿਸ਼ਚਿਤ ਤੌਰ ਤੇ ਮੇਰਾ ਸਮਾਜ ਦਰਸ਼ਨ ਤਿੰਨਾਂ ਸ਼ਬਦਾਂ- ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ 'ਤੇ ਆਧਾਰਿਤ ਹੈ। ਮੇਰੇ ਦਰਸ਼ਨ ਦੀਆਂ ਜੜ੍ਹਾਂ ਧਰਮ ਵਿਚ ਹਨ ਨਾ ਕਿ ਰਾਜਸੀ ਵਿਗਿਆਨ ਅੰਦਰ। ਮੈਂ ਇਹ ਦਰਸ਼ਨ ਭਗਵਾਨ ਬੁੱਧ ਦੀਆਂ ਸਿੱਖਿਆਵਾਂ 'ਚੋਂ ਪ੍ਰਾਪਤ ਕੀਤਾ ਹੈ। ਉਨ੍ਹਾਂ ਦੇ ਦਰਸ਼ਨ ਵਿਚ ਆਜ਼ਾਦੀ ਅਤੇ ਬਰਾਬਰੀ ਲਈ ਥਾਂ ਹੈ ਪਰ ਉਨ੍ਹਾਂ ਇਹ ਵੀ ਕਿਹਾ ਕਿ ਅਸੀਮਤ ਆਜ਼ਾਦੀ ਬਰਾਬਰੀ ਨੂੰ ਨਸ਼ਟ ਕਰ ਦਿੰਦੀ ਹੈ।'' ਬਾਬਾ ਸਾਹਿਬ ਨਿਮਰਤਾ, ਸਦਾਚਾਰ ਅਤੇ ਗਿਆਨ ਵਿਚ ਵਿਸ਼ਵਾਸ ਰੱਖਦੇ ਸਨ। ਮਈ 1956 ਵਿਚ ਬੀ. ਬੀ. ਸੀ. ਲੰਡਨ ਤੋਂ ਪ੍ਰਸਾਰਿਤ ਇੱਕ ਭਾਸ਼ਣ, 'ਮੈਂ ਬੁੱਧ ਧਰਮ ਨੂੰ ਕਿਉਂ ਪਸੰਦ ਕਰਦਾ ਹਾਂ' ਵਿਚ ਆਪ ਨੇ ਕਿਹਾ: ਮੈਂ ਬੁੱਧ ਧਰਮ ਨੂੰ ਇਸ ਕਰਕੇ ਪਹਿਲ ਦਿੰਦਾ ਹਾਂ ਕਿਉਂਕਿ ਇਸ ਵਿਚ ਤਿੰਨ ਅਜਿਹੇ ਅਸੂਲ ਇੱਕੋ ਥਾਂ ਮਿਲਦੇ ਹਨ ਜੋ ਕਿਸੇ ਦੂਸਰੇ ਧਰਮ ਵਿਚ ਨਹੀਂ ਮਿਲਦੇ। ਬੁੱਧ ਧਰਮ ਪ੍ਰਜਨਾ/ਵਹਿਮ ਪ੍ਰਸਤੀ ਦੀ ਬਜਾਏ ਸੂਝ ਅਤੇ ਸਮਝ( ਦੀ ਸਿੱਖਿਆ ਦਿੰਦਾ ਹੈ, ਉਹ ਕਰੁਣਾ (ਪਿਆਰ ਅਤੇ ਭਾਈਚਾਰਾ) ਅਤੇ ਸਮਤਾ (ਬਰਾਬਰੀ) ਸਿਖਾਉਂਦਾ ਹੈ। ਡਾ. ਅੰਬੇਡਕਰ ਦਾ ਮੱਤ ਸੀ ਕਿ ਨਾਬਰਾਬਰੀ ਹਿੰਦੂ ਧਰਮ ਦੀ ਆਤਮਾ ਹੈ ਕਿਉਂਕਿ ਇਹ ਧਰਮ ਮੁੱਖ ਤੌਰ 'ਤੇ ਜਾਤੀ ਵਿਵਸਥਾ ਉਪਰ ਆਧਾਰਿਤ ਹੈ, ਇਸਦੀ ਸਰੰਚਨਾ ਸਾਂਖ ਦਰਸ਼ਨ ਦੇ ਤ੍ਰਿਗੁਣ ਸਿਧਾਂਤ 'ਤੇ ਆਧਾਰਿਤ ਹੈ ਅਤੇ ਹਿੰਦੂ ਧਰਮ ਦੀਆਂ ਅਖੌਤੀ ਧਾਰਮਿਕ ਪੁਸਤਕਾਂ ਨੇ ਜਾਤ-ਪਾਤ ਪ੍ਰਣਾਲੀ ਅਤੇ ਦਰਜੇਵਾਰ ਨਾਬਰਾਬਰੀ ਨੂੰ ਹਿੰਦੂ ਸਮਾਜ ਦਰਸ਼ਨ ਦਾ ਕਾਨੂੰਨ (ਨਿਯਮ) ਬਣਾ ਦਿੱਤਾ ਹੈ।

ਡਾ. ਅੰਬੇਡਕਰ ਦਲਿਤਾਂ ਨੂੰ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਤੋਂ ਮੁਕਤ ਕਰਕੇ ਵਿਗਿਆਨਕ ਅਤੇ ਤਰਕਸ਼ੀਲ ਸੋਚ ਦੇ ਧਾਰਨੀ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਸਦੀਆਂ ਤੋਂ ਰੂੜ੍ਹੀਵਾਦੀ ਵਿਚਾਰਧਾਰਾ ਨੂੰ ਅਪਣਾਈ ਰੱਖਣਾ ਵੀ ਦਲਿਤਾਂ ਦੇ ਵਿਕਾਸ ਵਿਚ ਬਹੁਤ ਵੱਡੀ ਰੁਕਾਵਟ ਹੈ। ਸਮਾਜਿਕ ਤੇ ਸੱਭਿਆਚਾਰਕ ਕ੍ਰਾਂਤੀ ਲਈ ਬਾਬਾ ਸਾਹਿਬ ਨੇ 14 ਅਕਤੂਬਰ 1956 ਨੂੰ ਆਪਣੇ ਲੱਖਾਂ ਅਨੁਯਾਈਆਂ ਸਮੇਤ ਨਾਗਪੁਰ ਵਿਖੇ ਹਿੰਦੂ ਧਰਮ ਨੂੰ ਹਮੇਸ਼ਾ ਲਈ ਤਿਆਗ ਕੇ ਬੁੱਧ ਧਰਮ ਅਪਣਾ ਲਿਆ।

ਬਾਬਾ ਸਾਹਿਬ ਦਾ ਸਮੁੱਚਾ ਜੀਵਨ ਸਦੀਆਂ ਤੋਂ ਪੀੜਤ ਕਰੋੜਾਂ ਸ਼ੋਸ਼ਿਤਾਂ, ਪਛਾੜੇ ਤੇ ਲਤਾੜੇ ਵਰਗਾਂ ਪ੍ਰਤੀ ਸਮਰਪਿਤ ਸੀ। ਆਪ ਦੇ ਸੰਘਰਸ਼ ਸਦਕਾ ਦਲਿਤਾਂ ਨੂੰ ਸ਼ਾਸਨ ਪ੍ਰਬੰਧ ਵਿਚ ਹਿੱਸੇਦਾਰੀ ਤਾਂ ਮਿਲੀ, ਪਰ ਭਾਰਤੀ ਹੁਕਮਰਾਨਾਂ ਦੀ ਗੈਰ-ਸੰਜੀਦਗੀ ਅਤੇ ਦਲਿਤਾਂ ਵਿਚ ਏਕਤਾ ਦੀ ਘਾਟ ਕਾਰਨ ਇਹ ਹਾਲੇ ਵੀ ਤੀਸਰੇ ਦਰਜੇ ਦੇ ਸ਼ਹਿਰੀ ਹਨ।

ਦਲਿਤਾਂ ਵਿਚੋਂ ਪੜ੍ਹੇ-ਲਿਖੇ ਵਰਗ ਨੇ ਬਾਬਾ ਸਾਹਿਬ ਦੀਆਂ ਬਖਸ਼ਿਸ਼ਾਂ ਦਾ ਆਨੰਦ ਤਾਂ ਮਾਣਿਆ ਹੈ, ਪਰ ਇਸ ਵਰਗ ਦੀ ਮਾਨਸਿਕ ਸੋਚ ਵਿਚ ਹਾਲੇ ਕੋਈ ਪਰਿਵਰਤਨ ਨਹੀਂ ਆਇਆ। 21ਵੀਂ ਸਦੀ ਵਿਚ ਰਹਿੰਦਿਆਂ, ਵਿਗਿਆਨਕ ਯੁੱਗ ਦੀਆਂ ਸੁੱਖ-ਸਹੂਲਤਾਂ ਮਾਣਦਿਆਂ ਪੱਥਰ ਯੁੱਗ ਦੀਆਂ ਮਿੱਥਾਂ, ਵਹਿਮ-ਭਰਮ ਤੇ ਅੰਧ-ਵਿਸ਼ਵਾਸ ਹਾਲੇ ਵੀ ਇਨ੍ਹਾਂ ਦੀ ਗੁਲਾਮ ਮਾਨਸਿਕਤਾ ਦੇ ਪੱਕੇ-ਪੀਡੇ ਅੰਗ ਬਣੇ ਹੋਏ ਹਨ। ਜਿਹੜਾ ਰੂੜ੍ਹੀਵਾਦੀ, ਪਿਛਾਂਹ-ਖਿੱਚੂ ਬ੍ਰਾਹਮਣਵਾਦੀ ਫਲਸਫਾ ਇਨ੍ਹਾਂ ਦੇ ਜੜ੍ਹੀਂ ਤੇਲ ਪਾਉਂਦਾ ਰਿਹਾ, ਇਹ ਹਾਲੇ ਵੀ ਉਸ ਦੇ ਗੁਲਾਮ ਬਣੇ ਹੋਏ ਹਨ।

ਦਲਿਤਾਂ ਵਿਚੋਂ ਪੜ੍ਹੇ-ਲਿਖੇ, ਅਧਿਕਾਰੀ ਵਰਗ ਅਤੇ ਰਾਜਨੀਤਿਕਾਂ ਨੇ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਹੀਂ ਨਿਭਾਈ। ਬਹੁਤੇ ਦਲਿਤ ਸਿਆਸਤਦਾਨ ਤਾਂ ਸਿਆਸੀ ਮੰਡੀ ਵਿਚ ਸ਼ਰੇਆਮ ਵਿਕਾਊ ਮਾਲ ਬਣੇ ਹੋਏ ਹਨ। ਭਾਰਤੀ ਸਮਾਜ ਦੇ ਸੰਪੰਨ ਵਰਗ ਸਬਸਿਡੀਆਂ ਦੇ ਨਾਂ ਹੇਠ ਮੁਫਤਖੋਰੇ ਬਣੇ ਆਪਣੀ ਸਿਆਸਤ ਚਮਕਾ ਰਹੇ ਹਨ, ਪ੍ਰੰਤੂ ਸਾਡੇ ਬਹੁਤੇ ਦਲਿਤ ਸਿਆਸਤਦਾਨ ਚੁੱਪ ਧਾਰੀ ਬੈਠੇ ਹਨ। ਇਹ ਤਾਂ ਬਾਬਾ ਸਾਹਿਬ ਵੱਲੋਂ ਅਣਥੱਕ ਸੰਘਰਸ਼ ਦੁਆਰਾ ਪ੍ਰਾਪਤ ਹੱਕਾਂ ਦੀ ਸੁਰੱਖਿਆ ਕਰਨ ਤੋਂ ਹੀ ਅਸਮਰੱਥ ਹੋ ਗਏ ਹਨ। ਅਜਿਹੀ ਸਥਿਤੀ ਵਿਚ ਅੱਜ ਬਾਬਾ ਸਾਹਿਬ ਦੇ ਮਿਸ਼ਨ ਦੀ ਸਾਰਥਕਤਾ ਹੋਰ ਵੀ ਵੱਧ ਹੈ। ਡਾ. ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਨੂੰ ਜਾਨਣ, ਪਛਾਨਣ ਅਤੇ ਵਿਵਹਾਰਿਕ ਰੂਪ ਵਿਚ ਆਪਣੇ ਜੀਵਨ ਵਿਚ ਧਾਰਨ ਕਰਨ ਦੀ ਲੋੜ ਹੈ।

ਵਿਸ਼ੇਸ਼ ਦਿਨਾਂ ਤੇ ਬਾਬਾ ਸਾਹਿਬ ਦੇ ਬੁੱਧ ਨੂੰ ਹਾਰ ਪਹਿਨਾ ਦੇਣੇ, ਸ਼ੋਭਾ ਯਾਤਰਾ ਕੱਢ ਲੈਣੀਆਂ, ਕਾਨਫਰੰਸਾਂ ਕਰਕੇ ਦੂਸਰਿਆਂ ਨੂੰ ਬੁਰਾ-ਭਲਾ ਕਹਿ ਲੈਣਾ ਸਹੀ ਅਰਥਾਂ ਵਿਚ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਨਹੀਂ ਹੈ, ਬਲਕਿ ਆਪਣੇ ਜੀਵਨ ਵਿਚ ਬਾਬਾ ਸਾਹਿਬ ਦੁਆਰਾ ਸਿਰਜੇ ਸਿਧਾਂਤਾਂ ਨੂੰ ਅਸਲੀ ਰੂਪ ਵਿਚ ਅਪਣਾਉਣਾ ਹੀ ਸਹੀ ਮਾਅਨਿਆਂ ਵਿਚ ਇਨਕਲਾਬੀ ਰਹਿਬਰ ਨੂੰ ਯਾਦ ਕਰਨਾ ਹੈ।

ਆਓ, ਰੂੜ੍ਹੀਵਾਦੀ ਅੰਧ-ਵਿਸ਼ਵਾਸਾਂ, ਰੀਤਾਂ-ਰਸਮਾਂ, ਕਰਮ-ਕਾਂਡਾਂ ਅਤੇ ਨਸ਼ਿਆਂ ਦਾ ਤਿਆਗ ਕਰਕੇ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਆਪਣੇ ਜੀਵਨ ਵਿਚ ਵਿਵਹਾਰਿਕ ਰੂਪ ਵਿਚ ਅਪਣਾ ਕੇ, ਮਿਸ਼ਨ ਦੀ ਰੌਸ਼ਨੀ ਹਨੇਰੇ ਘਰਾਂ ਤੱਕ ਪਹੁੰਚਾਈਏ, ਸਮਾਜਿਕ ਇਨਸਾਫ ਲਈ ਲਾਮਬੰਦ ਹੋ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰੀਏ ਅਤੇ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਅਤ ਕਰਕੇ ਬਾਬਾ ਸਾਹਿਬ ਦੇ ਸਹੀ ਪੈਰੋਕਾਰ ਹੋਣ ਦੇ ਯੋਗ ਬਣਾਈਏ।

# ਖ਼ਾਲਸਾ ਪੰਥ ਸਜਾਇਆ



ਮੇਜਰ ਸਿੰਘ ਨਾਭਾ
91-94635-53962

ਵਿਸਾਖੀ ਵਾਲੇ ਦਿਨ
ਗੁਰੁ ਦਸਵੇਂ ਕੌਤਿਕ ਵਰਤਾਇਆ
ਲੈ ਕੇ ਸੀਸ ਪੰਜ ਪਿਆਰਿਆਂ
ਖਾਲਸਾ ਪੰਥ ਸਜਾਇਆ।
ਇਹ ਆਲੌਕਿਕ ਨਜ਼ਾਰਾ
ਵੇਖ ਸੰਗਤ ਸੀਸ ਝੁਕਾਇਆ
ਇਕੋ ਬਾਟੇ 'ਚ ਅੰਮ੍ਰਿਤ ਛਕਾ ਕੇ
ਜਾਤ ਪਾਤ ਦਾ ਭੇਦ ਮਿਟਾਇਆ।
ਨੀਚ ਜਾਤ ਨੂੰ ਗਲੇ ਲਗਾ ਕੇ
ਸਤਿਕਾਰ ਉਨ੍ਹਾਂ ਦਾ ਵਧਾਇਆ।
ਜੀਵਨ ਸਿੰਘ ਮਜ਼੍ਹਬੀ ਸਿੰਘ ਨੂੰ ਪਹਿਲੇ
ਕਲਗੀ ਲਾ ਕੇ ਸਤਿਕਾਰ ਦਿਵਾਇਆ।
ਸਮਾਜ ਅੰਦਰ ਸੀ ਕ੍ਰਾਂਤੀ ਦਾ
ਇਕ ਨਵਾਂ ਪੈਗ਼ਾਮ ਫੈਲਾਇਆ
ਪਰ ਚੌਥੀ ਸਦੀ ਆਉਣ ਤੇ ਵੀ
ਲੋਕਾਂ ਮਨ ਨਾ ਸਮਝਾਇਆ।
ਸਿੱਖੀ ਦੇ ਆਲੰਬਰਦਾਰਾਂ
ਹਉਮੈ ਆਪਣੀ ਨੂੰ ਪੱਠੇ ਪਾਇਆ
ਜਾਤ ਪਾਤਾਂ ਦੀਆਂ ਵੰਡੀਆਂ ਨੂੰ
ਨਵੇਂ ਸਿਰੇ ਤੋਂ ਰਚਾਇਆ।
ਜਾਤ ਪਾਤ ਦੇ ਨਾਲ ਜੋੜ ਕੇ
ਨੇਤਾਵਾਂ ਨੇ ਖ਼ੂਬ ਭਰਮਾਇਆ
ਸਰਕਾਰ ਸਾਡੀ ਨੇ ਪਹਿਲਾਂ ਹੀ
ਹਰੇਕ ਤੇ ਜਾਤ ਦਾ ਠੱਪਾ ਲਾਇਆ।
ਸਮਾਜ ਸਾਡੇ ਨੇ ਸਿੱਖੀ ਨੂੰ
ਵੱਖਰਾ ਹੀ ਰੂਪ ਬਣਾਇਆ
ਸੰਤ ਬਾਬਿਆਂ ਆਮ ਸਿੱਖ ਨੂੰ
ਉਲਝਣ ਤਾਣੀ ਵਿੱਚ ਪਾਇਆ।
ਸਿੱਖੀ ਦੇ ਪਹਿਰੇਦਾਰੋ ਅਜੇ ਵੀ ਸੋਚੋ
ਕੀ ਅਸੀਂ ਉਹੀਓ ਕਮਾਇਆ?
ਕਿਉਂ ਨਹੀਂ ਗੁਰੁ ਦੀ ਸੋਚ ਨੂੰ
ਸੱਚੇ ਦਿਲੋਂ ਅਸਾਂ ਅਪਣਾਇਆ?

# ਹੁਣ ਜ਼ਮਾਨਾ ਬਦਲ ਗਿਆ



ਕਿਥੇ ਗਈਆਂ ਮੇਰੀਆਂ ਪਰੀਆਂ
ਮੈਂ ਜਿਉਂਦਾ ਉਹ ਕਿਉਂ ਮਰੀਆਂ

ਕਹਾਣੀਆਂ ਅੰਦਰ ਜੋ ਸੀ ਪੜ੍ਹੀਆਂ
ਹੁਣ ਜ਼ਮਾਨਾ ਬਦਲ ਗਿਆ

ਨਾਨਕਿਆਂ ਦੇ ਪਿੰਡ ਨੂੰ ਜਾਣਾ
ਮਾਮੇ ਮਾਮੀਆਂ ਨੂੰ ਮਿਲ ਆਉਣਾ

ਰਸਤੇ ਸਾਈਕਲ ਖ਼ੂਬ ਭਜਾਉਣਾ
ਹੁਣ ਜ਼ਮਾਨਾ ਬਦਲ ਗਿਆ

ਸ਼ਰਮ ਹਿਆਂ ਰਹੀ ਨਾ ਕੋਈ
ਨਹੁੰ ਸੱਸ ਦਾ ਇਤਫ਼ਾਕ ਨਾ ਕੋਈ

ਮਿਲੇ ਬਜ਼ੁਰਗਾਂ ਨੂੰ ਨਾ ਢੋਈ
ਹੁਣ ਜ਼ਮਾਨਾ ਬਦਲ ਗਿਆ

ਟਿੰਕ ਟੌਪ ਤੇ ਜ਼ੀਨਾ ਆਈਆਂ
ਲੱਗਣ ਸਭ ਫ਼ੈਸਨ ਦੀਆਂ ਜਾਈਆਂ

ਅੱਧੀਆਂ ਕੱਜੀਆਂ ਜਿਸਨੇ ਪਾਈਆਂ
ਹੁਣ ਜ਼ਮਾਨਾ ਬਦਲ ਗਿਆ

ਜ਼ਿੰਦਗੀਂ ਨਾ ਹੁਣ ਸਾਦ ਮੁਰਾਦੀ
ਨਾ ਗੁੜ੍ਹ ਲੱਭੇ ਨਾ ਕਿਤੇ ਕਮਾਦੀ

ਮਾਂ ਦੇ ਹੱਥ ਦੀ ਰੋਟੀ ਸੁਆਦੀ
ਹੁਣ ਜ਼ਮਾਨਾ ਬਦਲ ਗਿਆ

ਐਵੇਂ ਕਿਉ ਪਰੇਸ਼ਾਨ ਤੂੰ ਹੋਇਆ
ਦੁਨੀਆਂ ਤੋਂ ਹੈਰਾਨ ਤੂੰ ਹੋਇਆ

ਜਿਉਂਦੇ ਜੀਅ ਬੇਜ਼ਾਨ ਜਿਹਾ ਹੋਇਆ
ਹੁਣ ਜ਼ਮਾਨਾ ਬਦਲ ਗਿਆ

ਮੈਂ ਬੜਾ ਦੁੱਖਾਂ ਨੂੰ ਮਿਣਿਆ
ਬੀਤੇ ਚੰਗੇ ਦਿਨਾਂ ਨੂੰ ਗਿਣਿਆ

ਚਿਖਾ ਦਾ ਬਾਲਣ ਹੱਥੀਂ ਚਿਣਿਆ
ਹੁਣ ਜ਼ਮਾਨਾ ਬਦਲ ਗਿਆ

ਤੂੰ ਵੀ ਬਦਲ ਨਾ ਕਰ ਸਵਾਲ
ਹਰ ਇੱਕ ਗੱਲ ਦਾ ਜੀ ਜਵਾਬ

ਜ਼ਿੰਦਗੀਂ ਦਾ ਹੈ ਇਹੋ ਹਿਸਾਬ
ਹੁਣ ਜ਼ਮਾਨਾ ਬਦਲ ਗਿਆ।

**-ਦਲਵੀਰ ਦਿਲ ਨਿੱਜਰ**

# ਅਜੇ ਤਾਂ ਸ਼ੁਰੂਆਤ ਹੈ

ਇਹ ਕਵਿਤਾ ਹਰ ਉਸ ਇਨਸਾਨ ਦੀ ਸੋਚ ਨੂੰ ਦ੍ਰਿੜਾਉਂਦੀ ਹੈ ਜੋ ਸਮਾਜ, ਪਰਿਵਾਰ, ਰਿਸ਼ਤਿਆਂ ਜਾਂ ਇੰਜ ਕਹਿ ਲਵੋ ਕੀ ਕੁਝ ਨਾ ਕੁਝ ਚੰਗਾ ਕਰਨ ਦੀ ਲੋਚਾ ਰੱਖਦਾ ਹੈ। ਬਸ ਉਹ ਚਾਹੁੰਦਾ ਹੈ ਕਿ ਸਮਾਜ ਕਿਸੇ ਤਰ੍ਹਾਂ ਬਦਲਿਆ ਜਾ ਸਕੇ। ਕੁਝ ਕਰ ਗੁਜ਼ਰਨ ਦੀ ਤੀਬਰਤਾ ਨੂੰ ਬਿਆਨ ਕਰਦੀ ਹੈ ਇਹ ਕਵਿਤਾ। ਪਸੰਦ ਆਵੇ ਤਾਂ ਜਰੂਰ ਆਪਣੇ ਵਿਚਾਰ ਸਾਂਝੇ ਕਰਨਾ ਜੀ। ਧੰਨਵਾਦ।



**ਸਤਨਾਮ ਸਿੰਘ ਕੈਂਥ**
**(ਲੈਕਚਰਾਰ)**
91-99880-47124

ਅਜੇ ਤਾਂ ਸ਼ੁਰੂਆਤ ਹੈ
ਪੜ੍ਹਾਂਗਾ ਅਤੇ ਪੜ੍ਹਾਵਾਂਗਾ
ਇੱਕ ਨਵਾਂ ਸਮਾਜ ਬਣਾਵਾਂਗਾ ਮੈਂ
ਬਸ ਅਜੇ ਤਾਂ ਸ਼ੁਰੂਆਤ ਹੈ।

ਅਜੇ ਤਾਂ ਸ਼ੁਰੂਆਤ ਹੈ
ਨਿਰਾਸ਼ਾ ਦੇ ਵਹਿਣ ਵਿੱਚੋਂ ਕੱਢਕੇ
ਆਸ਼ਾ ਦੀ ਕਿਰਨ ਜਗਾਵਾਂਗਾ ਮੈਂ
ਬਸ ਅਜੇ ਤਾਂ ਸ਼ੁਰੂਆਤ ਹੈ।

ਅਜੇ ਤਾਂ ਸ਼ੁਰੂਆਤ ਹੈ
ਚਲਾਵਾਂਗਾ ਕਲਮ ਕੋਰੇ ਕਾਗਜ਼ ਤੇ
ਭਟਕਿਆਂ ਨੂੰ ਰਾਹ ਵਿਖਾਵਾਂਗਾ ਮੈਂ
ਬਸ ਅਜੇ ਤਾਂ ਸ਼ੁਰੂਆਤ ਹੈ।

ਅਜੇ ਤਾਂ ਸ਼ੁਰੂਆਤ ਹੈ
ਮਾਂ ਬੋਲੀ ਦਾ ਜੋ ਕਰਨ ਨਿਰਾਦਰ
ਅਦਬ ਦੀ ਘੁੱਟੀ ਪਿਲਾਵਾਂਗਾ ਮੈਂ
ਬਸ ਅਜੇ ਤਾਂ ਸ਼ੁਰੂਆਤ ਹੈ।

ਅਜੇ ਤਾਂ ਸ਼ੁਰੂਆਤ ਹੈ
ਆਪਣੇ ਹੱਕਾਂ ਖ਼ਾਤਰ ਨਹੀਂ ਜੋ ਲੜਦੀ
ਉਸ ਸੁੱਤੀ ਕੌਮ ਨੂੰ ਜਗਾਵਾਂਗਾ ਮੈਂ
ਬਸ ਅਜੇ ਤਾਂ ਸ਼ੁਰੂਆਤ ਹੈ।

ਅਜੇ ਤਾਂ ਸ਼ੁਰੂਆਤ ਹੈ
ਪਾਣੀ ਬਣ ਚੁੱਕੇ ਜੋ ਰਿਸ਼ਤੇ
ਉਨ੍ਹਾਂ ਰਿਸ਼ਤਿਆਂ 'ਚ ਖ਼ੂਨ ਦੌੜਾਵਾਂਗਾ ਮੈਂ
ਬਸ ਅਜੇ ਤਾਂ ਸ਼ੁਰੂਆਤ ਹੈ।

ਅਜੇ ਤਾਂ ਸ਼ੁਰੂਆਤ ਹੈ
ਪਾਣੀਆਂ ਖ਼ਾਤਰ ਨੇ ਜੋ ਅੱਗ ਉਗਲਦੇ
ਉਨ੍ਹਾਂ ਰਾਜਾਂ ਨੂੰ ਸਮਝਾਵਾਂਗਾ ਮੈਂ
ਬਸ ਅਜੇ ਤਾਂ ਸ਼ੁਰੂਆਤ ਹੈ।

ਅਜੇ ਤਾਂ ਸ਼ੁਰੂਆਤ ਹੈ
ਨਸ਼ੇ ਵਿੱਚ ਝੁਲਸ ਬੈਠੀ ਜਵਾਨੀ
ਜਵਾਨੀ ਨੂੰ ਲੀਹ ਤੇ ਲਿਆਵਾਂਗਾ ਮੈਂ
ਬਸ ਅਜੇ ਤਾਂ ਸ਼ੁਰੂਆਤ ਹੈ।

ਅਜੇ ਤਾਂ ਸ਼ੁਰੂਆਤ ਹੈ
ਆਪਣੇ ਲਈ ਸਭ ਕੁਝ ਨਾ ਕੁਝ ਕਰਦੇ
ਦੁਨੀਆਂ ਲਈ ਕੁਝ ਕਰ ਜਾਵਾਂਗਾ ਮੈਂ
ਬਸ ਅਜੇ ਤਾਂ ਸ਼ੁਰੂਆਤ ਹੈ।

# ਖਾਲਸੇ ਦੀ ਸਿਰਜਣਾ

**ਕਮਲ ਬੰਗਾ ਸੈਕਰਾਮੈਂਟੋ**
(916-897-8570)



ਇਹ ਭਾਗਾਂ ਭਰੀ ਵਿਸਾਖੀ ਤੇ ਰੰਗ ਬੜੇ ਨਿਆਰੇ।
ਧਨ ਤੇ ਧਰਮ ਦੇ ਕੇ ਦਾਤਾ, ਸਭ ਦਾ ਭਲਾ ਪੁਕਾਰੇ।

ਗੁਰੂਆਂ ਦੀ ਕੁਰਬਾਨੀ ਯਾਰੋ, ਰੋਮ ਰੋਮ 'ਚ ਵੱਸਦੀ,
ਭੰਗੜੇ ਪੈਂਦੇ, ਦਿਲ ਨੱਚਦੇ ਤੇ ਕੁਦਰਤ ਵੀ ਹੱਸਦੀ।

ਵਾਹ ਵਾਹ ਪੰਜ ਪਿਆਰੇ, ਹੋ ਗਈ ਧੰਨ ਧੰਨ ਸਾਰੇ,
ਅਨੰਦਪੁਰ, ਅਨੰਦ 'ਚ ਛਾਇਆ, ਤੇ ਗੂੰਜਦੇ ਪਏ ਜੈਕਾਰੇ।

ਹਰੇਕ ਸਾਲ ਇਤਿਹਾਸਕ ਦਿਨ 'ਤੇ ਸੂਰਜ ਵੱਖਰਾ ਲੱਗਦਾ,
ਪੰਜ ਕੱਕਿਆਂ ਦਾ ਕ੍ਰਿਸ਼ਮਾ ਵੀ ਤਾਂ, ਸੂਰਜ ਵਰਗਾ ਲੱਗਦਾ।

ਵਿਸਾਖ ਮਹੀਨਾ ਭਾਗਾਂ ਵਾਲਾ, ਘਾਟੇ ਪੂਰੇ ਕਰਦਾ ਏ,
ਧਰਮ ਤੇ ਸਭਿਅਤਾ ਦਾ ਰੰਗ, ਅੰਬਰ ਤੀਕ ਚੜ੍ਹਦਾ ਏ।

ਰੰਗ 1919 ਦੀ ਵਿਸਾਖੀ ਦਾ, ਵੈਰੀ ਨੇ ਸੀ ਬਦਲਿਆ,
ਵੈਰੀ ਜਨਰਲ ਡਾਇਰ ਨੇ, ਮਜ਼ਲੂਮਾਂ ਤਾਈਂ ਸੀ ਕੁਚਲਿਆ।

ਢੋਲ ਵਿਸਾਖੀ ਦੇ ਵੱਜਦੇ ਤੇ ਆ ਰਲੇ ਗੋਰੇ ਤੇ ਕਾਲੇ,
ਨੱਚਦੇ ਟੱਪਦੇ ਬਣ ਗਏ, ਗੁਰੂ ਗੋਬਿੰਦ ਸਿੰਘ ਦੇ ਮਤਵਾਲੇ।

ਪੰਜ ਦਰਿਆਵਾਂ ਤੋਂ ਉੱਠ ਕੇ, ਪੰਜਾਬੀ ਰਲੇ ਸਮੁੰਦਰਾਂ ਨਾਲ,
ਖਾਲਸੇ ਦੇ ਜਨਮ ਦਿਨ 'ਤੇ 'ਕਮਲ' ਸਭ ਹੋਏ ਮਾਲੋ ਮਾਲ।

# .ਗਜ਼ਲ

**ਸੁਰਿੰਦਰ ਸਿੰਘ ਸੀਰਤ**



**(ਭਗੋਲਕ ਕਵੀ ਦਿਵਸ ਦੇ ਨਾਂ)**

ਤਲਖ਼ੀਆਂ ਦੇ ਤਸੱਵਰ ਚ ਰੂਹ ਭਟਕਦੀ
ਬਸ ਇਹੋ ਖ਼ਾਬ ਮੇਰੇ, ਇਹੋਜ਼ਿੰਦਗੀ
ਹਰ ਗਲੀ ਹਰ ਪੜਾ ਤੇ ਪਿਆ ਹਾਦਸਾਹ
ਲਾਪਤਾ ਸ਼ਖ਼ਸ ਦੀ ਲਾਸ਼ ਜਾਣੀ ਗਈ
ਇਹ ਸਮਾਂ ਈ ਕਰੀ ਜਾ ਰਿਹਾ ਏ ਖ਼ਤਾ
ਹਰ ਜਗਾ ਰਹਿਨਮਾ ਏ ਗ਼ਲਤ ਆਦਮੀ
ਹੋਂਦ ਅਪਨੀ ਚ ਡੁਬ ਕੇ ਕਦੋਂ ਸੋਚਿਆ
ਇਸ ਤਰਾਂ ਵੀ ਬਿਖਰ ਜਾਏ ਗੀ ਇਹ ਕਦੀ
ਉਮਰ ਭਰ ਪਲ ਫੜਨ ਦੀ ਹੈ ਕੀਤੀ ਖ਼ਤਾ
ਸਾਂਭ ਰੱਖਣ ਦੀਹੀ ਤਾਂਗ ਮਰਦੀ ਰਹੀ
ਦੂਰ ਤੀਕਰ ਇਕਲਤਾ
ਦਾ ਬਣਬਾਸ ਹੈ
ਗੂੜ ਚਾਨਣ ਚ ਭੋਗੋ
ਗੇ ਸਾਜ਼ਿਸ਼ ਕੁਈ
ਜਿਸਮ ਦੀ ਕੈਦ ਚੋਂ
ਕਦ ਰਿਹਾਈ ਮਿਲੇ
ਭੁੱਖ ਨੰਗ, ਮੋਹ ਮਾਇਆ ਕਿਤੇ ਤਿਸ਼ਨਗੀ
ਆਸ ਵਾਲੀ ਕੁਈ ਲਾਟ ਜੱਗੇ ਕਦੋਂ
ਉਲਝਨਾਂ ਹੇਤ ਨਿੱਜੀ ਤਣੀ ਤੀਰਗੀ
ਪੁਹੰਚ ਵਿਚ ਹੈ ਕੁਈ ਦੋਸ਼" ਸੀਰਤ" ਰਵਾਂ
ਇਹ ਨਹੀ ਕਿ ਹੈ ਦੂਸ਼ਿਤ ਤਿਰੀ ਬੰਦਗੀ!

# ਖਾਲਸਾ ਪੰਥ

ਜਨਮ ਭੂਮੀ ਪਿਆਰੀ ਛੱਡ ਕੇ ਵਿਚ ਪੰਜਾਬ ਦੇ ਡੇਰੇ ਲਾਏ
ਜੱਗ ਜਹਾਨ ਦੇ ਵਾਲੀ ਨੇ ਤੰਬੂ ਲਾ ਕੇ ਲੋਕ ਬੁਲਾਏ
ਪੰਜ ਸਿਰਾਂ ਦੀ ਲੋੜ ਪਈ ਸੁਣ ਕੇ ਹਰ ਕੋਈ ਗਿਆ ਘਬਰਾਇਆ
ਮੇਰੇ ਬਾਜਾਂ ਵਾਲੇ ਨੇ ਤੇ ਅਨੰਦਪੁਰ ਖਾਲਸਾ ਪੰਥ ਸਜਾਇਆ।

ਉਹਨੇ ਖਿੱਚ ਲਈ ਤਲਵਾਰ ਮਿਆਨੋਂ ਫਿਰ ਨੀਵੀਂ ਪਾ ਗਏ ਸਾਰੇ
ਉਥੇ ਪੰਜ ਸਿੰਘ ਫਿਰ ਉਠੇ ਤੇ ਜਿਹੜੇ ਸਿਦਕੋਂ ਮੂਲ ਨਾ ਹਾਰੇ
ਅੰਮ੍ਰਿਤਪਾਨ ਕਰਾ ਕੇ ਤੇ ਆਪੇ ਗੁਰ ਚੇਲਾ ਅਖਵਾਇਆ
ਮੇਰੇ ਬਾਜਾਂ ਵਾਲੇ ਨੇ ਤੇ ਆਨੰਦਪੁਰ ..... ।

ਅੱਜ ਪੰਜ ਕੱਕੇ ਤਾਂ ਬਣ ਗਏ ਨੇ ਜਿੰਦ ਜਾਨ ਖਾਲਸੇ ਦੀ
ਤਾਹੀਂਓ ਹਟਦਾ ਵੈਰੀ ਪਿੱਛੇ ਵੇਖ ਕ੍ਰਿਪਾਨ ਖਾਲਸੇ ਦੀ
ਜਬਰ ਜ਼ੁਲਮ ਨਾਲ ਟੱਕਰ ਲੈ ਕੇ ਇਕੱਲਾ ਇਕੱਲਾ ਸਿੰਘ ਲਤਾੜਿਆ
ਮੇਰੇ ਬਾਜਾਂ ਵਾਲੇ ਨੇ ਆਨੰਦਪੁਰ .....।

ਮਾਂ ਵਾਰੀ ਉਹਨੇ ਪਿਤਾ ਵਾਰਿਆ: ਵਾਰ ਗਿਆ ਪੁੱਤ ਚਾਰੇ
ਦੁਨੀਆਂ ਖੜ੍ਹ ਕੇ ਦੇਖਦੀ ਹੈ ਸੱਜ ਕੇ ਤੁਰਦੇ ਪੰਜ ਪਿਆਰੇ
ਖਾਲਸਾ ਮੇਰਿ ਰੂਪ ਹੈ ਹਰ ਪ੍ਰਾਣੀ ਦੇ ਦਿਲ 'ਚ ਵਸਾਇਆ
ਮੇਰੇ ਬਾਜਾਂ ਵਾਲੇ ਨੇ ਤੇ ਆਨੰਦਪੁਰ .....।

ਅੱਜ 'ਦੇਵ ਘੋਲੀਏ' ਵਾਲੇ ਨੇ ਗੱਲ ਤਾਹੀਉਂ ਮੁੜ ਮੁੜ ਆਖੀ
ਕੌਣ ਭੁਲੂਗਾ ਨਾ ਭੁੱਲਣੀ ਸਾਨੂੰ ਅਨੰਦਪੁਰ ਵਾਲੀ ਕਦੇ ਵਿਸਾਖੀ
ਸਿੱਖ ਧਰਮ ਦਾ ਬੂਟਾ ਲਾ ਕੇ ਹਰ ਥਾਂ ਝੰਡਾ ਝੁਲਾਇਆ
ਮੇਰੇ ਬਾਜਾਂ ਵਾਲੇ ਨੇ ਤੇ ਅਨੰਦਪੁਰ ਖਾਲਸਾ ਪੰਥ ਸਜਾਇਆ।

**– ਦੇਵ ਘੋਲੀਆ ਖੁਰਦ**

# ਤਬਦੀਲੀ ਕਾਹਦੀ?



ਸੱਚ ਅਤੇ ਸਿਆਸਤ ਦਾ ਮੇਲ਼ ਕੋਈ ਨਾ
ਰਿਸ਼ਤਾ ਜਿਸ ਤਰ੍ਹਾਂ ਪਾਣੀ ਤੇ ਅੱਗ ਦਾ ਹੈ।

ਬਣੂ 'ਚੰਗੀ' ਸਰਕਾਰ ਹੁਣ ਪਹਿਲੀਆਂ ਤੋਂ
ਵੋਟਾਂ ਪਾਉਂਦਿਆਂ ਲੋਕਾਂ ਨੂੰ ਲੱਗਦਾ ਹੈ।

'ਮੱਖਣ' ਨਹੀਂ ਸੀ ਬਾਅਦ ਵਿਚ ਪਤਾ ਚੱਲੇ
'ਚਿੱਟਾ ਚਿੱਟਾ' ਇਹ ਪਾਣੀ ਦੀ ਝੱਗ ਦਾ ਹੈ।

ਉਸਦੇ ਮੱਛੀਆਂ ਫੜਨ ਤੋਂ ਭੇਤ ਖੁੱਲ੍ਹੇ
'ਹੰਸ' ਨਹੀਂ ਇਹ ਅੰਬ ਤਾਂ 'ਬੱਗ' ਦਾ ਹੈ।

ਫੇਰ ਹੋਣ ਮਾਯੂਸੀਆਂ ਵੋਟਰਾਂ ਨੂੰ
ਹੁਕਮਰਾਨ ਦਾ ਚਿਹਰਾ ਪਰ ਦੱਗਦਾ ਹੈ।

ਸੱਭੇ ਖਸਲਤਾਂ ਨੀਤੀਆਂ ਰਹਿਣ ਉਹੀ
ਰੰਗ ਬਦਲਦਾ ਹਾਕਮ ਦੀ ਪੱਗ ਦਾ ਹੈ।

**– ਤਰਲੋਚਨ ਸਿੰਘ ਦੁਪਾਲਪੁਰ**
001-408-915-1268

# ਪੰਜਾਬ ਸਰਕਾਰ ਸਰਪੰਚਾਂ ਲਈ 10ਵੀ ਪਾਸ ਹੋਣਾ ਕਰ ਸਕਦੀ ਹੈ ਲਾਜ਼ਮੀ

**ਚੰਡੀਗੜ੍ਹ-** ਪੰਜਾਬ ਸਰਕਾਰ ਸਰਪੰਚਾਂ ਲਈ ਦਸਵੀਂ ਪਾਸ ਹੋਣਾ ਲਾਜ਼ਮੀ ਕਰ ਸਕਦੀ ਹੈ । ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਅੱਜ ਇੱਥੇ ਪੰਜਾਬ ਸਿਵਲ ਸਕੱਤਰੇਤ ਵਿਖੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਕਸਰ ਪੰਚਾਇਤ ਸਕੱਤਰ ਸਰਪੰਚਾਂ ਦੇ ਘੱਟ ਪੜ੍ਹੇ ਲਿਖੇ ਹੋਣ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹਨ। ਇਸ ਲਈ ਉਹ ਵਿੱਦਿਅਕ ਯੋਗਤਾ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਮੂਹ ਵਿਧਾਇਕਾਂ ਨਾਲ ਚਰਚਾ ਕਰਨਗੇ, ਜਿਸ ਤੋਂ ਬਾਅਦ ਇਸ ਬਾਰੇ ਅਮਲ ਅੱਗੇ ਤੁਰੇਗਾ। ਪੰਜਾਬ 'ਚ ਡੇਢ ਸਾਲ ਬਾਅਦ ਪੰਚਾਇਤੀ ਚੋਣਾਂ ਹੋਣੀਆਂ ਹਨ। ਬਾਜਵਾ ਪਿਛਲੀ ਸਰਕਾਰ ਵੇਲੇ ਪੰਚਾਇਤੀ ਗਰਾਂਟਾਂ 'ਚ ਹੋਏ ਕਥਿਤ ਹੇਰਫੇਰ ਬਾਰੇ ਪੱਤਰਕਾਰਾਂ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਦੇ ਰਹੇ ਸਨ। ਬਾਜਵਾ ਨੇ ਕਿਹਾ ਕਿ ਉਨ੍ਹਾਂ ਦਾ ਮਤਲਬ ਇਹ ਨਹੀਂ ਕਿ ਅਨਪੜ੍ਹ ਲੋਕ ਸਿਆਣੇ ਨਹੀਂ ਹੁੰਦੇ ਪ੍ਰੰਤੂ ਜੇ ਅਜਿਹਾ ਹੁੰਦਾ ਹੈ ਤਾਂ ਪੰਚਾਇਤਾਂ ਦਾ ਦਫ਼ਤਰੀ ਕੰਮਕਾਰ ਹੋਰ ਬਿਹਤਰ ਹੋਵੇਗਾ । ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਵੇਲੇ ਜਿਨ੍ਹਾਂ ਪੰਚਾਇਤਾਂ ਨੂੰ 1-1 ਕਰੋੜ ਰੁਪਏ ਤੱਕ ਦਿੱਤੇ ਗਏ ਸਨ ਉਨ੍ਹਾਂ ਬਾਰੇ ਵਿਭਾਗੀ ਡਾਇਰੈਕਟਰ ਤੋਂ ਰਿਪੋਰਟ ਤਲਬ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਸ ਰਿਪੋਰਟ 'ਚ ਅਹਿਮ ਖੁਲਾਸੇ ਹੋ ਸਕਦੇ ਹਨ।




# ਪੰਜਾਬ 'ਚ ਸਰਕਾਰ ਬਦਲੀ ਤੋਂ ਬਾਅਦ ਨਸ਼ੇ ਦਾ ਜੰਜਾਲ ਟੁੱਟਣ ਲੱਗਾ

**ਤਰਨ ਤਾਰਨ-** ਪੰਜਾਬ 'ਚ ਬਦਲੀ ਸਿਆਸੀ ਫ਼ਿਜ਼ਾ ਤੋਂ ਬਾਅਦ ਸੂਬੇ 'ਚ ਫ਼ੈਲੇ ਨਸ਼ੇ ਦਾ ਜੰਜਾਲ ਦਮ ਤੋੜਦਾ ਦਿਖਾਈ ਦੇ ਰਿਹਾ ਹੈ । ਕੈਪਟਨ ਸਰਕਾਰ ਦੇ ਕਦਮ ਸਹੀ ਦਿਸ਼ਾ ਵੱਲ ਜਾਂਦੇ ਦਿਖਾਈ ਦੇ ਰਹੇ ਹਨ । ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਵਿਚ ਫ਼ੈਲੇ ਨਸ਼ੇ ਦੇ ਵੱਡੇ ਨੈੱਟਵਰਕ ਨੂੰ ਤੋੜਨ ਲਈ ਐੱਸ.ਟੀ.ਐੱਫ਼. (ਸਪੈਸ਼ਲ ਟਾਸਕ ਫੋਰਸ) ਦਾ ਗਠਨ ਕਰਕੇ ਉਸ ਨੂੰ ਦਿੱਤੇ ਵਿਸ਼ੇਸ਼ ਅਧਿਕਾਰ ਨਸ਼ੇ ਦੇ ਸਮੱਗਲਰਾਂ ਨੂੰ ਜਿਥੇ ਨਕੇਲ ਪਾ ਰਹੇ ਹਨ, ਉਥੇ ਨਸ਼ੇ ਦੀ ਸਪਲਾਈ ਟੁੱਟਣ ਨਾਲ ਨਸ਼ੇੜੀ ਪੰਜਾਬ ਦੇ ਨਸ਼ਾ ਛੁਡਾਊ ਕੇਂਦਰਾਂ ਵੱਲ ਦੌੜ ਰਹੇ ਹਨ । ਤਾਜ਼ਾ ਸਰਵੇਖਣ ਅਨੁਸਾਰ ਪੰਜਾਬ 'ਚ ਚੱਲ ਰਹੇ 50 ਦੇ ਕਰੀਬ ਸਰਕਾਰੀ ਤੇ ਨਿੱਜੀ ਨਸ਼ਾ ਛੁਡਾਊ ਕੇਂਦਰਾਂ ਵਿਚ ਦਾਖ਼ਲ ਹੋਣ ਵਾਲੇ ਨਸ਼ੇੜੀਆਂ ਦੀ ਤਦਾਦ 'ਚ 40 ਫ਼ੀਸਦੀ ਵਾਧਾ ਪਾਇਆ ਗਿਆ ਹੈ। ਇਸ ਦੇ ਨਾਲ ਹੀ ਦਾਖ਼ਲ ਹੋ ਕੇ ਆਪਣਾ ਇਲਾਜ ਨਾ ਕਰਵਾ ਸਕਣ ਵਾਲੇ ਨਸ਼ਾਗ੍ਰਸਤ ਲੋਕ ਵੱਡੀ ਪੱਧਰ 'ਤੇ ਆਪਣਾ ਇਲਾਜ ਕਰਵਾਉਣ ਲਈ ਨਸ਼ਾ ਛੁਡਾਉਣ ਵਾਲੇ ਕੇਂਦਰ ਵਿਚ ਓ.ਪੀ.ਡੀ. ਰਾਹੀਂ ਆਪਣਾ ਇਲਾਜ ਕਰਵਾ ਰਹੇ ਹਨ। ਐੱਸ.ਟੀ.ਐੱਫ਼. ਵਿਚ ਸਾਫ਼-ਸੁਥਰੇ ਅਕਸ ਵਾਲੇ ਪੁਲਿਸ ਅਧਿਕਾਰੀ ਅਤੇ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਸਬ-ਡਵੀਜ਼ਨ ਪੱਧਰ 'ਤੇ ਇਕ ਇੰਸਪੈਕਟਰ ਪੱਧਰ ਦੇ ਅਧਿਕਾਰੀ ਦੀ ਅਗਵਾਈ ਵਿਚ ਸਵੇਰ ਤੋਂ ਲੈ ਕੇ ਰਾਤ ਤੱਕ ਪੁਲਿਸ ਮੁਲਾਜ਼ਮ ਨਸ਼ਾ ਵੇਚਣ ਵਾਲਿਆਂ ਦੀ ਤਲਾਸ਼ ਵਿਚ ਜੁਟ ਚੁੱਕੇ ਹਨ, ਜਿਸ ਕਾਰਨ ਨਸ਼ੇ ਵੇਚਣ ਵਾਲੇ ਸਮੱਗਲਰਾਂ ਦਾ ਨੈੱਟਵਰਕ ਵੀ ਟੁੱਟ ਚੁੱਕਾ ਹੈ ਤੇ ਨਸ਼ੇ ਦੀ ਸਪਲਾਈ ਬੰਦ ਹੋਈ ਦਿਖਾਈ ਦੇ ਰਹੀ ਹੈ। ਉਪਰਲੇ ਪੱਧਰ 'ਤੇ ਬਦਲੇ ਅਧਿਕਾਰੀਆਂ ਤੇ ਸਿਆਸੀ ਦਖ਼ਲਅੰਦਾਜ਼ੀ ਬੰਦ ਹੋਣ ਕਾਰਨ ਭਾਵੇਂ ਕੁਝ ਸਮੇਂ ਲਈ ਵਧੀਆ ਨਤੀਜੇ ਸਾਹਮਣੇ ਆ ਰਹੇ ਹਨ ਪਰ ਨਸ਼ੇ ਦੇ ਗੜ੍ਹ ਨੂੰ ਪੂਰੀ ਤਰ੍ਹਾਂ ਤੋੜਨ ਲਈ ਥਾਣਿਆਂ ਵਿਚ ਕਈ ਸਾਲਾਂ ਤੋਂ ਤਾਇਨਾਤ ਮੁਲਾਜ਼ਮਾਂ ਦਾ ਇਧਰ-ਉਧਰ ਤਬਾਦਲਾ ਕਰਵਾਉਣਾ ਵੀ ਇਸ ਮੁਹਿੰਮ ਲਈ ਬਹੁਤ ਸਹਾਈ ਹੋ ਸਕਦਾ ਹੈ, ਕਿਉਂਕਿ ਇਹ ਸਮੱਗਲਰ ਨਸ਼ੇ ਦੇ ਕਾਰੋਬਾਰ ਲਈ ਹੇਠਲੇ ਪੱਧਰ 'ਤੇ ਪੁਲਿਸ ਮੁਲਾਜ਼ਮਾਂ ਨੂੰ ਲਾਲਚ ਦੇ ਕੇ ਆਪਣੇ ਨਾਲ ਮਿਲਾ ਕੇ ਨਸ਼ੇ ਦੇ ਕਾਰੋਬਾਰ ਨੂੰ ਚਲਾਉਣ ਦਾ ਯਤਨ ਕਰਦੇ ਹਨ। ਨਸ਼ੇ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਮਾਝਾ ਖ਼ੇਤਰ ਵਿਚ ਸਮੱਗਲਰਾਂ ਖ਼ਿਲਾਫ਼ ਕਾਰਵਾਈ ਜੰਗੀ ਪੱਧਰ 'ਤੇ ਚੱਲ ਰਹੀ ਹੈ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਲੇਖਕ ਵੱਲੋਂ ਦੋ ਸ਼ਬਦ



ਆਜ਼ਾਦ ਜਾਲੰਧਰੀ

**ਜੈ ਭੀਮ**

ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਹਾੜੇ ਦੀਆਂ ਬਹੁਤ ਬਹੁਤ ਵਧਾਈਆਂ ਹੋਣ। ਡਾਕਟਰ ਸਾਹਿਬ ਭੀਮ ਰਾਓ ਅੰਬੇਦਕਰ ਦਾ ਜਨਮ ਦਿਹਾੜਾ ਹਰ ਸਾਲ ਸਾਰੇ ਵਿਸ਼ਵ ਵਿਚ ਬੜੇ ਚਾਵਾਂ ਨਾਲ ਮਨਾਇਆ ਜਾਂਦਾ ਹੈ। ਸਦੀਆਂ ਤੋਂ ਸੁੱਤੀ ਦਲਿਤ ਕੌਮ ਨੂੰ ਹੰਭਲਾ ਮਾਰ ਕੇ ਜਗਾਇਆ ਅਤੇ ਆਪਣੇ ਹੱਕਾਂ ਲਈ ਲੜਨਾ ਸਿਖਾਇਆ।

## ਬੈਂਤ/ ਕੌਮ ਤਾਈ ਸਿਖਲਾਇਆ ਅੰਬੇਦਕਰ ਨੇ

ਪੜ੍ਹਨਾ ਲਿਖਣਾ ਤੇ ਮਿਲ ਕੇ ਸੰਘਰਸ਼ ਕਰਨਾ
ਕੌਮ ਤਾਈ ਸਿਖਲਾਇਆ ਅੰਬੇਦਕਰ ਨੇ

ਮੁਰਦਾ ਰੂਹਾਂ ਵਿਚ ਨਵੀਂ ਰੂਹ ਫੂਕ ਦਿੱਤੀ
ਗਿੱਦੜੋਂ ਸ਼ੇਰ ਬਣਾਇਆ ਅੰਬੇਦਕਰ ਨੇ

ਬੂਟਾ ਲਾਇਆ ਸੀ ਜਿਹੜਾ ਰਵੀਦਾਸ ਜੀ ਨੇ
ਪਾਣੀ ਔਸ ਨੂੰ ਲਾਇਆ ਅੰਬੇਦਕਰ ਨੇ।

ਆਪਣੇ ਲਹੂ ਪਸੀਨੇ ਦੇ ਨਾਲ ਸਿੰਜ ਕੇ
ਇਹ ਪਰਵਾਨ ਚੜ੍ਹਾਇਆ ਅੰਬੇਦਕਰ ਨੇ।

ਉਠੋ ਆਲਿਸ ਤਿਆਗੋ ਤੇ ਵਧੋ ਅੱਗੇ
ਹਿੰਮਤ ਨਾਲ ਫੁੱਲਵਾੜੀਆਂ ਖਿਲਦੀਆਂ ਨੇ।

ਅੱਜ ਜਾਂਬਾਜ਼ ਜੁਆਨਾਂ ਦੀ ਲੋੜ ਸਾਨੂੰ
ਸਿਰਾਂ ਨਾਲ ਸਰਦਾਰੀਆਂ ਮਿਲਦੀਆਂ ਨੇ।

ਬਾਵਾ ਸਾਹਿਬ ਨੂੰ ਸਮਝੋ ਐ ਦਲਿਤ ਵੀਰੋ
ਸੱਚਾ ਕੌਮ ਦਾ ਸਿਪਾਹ ਸਾਲਾਰ ਸੀ ਔਹ।

ਮਿਸ਼ਨ ਦਿੱਤਾ ਜੋ ਗੁਰੂ ਰਵਦੀਸ ਜੀ ਨੇ
ਔਸੇ ਮਿਸ਼ਨ ਦਾ ਅਲਮਬਰਦਾਰ ਸੀ ਔਹ।

ਸਿਰ ਤੋਂ ਪੰਡ ਗੁਲਾਮੀ ਦੀ ਲਾਹੁਣ ਦੇ ਲਈ
ਲੱਕ ਬਹਨਕੇ ਹੋਇਆ ਤੈਆਰ ਸੀ ਔਹ।

ਦਿਲ ਵਿਚ ਔਸ ਦੇ ਕੌਮ ਲਈ ਦਰਦ ਹੈਸੀ
ਮਨੂੰਵਾਦੀਆਂ ਲਈ ਵੰਗਾਰ ਸੀ ਔਹ।

ਖਾਤਿਰ ਕੌਮ ਦੀ ਜਿੱਥੇ ਵੀ ਲੋੜ ਸਮਝੀ
ਲਾ ਕੇ ਮੋਰਚਾ ਸਾਹਮਣੇ ਅੜ ਗਿਆ ਔਹ।

ਸੌ ਦੋ ਸੌ ਦੀ ਗੱਲ ਰਹੀ ਇੱਕ ਪਾਸੇ
ਸਾਰੇ ਮੁਲਕ ਦੇ ਸਾਹਮਣੇ ਖੜ੍ਹ ਗਿਆ ਔਹ।

ਬੰਦੇ ਬੰਦੇ ਵਿਚ ਵਿਤਕਰੇ ਪਾਏ ਜਿਹੜੇ
ਔਹੋ ਧਰਮ ਨਹੀਂ ਹੁੰਦਾ ਪਾਖੰਡ ਹੁੰਦਾ।

ਊਚ ਨੀਚ ਵਿਚ ਰੱਖੇ ਵਿਸ਼ਵਾਸ ਜਿਹੜਾ
ਔਹੋ ਦੇਸ਼ ਇੱਕ ਦਿਨ ਖੰਡ-ਖੰਡ ਹੁੰਦਾ।

ਜਿੱਥੇ ਗੱਲ ਗਰੀਬ ਦੀ ਸੁਣੇ ਕੋਈ ਨਾ
ਔਹੋ ਮੁਲਕ ਸੰਸਾਰ ਵਿਚ ਭੰਡ ਹੁੰਦਾ।

ਸਾੜ ਦਿੰਦਾ ਏ ਜ਼ਾਲਿਮ ਹਕੂਮਤਾਂ ਨੂੰ
ਕਹਿਰ ਜਨਤਾ ਦਾ ਜਦੋਂ ਪਰਚੰਡ ਹੁੰਦਾ।

ਬਾਬਾ ਸਾਹਿਬ ਦਾ ਮਿਸ਼ਨ ਆਜ਼ਾਦ ਮਿਲ ਕੇ
ਆਪਾਂ ਸਾਰਿਆਂ ਜੀਵਨ ਵਿਚ ਢਾਲਣਾ ਏ।

ਔਹਦੇ ਉਚੇ ਤੇ ਸੁੱਚੇ ਆਦਰਸ਼ ਤਾਈਂ
ਬੜੇ ਪਿਆਰ ਦੇ ਨਾਲ ਸੰਭਾਲਣਾ ਏ।।




## ਬਾਵਾ ਸਾਹਿਬ ਦੀ ਆਮਦ

14 ਅਪ੍ਰੈਲ ਸੰਨ ਅਠਾਰਾਂ ਸੌ ਇੱਕਨਵੇ ਨੂੰ
ਭੀਮ ਰਾਓ ਆਇਆ ਹੈਸੀ ਰਿਸ਼ਮਾਂ ਖਿਲਾਰਦਾ।

ਭਾਮਾ ਬਾਈ ਮਾਈ ਜੀ ਦੇ ਵਿਹੜੇ ਵਿਚ ਰੌਣਕਾਂ ਨੇ
ਉੱਚਾ ਕੀਤਾ ਨਾਮ ਪਿਤਾ ਰਾਮਜੀ ਮਹਾਰ ਦਾ।

ਸੋਹਣਾ ਜਿਹਾ ਮੁੱਖ ਦੁੱਖ ਦੂਰ ਹੋਣ ਵਿਹੰਦਿਆਂ ਹੀ
ਦਲਿਤਾਂ ਦੇ ਘਰ ਆਇਆ ਰੂਪ ਕਰਤਾਰ ਦਾ।

ਮਹੂ ਦੀਆਂ ਗਲੀਆਂ ਦੇ ਕੱਖ ਭੀ ਸੀ ਨੱਚ ਉਠੇ
ਚੌਹੀਂ ਪਾਸੀਂ ਹੜ੍ਹ ਆਇਆ ਪ੍ਰੇਮ ਤੇ ਪਿਆਰ ਦਾ।

ਕਿਸੇ ਨੂੰ ਕੀ ਪਤਾ ਸੀ ਇਹ ਲਾਲ ਭੀਮ ਬਾਈ ਮਾਂ ਦਾ
ਸਦੀਆਂ ਦੀ ਸੁੱਤੀ ਹੋਈ ਕੌਮ ਨੂੰ ਜਗਾਊਗਾ

ਦਿਊਗਾ ਦਿਲਾਸੇ ਹਾਸੇ ਵੰਡੂਗਾ ਇਹ ਦਲਿਤਾਂ ਨੂੰ
ਦੇਸ਼ ਦਾ ਕਾਨੂੰਨ ਹੱਥੀਂ ਆਪਣੀ ਬਣਾਊਗਾ।

**-ਆਜ਼ਾਦ ਜਾਲੰਧਰੀ**

## ਕਬਿੱਤ

ਜਨਮ ਦਿਹਾੜਾ ਬਾਵਾ ਸਾਹਿਬ
ਭੀਮ ਰਾਓ ਜੀ ਦਾ
ਖੁਸ਼ੀਆਂ ਮਨਾਈਏ ਆਓ
ਸੰਗਤੇ ਪਿਆਰੀਏ।

ਔਹਦੀ ਕੁਰਬਾਨੀ ਤਪ
ਤਿਆਗ ਔਹਦਾ ਕੌਮ ਦੇ ਲਈ
ਪਰ-ਉਪਕਾਰ ਔਹਦੇ
ਬੈਠ ਕੇ ਵਿਚਾਰੀਏ।

ਪੜ੍ਹੋ ਲਿਖੋ ਮਿਲਕੇ
ਸੰਘਰਸ਼ ਕਰੋ ਨੌਜਵਾਨੋ
ਬਚਨ ਅਮੁੱਲੇ ਬਾਵਾ ਸਾਹਿਬ ਦੇ
ਕਮਾਲ ਨੇ
ਅਸੀਂ ਭੀ ਜੇ ਇੱਕ ਹੋਕੇ ਵਧਾਂਗੇ ਆਜ਼ਾਦ ਅੱਗੇ
ਪੈਰ ਪੈਰ ਉੱਤੇ ਬਾਵਾ ਸਾਹਿਬ
ਸਾਡੇ ਨਾਲ ਨੇ।

**-ਆਜ਼ਾਦ ਜਾਲੰਧਰੀ**

## ਗਜ਼ਲ

ਖਾਹ-ਮੁਖਾਰ ਮੈਂ ਕਿਉਂ ਕਿਸੇ ਦੀ ਗੱਲ ਕਰਾਂ
ਕਿਉਂ ਨਾ ਪਹਿਲਾਂ ਘਰ ਦੇ ਮਸਲੇ ਹੱਲ ਕਰਾਂ।

ਆਪਣੇ ਮੰਜੇ ਹੇਠ ਸੋਟੀ ਫੇਰ ਲਾ
ਫੇਰ ਮੈਂ ਉਂਗਲੀ ਕਿਸੇ ਦੇ ਵੱਲ ਕਰਾਂ।

ਢਾਈ ਅੱਖਰ ਜੇ ਪੜ੍ਹੇ ਨਹੀਂ ਪਰੇਮ ਦੇ
ਫਿਰ ਚਾਹੇ ਸੌ ਡਿਗਰੀਆਂ ਹਾਸਿਲ ਕਰਾਂ।

ਉਹ ਮੇਰਾ ਹਰ ਕਾਰਨਾਮਾ ਦੇਖਦਾ
ਮੇਰੀ ਹਿੰਮਤ ਨਹੀਂ ਕਿਸੇ ਨਾਲ ਛੱਲ ਕਰਾਂ।

ਪੱਥਰਾਂ ਵਿਚ ਭੀ ਜੋ ਦੇਵੇ ਖਾਣ ਲਈ
ਮੈਂ ਇਬਾਦਤ ਔਸ ਦੀ ਹਰ ਪਲ ਕਰਾਂ।

ਜੇ ਮੈਂ ਦੱਸਾਂ ਦੂਜਿਆਂ ਨੂੰ ਆਪਣੇ ਗ਼ਮ
ਦੂਜਿਆਂ ਦੇ ਗ਼ਮ ਵੀ ਵਿਚ ਸ਼ਾਮਿਲ ਕਰਾਂ।

ਤੋੜ ਕੇ ਆਜ਼ਾਦ ਜੀ ਲੋਕਾਂ ਦੇ ਦਿਲ
ਦੂਜਿਆਂ ਦਾ ਜੀਣ ਕਿਉਂ ਮੁਸ਼ਕਿਲ ਕਰਾਂ।

**-ਆਜ਼ਾਦ ਜਾਲੰਧਰੀ**

## ਨਵਾਂ ਸਵੇਰਾ

ਆਜਾ ਸਾਥੀ ਦੋਵੇਂ ਹੱਥ ਮਿਲਾ ਲਈਏ
ਚੰਗਾ ਮੰਦਾ ਰਲ ਕੇ ਵਕਤ ਗੁਜ਼ਾਰਾਂਗੇ
ਕੱਠੇ ਰਹੇ ਤਾਂ ਆਪਾਂ ਬਾਜ਼ੀ ਜਿੱਤਾਂਗੇ
ਕੱਲੇ ਕੱਲੇ ਰਹੇ ਤਾਂ ਮਿੱਤਰਾ ਹਾਰਾਂਗੇ।

ਕੱਲਿਆਂ ਰਹਿ ਕੇ ਤੇਰਾ ਭੀ ਕੁਝ ਨਹੀਂ ਬਣਨਾ
ਕੱਲਿਆਂ ਮੇਰੇ ਹੱਥ ਭੀ ਕੁਝ ਨਹੀਂ ਆਉਣਾ।
ਵੱਟੇ ਵੱਟੇ ਰਹੇ ਜੇ ਆਪਾਂ ਹਰ ਵੇਲੇ
ਇੱਕ ਦਿਨ ਸੱਜਣਾ ਦੋਹਾਂ ਨੇ ਪਛਤਾਉਣਾ ਏ।

ਕੱਲੀ ਉਂਗਲੀ ਸਹਿਜੇ ਹੀ ਟੁੱਟ ਸਕਦੀ ਏ
ਕੱਠੀਆਂ ਪੰਜ ਉਂਗਲਾਂ ਦਾ ਟੁੱਟਣਾ ਆਉਖਾ ਏ।
ਜੜ੍ਹ ਮਜ਼ਬੂਤ ਜਦੋਂ ਹੋ ਜਾਵੇ ਬੂਟੇ ਦੀ
ਫਿਰ ਔਹ ਬੂਟਾ ਜੜ੍ਹ ਤੋਂ ਪੁੱਟਣਾ ਆਉਖਾ ਏ।

ਕਹਿੰਦੇ ਨੇ ਇਤਫਾਕ ਚਿ ਬਰਕੱਤ ਹੁੰਦੀ ਏ
ਆਪਸ ਦੀ ਫੁੱਟ ਕੌਮਾਂ ਨੂੰ ਖਾ ਜਾਂਦੀ ਏ।
ਪਿਆਰ ਨਾਲ ਜਦ ਮਿਲਕੇ ਰਾਹੀਂ ਚਲਦੇ ਨੇ
ਰੱਬ ਦੀ ਰਹਿਮਤ ਰਸਤਾ ਆਪ ਦਿਖਾਂਦੀ ਏ।

ਮੰਜ਼ਿਲ ਇੱਕੋ ਹੈ ਜਦ ਆਪਾਂ ਦੋਹਾਂ ਦੀ
ਕਿਉਂ ਨਾ ਮਿਲ ਕੇ ਦੋਵੇਂ ਪੈਰ ਵਧਾ ਲਈਏ।
ਹੂੜ੍ਹ ਮਾਰ ਤੇ ਰੂੜ੍ਹ ਵਿਚਾਰਾਂ ਨੂੰ ਛੱਡ ਕੇ
ਆਜਾ ਨਵੀਆਂ ਰਾਹਵਾਂ ਨੂੰ ਅਪਣਾ ਲਈਏ।

ਕੱਲਾ ਕੱਲਾ ਦੋ ਗਿਆਰਾਂ ਹੁੰਦੇ ਨੇ
ਹਰ ਗੱਲ ਨੂੰ ਹਰ ਕੰਮ ਨੂੰ ਦੋਏ ਵਿਚਾਰਾਂਗੇ।
ਜੋ ਸੋਚਾਂਗੇ ਕੱਠਿਆਂ ਬਹਿ ਕੇ ਸੋਚਾਂਗੇ,
ਜੋ ਧਾਰਾਂਗੇ ਦਿਲ ਵਿਚ ਕੱਠਿਆਂ ਧਾਰਾਂਗੇ।

ਆਪਾਂ ਪਿਆਰ ਮੁਹੱਬਤ ਦੀ ਜੰਗ ਜਿੱਤਣੀ ਏ
ਮਿਲ ਕੇ ਮਾਨਵਤਾ ਦੀ ਮਾਣ ਵਧਾਉਣਾ ਹੈ।
ਜਿੱਥੇ ਨਫ਼ਰਤ ਪਲਦੀ ਏ ਇਨਸਾਨਾਂ ਵਿਚ
ਉਥੇ ਜਾ ਕੇ ਪਿਆਰ ਦਾ ਬੂਟਾ ਲਾਉਣਾ ਹੈ।

ਹੋਣ ਨਾ ਝਗੜੇ ਨਸਲਾਂ ਕੌਮਾਂ ਮਜ਼੍ਹਬਾਂ ਦੇ
ਤਕੜਾ ਮਾੜੇ ਨੂੰ ਹਰਗਿਜ਼ ਦੁਰਕਾਰੇ ਨਾ।
ਮਿਲ-ਜੁਲ ਕੇ ਸਭ ਲੋਕੀ ਰਹਿਣ ਜ਼ਮਾਨੇ ਦੇ
ਬਿਨਾਂ ਵਜ੍ਹਾ ਬੰਦੇ ਨੂੰ ਬੰਦਾ ਮਾਰੇ ਨਾ।

ਅਸੀਂ ਸਮੇਂ ਦੇ ਝੱਖੜਾਂ ਨੂੰ ਅਜ਼ਮਾਉਣਾ ਹੈ
ਵਾਹਦਾ ਕਰ ਕਿ ਹਿੰਮਤ ਕਦੇ ਨਾ ਹਾਰਾਂਗੇ
ਜਿੱਥੇ ਰੱਜ ਕੇ ਰੋਟੀ ਮਿਲੇ ਗਰੀਬਾਂ ਨੂੰ
ਧਰਤੀ ਤੇ ਕੋਈ ਐਸਾ ਸਵਰਗ ਉਤਾਰਾਂਗੇ।

ਅੱਜ ਦੀ ਰਾਤ ਜੁਆਨਾ ਬੜੀ ਭਿਆਨਕ ਹੈ
ਦੁਨੀਆਂ ਨੂੰ ਆਜ਼ਾਦ ਨਾ ਕਿਧਰੇ ਖਾ ਜਾਵੇ
ਆਜਾ ਰਲ ਕੇ ਦਈਏ ਸੇਧ ਜ਼ਮਾਨੇ ਨੂੰ
ਸ਼ਾਇਦ ਕੱਲ ਕੋਈ ਨਵਾਂ ਸਵੇਰਾ ਆ ਜਾਵੇ।

**-ਆਜ਼ਾਦ ਜਾਲੰਧਰੀ**

## ਰਤਨ ਸੀ ਦੇਸ਼ ਦਾ

ਰਤਨ ਸੀ ਦੇਸ਼ ਦਾ, ਸਿਤਾਰਾ ਸੀ ਅੰਬੇਡਕਰ।
ਹੱਕ ਤੇ ਬਰਾਬਰੀ ਦਾ ਨਾਹਰਾ ਸੀ ਅੰਬੇਡਕਰ।



ਆਪ ਖੂਬ ਪੜਿਆ, ਤੇ ਕੌਮ ਨੂੰ ਪੜ੍ਹਾ ਗਿਆ
ਮਨੂੰਵਾਦੀਆਂ ਨੂੰ ਵੀ, ਪੜ੍ਹਨੇ ਸੀ ਪਾ ਗਿਆ
ਦਲਿਤਾਂ, ਅਛੂਤਾਂ ਦਾ ਸਹਾਰਾ ਸੀ ਅੰਬੇਡਕਰ
ਹੱਕ ਤੇ ਬਰਾਬਰੀ ਦਾ ਨਾਹਰਾ ਸੀ ਅੰਬੇਡਕਰ।

ਤੀਲਾ ਤੀਲਾ ਖਿੰਡੇ ਹੋਏ, ਸਮਾਜ ਨੂੰ ਸੀ ਜੋੜਿਆ
ਜਾਤ ਪਾਤ ਵਾਲੀਆਂ, ਦੀਵਾਰਾਂ ਨੂੰ ਸੀ ਤੋੜਿਆ
ਸੰਘਰਸ਼ਾਂ ਦਾ ਬਿਗੁਲ, ਨਗਾਰਾ ਸੀ ਅੰਬੇਡਕਰ।
ਹੱਕ ਤੇ ਬਰਾਬਰੀ ਦਾ ਨਾਹਰਾ ਸੀ ਅੰਬੇਡਕਰ।

ਲੈ ਕੇ ਅਧਿਕਾਰ, ਸੰਵਿਧਾਨ ਨੂੰ ਰਚਾ ਗਿਆ
ਮਨੂੰ ਦੇ ਕਾਨੂੰਨ ਨੂੰ ਵੀ, ਤੀਲੀ ਸੀ ਲਗਾ ਗਿਆ
ਗੁਲਾਮੀ ਦੇ ਹਨੇਰ ਵਿੱਚ, ਤਾਰਾ ਸੀ ਅੰਬੇਡਕਰ।
ਹੱਕ ਤੇ ਬਰਾਬਰੀ ਦਾ ਨਾਹਰਾ ਸੀ ਅੰਬੇਡਕਰ।

ਬੁੱਧ ਲੜ ਲਾਇਆ, ਦੱਬੇ ਕੁਚਲੇ ਆਵਾਮ ਨੂੰ
ਚਾਨਣ ਦਿਖਾਇਆ ਉਹਨੇ, 'ਪੰਮੀ' ਕਰਿਆਮ ਨੂੰ
ਡੁੱਬ ਰਹੀ ਕੌਮ ਦਾ, ਕਿਨਾਰਾ ਸੀ ਅੰਬੇਡਕਰ
ਹੱਕ ਤੇ ਬਰਾਬਰੀ ਦਾ ਨਾਹਰਾ ਸੀ ਅੰਬੇਡਕਰ।

**- ਡਾ. ਪਰਮਜੀਤ ਚੁੰਬਰ**

## "Injustice anywhere is a threat to justice everywhere."

ਅਮਰੀਕਾ ਦੇ ਜਿਸ ਵੈਸਟ ਵਰਜੀਨੀਆ ਸਟੇਟ ਵਿੱਚ ਅਸੀਂ ਰਹਿੰਦੇ ਹਾਂ, ਇਥੇ 90% ਤੋਂ ਜਿਆਦਾ ਗੋਰੇ ਨੇ। ਬਾਕੀ ਘੱਟ ਗਿਣਤੀਆਂ ਘੱਟ ਹੀ ਨਜ਼ਰ ਆਉਂਦੀਆਂ ਨੇ. ਸਾਡੇ ਨਾਲ ਕਈ ਵਾਰ ਹੋਇਆ ਕਿ ਕਦੇ ਵਾਲਮਾਰਟ ਵਿੱਚ ਜਾਂ ਕਿਸੇ ਹੋਰ ਸਟੋਰ ਵਿੱਚ ਘੁੰਮਦੇ ਹੋਏ ਕਈ ਲੋਕ ਸਾਨੂੰ ਸਪੈਨਿਸ਼ ਸਮਝਕੇ ਸਾਡੇ ਨਾਲ ਸਪੈਨਿਸ਼ ਵਿੱਚ ਗੱਲ ਕਰਨੀ ਸ਼ੁਰੂ ਕਰ ਦਿੰਦੇ ਨੇ. ਕਿਓਂਕਿ ਸਾਡੇ ਲੋਕਾਂ ਦੇ ਨੈਣ ਨਕਸ਼ ਤੇ ਰੰਗ ਰੂਪ ਸਪੈਨਿਸ਼ ਲੋਕਾਂ ਨਾਲ ਕਾਫੀ ਮਿਲਦੇ ਜੁਲਦੇ ਨੇ। ਇਸੇ ਤਰਾਂ ਪੱਗ ਬੰਨ੍ਹਣ ਵਾਲੇ ਪੰਜਾਬੀ ਲੋਕਾਂ ਨੂੰ ਲੋਕ ਭੁਲੇਖੇ ਨਾਲ ਅਰਬੀ ਸਮਝ ਲੈਂਦੇ ਨੇ। ਜਦੋਂ ਵੀ ਕੋਈ ਰੰਗ ਭੇਦ ਵਾਲਾ ਵਰਤਾਰਾ ਹੁੰਦਾ ਹੈ ਤਾਂ ਅਕਸਰ ਲੋਕ ਸਾਰਾ ਜ਼ੋਰ ਇਸੇ ਗੱਲ ਨੂੰ ਸਿੱਧ ਕਰਨ ਦੇ ਲਾ ਦਿੰਦੇ ਨੇ ਕਿ ਅਸੀਂ ਬੇਸ਼ੱਕ ਪੱਗ ਬੰਨ੍ਹਦੇ ਹਾਂ , ਪਰ ਮੁਸਲਮਾਨ ਨਹੀਂ ਹਾਂ। ਅਸੀਂ ਬੇਸ਼ੱਕ ਰੰਗ ਰੂਪ ਕਰਕੇ ਮੈਕਸੀਕਨ ਲੱਗਦੇ ਹਾਂ , ਪਰ ਅਸਲ ਵਿੱਚ ਅਸੀਂ ਭਾਰਤੀ ਹਾਂ। ਇਸ ਤਰਾਂ ਕਰਕੇ ਅਸੀਂ ਜਾਣੇ ਅਣਜਾਣੇ ਜਾਂ ਸੁਤੇ ਸਿੱਧ ਇਹ ਕਹਿ ਰਹੇ ਹੁੰਦੇ ਹਾਂ ਕਿ ਅਸੀਂ ਤਾਂ ਚੰਗੇ ਲੋਕ ਹਾਂ , ਮਾੜੇ ਤਾਂ ਇਹ ਮੈਕਸੀਕਨ ਤੇ ਮੁਸਲਮਾਨ ਨੇ. ਜਦੋਂ ਕਿ ਚਾਹੀਦਾ ਤਾਂ ਇਹ ਹੈ ਕਿ ਇਸ ਵਰਤਾਰੇ ਦੇ ਹਰ ਰੂਪ ਦੀ ਨਿਖੇਧੀ ਕੀਤੀ ਜਾਵੇ। ਜਿਵੇਂ ਮਾਰਟਿਨ ਲੂਥਰ ਕਿੰਗ ਨੇ ਕਿਹਾ ਸੀ, "Injustice anywhere is a threat to justice everywhere."

**- ਡਾ. ਪਰਮਜੀਤ ਚੁੰਬਰ**

## ਗਜ਼ਲ

ਪਰਬਤਾਂ ਨਾਲੋਂ ਭੀ ਭਾਰੀ ਜ਼ਿੰਦਗੀ
ਹੱਸ ਕੇ ਸਿਰ ਤੇ ਸਹਾਰੀ ਜ਼ਿੰਦਗੀ।

ਜੀਣ ਦਾ ਬੇਸ਼ੱਕ ਕੋਈ ਚਾਰਾ ਨਾ ਸੀ
ਫੇਰ ਭੀ ਆਪਾਂ ਗੁਜ਼ਾਰੀ ਜ਼ਿੰਦਗੀ।

ਲਹੂ ਪਾ ਕੇ ਜਿਗਰ ਦਾ ਸਿੰਜਿਆ ਅਸਾਂ
ਜਦ ਵੀ ਔੜ ਨੇ ਹੈ ਮਾਰੀ ਜ਼ਿੰਦਗੀ।

ਜਦ ਕਦੇ ਸ਼ੀਸ਼ਾ ਇਹਦਾ ਧੁੰਦਲਾ ਗਿਆ
ਮੈਂ ਇਹ ਸ਼ੀਸ਼ੇ ਵਿਚ ਉਤਾਰੀ ਜ਼ਿੰਦਗੀ।

ਸੌਂ ਗਈ ਮਜਬੂਰੀਆਂ ਦੀ ਸੇਜ ਤੇ
ਥੱਕ ਗਈ ਏ ਹੁਣ ਬਿਚਾਰੀ ਜ਼ਿੰਦਗੀ।

ਰੱਬ ਜਾਣੇ ਇਹ ਕਦੋਂ ਮੂੰਹ ਫੇਰ ਲਏ
ਚਾਰ ਦਿਨ ਦੀ ਹੈ ਉਧਾਰੀ ਜ਼ਿੰਦਗੀ।

ਜ਼ਿੰਦਗੀ 'ਆਜ਼ਾਦ' ਹੈ ਇੱਕ ਔਹ ਸਵਾਲ
ਹੱਲ ਨਾ ਹੋਇਆ ਜੋ ਸਾਰੀ ਜ਼ਿੰਦਗੀ।

**-ਆਜ਼ਾਦ ਜਾਲੰਧਰੀ**

ਹਰਿ ੴ ਸੋਹੰ




# ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ

ਵਲੋਂ

ਭਾਰਤੀ ਸੰਵਿਧਾਨ ਦੇ ਰਚੇਤਾ, ਮਨੁੱਖਤਾ ਦੇ ਮਸੀਹਾ 'ਤੇ ਗਿਆਨ ਦੇ ਸੋਮੇ

## ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ

ਦਾ 126ਵਾਂ ਜਨਮ ਦਿਹਾੜਾ

## ਸ੍ਰੀ ਗੁਰੂ ਰਵਿਦਾਸ ਟੈਂਪਲ

61-01, Broadway, Woodside, New York- 11377 ਵਿਖੇ

**16 ਅਪ੍ਰੈਲ 2017 ਦਿਨ ਐਤਵਾਰ ਨੂੰ**

**ਬਹੁਤ ਹੀ ਸ਼ਰਧਾ 'ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ**

### ਪਹੁੰਚ ਰਹੇ ਬੁਲਾਰੇ

ਕੇ. ਪੀ. ਚੌਧਰੀ ਦਿੱਲੀ ਆਲ ਇੰਡੀਆ ਫੈਡਰੇਸ਼ਨ ਆਫ ਐਸ.ਸੀ ਐਸ.ਟੀ ਆਰਗੇਨਾਈਜ਼ੇਸ਼ਨ, ਹਰਦੇਵ ਸਹਾਏ, ਦਿਲੀਪ ਮਹਾਸਕੇ, ਤੇਜ ਰਾਮ ਬਾਘਾ ਸਾਬਕਾ ਮੇਅਰ ਲੰਡਨ, ਰਮੇਸ਼ ਕਲੇਰ ਕਾਂਸ਼ੀ ਟੀ ਵੀ ਯੂ.ਕੇ, ਪ੍ਰੋ. ਕੌਸ਼ਲ ਪਨਵਾਰ ਦਿੱਲੀ ਯੂਨੀਵਰਸਿਟੀ, ਡਾ. ਦਵਿੰਦਰ ਸਿੰਘ ਜੇ ਐਨ ਯੂ ਦਿੱਲੀ, ਪਿੰਦਰਪਾਲ ਸਾਬਕਾ ਪ੍ਰਧਾਨ, ਪਰਮਜੀਤ ਕਮਾਮ ਪ੍ਰਧਾਨ ਬੇਗਮਪੁਰਾ ਕਲਚਰਲ ਸੁਸਾਇਟੀ ਨਿਊਯਾਰਕ, ਸ੍ਰੀਮਤੀ ਚੰਚਲ ਮੱਲ ਗੋਲਡਨ (ਕਨੇਡਾ),ਵਿਜੇ ਕੁਮਾਰ ਗੌਤਮ ਏ ਆਈ ਸੀ (AIC) ਅੰਬੇਡਕਰ ਇੰਟਰਨੈਸ਼ਨਲ (ਵਾਸ਼ਿੰਗਟਨ), ਡਾ. ਲਕਸ਼ਮੀ ਬਰਵਾ, ਡਾ. ਰਾਜਵੀਰ ਸਿੰਘ ਮੈਡੀਕਲ ਰਿਚਰਚ ਸਾਇੰਟਿਸਟ, ਮਨੋਜ ਗੋਰਕੇਲਾ ਐਡਵੋਕੇਟ ਸੁਪਰੀਮ ਕੋਰਟ ਦਿੱਲੀ, ਸੁੱਚਾ ਰਾਮ ਬਾਘਾ ਯੂ.ਕੇ, ਮੱਖਣ ਸਿੰਘ ਲੋਟੀਆ ਪ੍ਰਧਾਨ ਵਾਲਮੀਕ ਮੰਦਿਰ ਨਿਊਯਾਰਕ, ਨਿਰਮਲਜੀਤ ਸਿੰਘ ਖਾਲਸਾ, ਪਰਮਜੀਤ ਭੂਖੜੀ, ਓਸ਼ੋ ਰਾਜ ਟਰਾਂਟੋ।

ਪੰਥ ਪ੍ਰਸਿੱਧ ਰਾਗੀ ਢਾਡੀ ਤੇ ਕੀਰਤਨੀ ਜਥੇ
ਗੁਰਾਬਣੀ ਗਿਆਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ

ਸੂਚਨਾ: ਮਿਤੀ 23 ਅਪ੍ਰੈਲ ਦਿਨ ਐਤਵਾਰ ਨੂੰ ਗੁਰੂਘਰ 'ਚ ਵਿਸਾਖੀ ਦਾ ਦਿਹਾੜਾ ਮਨਾਇਆ ਜਾਵੇਗਾ

### ਜਾਰੀ ਕਰਤਾ:

ਮੁੱਖ ਸੇਵਾਦਾਰ ਅਸ਼ੋਕ ਮਾਹੀ....(917) 225-0888
ਚੇਅਰਮੈਨ: ਬਲਵੀਰ ਚੌਹਾਨ....(646) 642 9243
ਸੈਕਟਰੀ: ਖੁਸ਼ੀਆ ਸਿੰਘ.......(347) 447-8624
ਕੈਸ਼ੀਅਰ: ਸਰਬਜੀਤ ਸਿੰਘ....(347) 449-9820

SHRI GURU RAVIDASS TEMPLE OF NEW YORK
61-01 Broadway
Woodside, New York 11377
Phone+1 718-898-8150

# ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ

**1930 Sikh Temple Street, Stockton CA 95206**

**(A Historical Land Mark of CA-USA) ਵਿਖੇ (1912 - 2017)**

**ਖਾਲਸਾ ਪੰਥ ਦੇ 319ਵੇਂ ਸਾਜਨਾ ਦਿਵਸ ਮੌਕੇ ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ**

# 19ਵੇਂ ਮਹਾਨ ਨਗਰ ਕੀਰਤਨ



## ਮੌਕੇ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਗੁਰਦੁਆਰਾ ਸਾਹਿਬ ਵਿਖੇ ਦਸਤਾਰ ਦਿਵਸ 15 ਅਪ੍ਰੈਲ ਨੂੰ ਮਨਾਇਆ ਜਾਵੇਗਾ

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿੱਮਰ ਬੇਨਤੀ ਹੈ ਕਿ 16 ਅਪ੍ਰੈਲ 2017 ਦਿਨ ਐਤਵਾਰ ਨੂੰ ਗ਼ਦਰੀ ਬਾਬਿਆਂ ਦੇ ਇਤਿਹਾਸਿਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖ਼ਾਲਸੇ ਦਾ 319ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਯਾਤਰਾ ਪਿੱਛੋਂ ਗੁਰੂ-ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ-ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿੱਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ ਤੇ ਫ਼ਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਉ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ

- ਸ੍ਰੀ ਅਖੰਡਪਾਠ ਸਾਹਿਬ ਦੀ ਲੜੀ ਆਰੰਭ ਹੋ ਚੁੱਕੀ ਹੈ। ਇਸ ਦੀ ਸੇਵਾ ਜਾਂ ਜਾਣਕਾਰੀ ਲਈ ਗੁਰੂਘਰ ਦੇ ਫੋਨ ਨੰ. 209-625-7500 ਜਾਂ ਭਾਈ ਅਮਰੀਕ ਸਿੰਘ 209-275-3505 'ਤੇ ਸੰਪਰਕ ਕਰ ਸਕਦੇ ਹੋ।
- ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿਚ ਗੁਰਦੁਆਰਾ ਸਾਹਿਬ ਵਿਖੇ 1 ਅਪ੍ਰੈਲ ਤੋਂ 16 ਅਪ੍ਰੈਲ 2017 ਤੱਕ ਰੋਜ਼ਾਨਾ ਸ਼ਾਮ 5:30 ਵਜੇ ਤੋਂ ਰਾਤ ਤੱਕ ਕੀਰਤਨ ਦਰਬਾਰ ਹੋਇਆ ਕਰੇਗਾ।
- ਭਾਈ ਪਿੰਦਰਪਾਲ ਸਿੰਘ ਜੀ 5 ਅਪ੍ਰੈਲ ਤੋਂ 16 ਅਪ੍ਰੈਲ (ਕਥਾਵਾਚਕ), ਭਾਈ ਸੁਲੱਖਣ ਸਿੰਘ ਜੀ ਰਿਆੜ 1 ਅਪ੍ਰੈਲ ਤੋਂ 16 ਅਪ੍ਰੈਲ 2017 (ਕਵੀਸ਼ਰੀ ਜਥਾ), ਹਜ਼ੂਰੀ ਰਾਗੀ ਭਾਈ ਹਰਪ੍ਰੀਤ ਸਿੰਘ ਜੀ ਦਰਬਾਰ ਸਾਹਿਬ ਵਾਲੇ (5 ਅਪ੍ਰੈਲ ਤੋਂ 16 ਅਪ੍ਰੈਲ ਤੱਕ ਕੀਰਤਨ ਕਰਨਗੇ) ਭਾਈ ਮਹਿਲ ਸਿੰਘ (8 ਅਪ੍ਰੈਲ ਤੋਂ 16 ਅਪ੍ਰੈਲ ਕਵੀਸ਼ਰੀ ਜਥਾ) ਹਾਜ਼ਰੀ ਭਰਦੇ ਹੋਏ ਸੰਗਤਾਂ ਨੂੰ ਨਿਹਾਲ ਕਰਨਗੇ। ਹੋਰ ਜਾਣਕਾਰੀ ਲਈ ਸੰਪਰਕ ਕਰੋ ਗੁਰਦੁਆਰਾ ਸਾਹਿਬ ਦੇ ਸੈਕਟਰੀ ਭਾਈ ਜਤਿੰਦਰ ਸਿੰਘ ਫੋਨ ਨੰ. 209-993-7954 ਜਾਂ ਅਸਿਸਟੈਂਟ ਸੈਕਟਰੀ ਭਾਈ ਅਮਰਜੀਤ ਸਿੰਘ ਤੂੰਗ 209-954-2881
- 16 ਅਪ੍ਰੈਲ ਨੂੰ ਨਗਰ ਕੀਰਤਨ ਵਾਲ਼ੇ ਦਿਨ ਸੰਗਤਾਂ ਦੀਆਂ ਗੱਡੀਆਂ ਦੀ ਪਾਰਕਿੰਗ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਉਥੋਂ ਸੰਗਤਾਂ ਦੇ ਗੁਰਦਵਾਰਾ ਸਾਹਿਬ ਪਹੁੰਚਣ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।
  Please follow the Parking Signs or this Link:-https://sanjoaquinfairgrounds.com/information/directions/
- ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 15 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਕੀਤੀ ਜਾਵੇਗੀ।

**ਹੋਰ ਜਾਣਕਾਰੀ ਲਈ : ਭਾਈ ਹਰਮੋਹਿੰਦਰ ਸਿੰਘ 408-449-9261 ਅਤੇ ਭਾਈ ਅਮਰਦੀਪ ਸਿੰਘ 209-518-1585**

**ਅੰਮ੍ਰਿਤ ਸੰਚਾਰ :** 15 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਜੀ। ਅੰਮ੍ਰਿਤ-ਅਭਿਲਾਖੀ ਸੱਜਣਾਂ ਨੂੰ ਬੇਨਤੀ ਹੈ ਕਿ ਆਪਣੇ ਨਾਮ ਭਾਈ ਮੁਖਤਿਆਰ ਸਿੰਘ ਨੂੰ ਫੋਨ ਨੰਬਰ 209-808-3474 ਤੇ ਕਾਲ ਕਰਕੇ ਲਿਖਵਾ ਸਕਦੇ ਹੋ, ਅਤੇ ਕਕਾਰਾਂ ਦੀ ਸੇਵਾ ਗੁਰੂਘਰ ਵੱਲੋਂ ਕੀਤੀ ਜਾਵੇਗੀ।

ਵਿਸਾਖੀ ਦਾ ਸਾਰਾ ਪ੍ਰੋਗਰਾਮ ਗੁਰੂਘਰ ਦੀ ਵੈਬਸਾਈਟ www.stocktongurdwarasahib.org 'ਤੇ ਸਾਰਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ।

**ਗੁਰੂ ਦੇ ਲੰਗਰਾਂ ਦੀ ਸੇਵਾ ਕਰਨ ਲਈ ਤੇ ਸਟਾਲ ਲਗਾਉਣ ਲਈ ਸੰਪਰਕ ਕਰੋ**

ਬੀਬੀ ਸਰਬਜੀਤ ਕੌਰ 209 430 9415
ਰਾਮ ਸਿੰਘ ਮੰਡੇਰ ਮੈਨੇਜਰ 209 395 6552
ਨਰਜਿੰਦਰ ਸਿੰਘ ਘੁੰਮਣ 209 636 3247

**ਨਗਰ ਕੀਰਤਨ ਵਿਚ ਫਲੋਟ ਲਗਾਉਣ ਲਈ ਸੰਪਰਕ ਕਰੋ**

ਹਰਨੇਕ ਸਿੰਘ ਅਟਵਾਲ 209-351-5965
ਬਲਵਿੰਦਰ ਸਿੰਘ 209-456-3210
ਗੁਲਵਿੰਦਰ ਸਿੰਘ ਗਾਖਲ 209-487-3699
ਕੁਲਜੀਤ ਸਿੰਘ ਨਿੱਝਰ

**The address of FREE CAR PARKING LOT IS**

1658, SOUTH AIRPORT WAY, STOCKTON, CA-95206 (TELEPHONE # 209-466-5041) (I-5 Exit Charter Way)

DIRECTION=> From I-5 South or North=> EXIT MARTIN LUTHER KING (EAST) => TURN RIGHT ON AIRPORT WAY => KEEP IN THE LEFT LANE, YOU WILL SEE PARKING LOT ON THE LEFT HAND SIDE.

**ਸਿਕਿਓਰਿਟੀ (Security) ਦੇ ਖਾਸ ਪ੍ਰਬੰਧ ਕੀਤੇ ਗਏ ਹਨ।**

**ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਖਾਲਸਾ ਪੰਥ ਦੇ ਸਥਾਪਨਾ ਦਿਹਾੜੇ, ਸਟਾਕਟਨ ਗੁਰੂ ਘਰ ਦੇ ਨਗਰ ਕੀਰਤਨ ਅਤੇ ਵਿਸਾਖੀ ਦੀਆਂ ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈਆਂ**




MANDEEP SANDHU

# SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ

Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

**U-Visa**

WE OPEN 7-DAYS A WEEK

Note: I am not an Immigration Attorney.

msandhu2014@gmail.com

(CST# 2122162-50)

**"We sell International and Domestic Airline Tickets on Low Airfares"**

**(209-373-3562)**

**3222 PENELOPE DR. STOCKTON, CA- 95212 (NEAR HWY 99 ON MORADA LANE)**





ਮੱਖਣ ਸਿੰਘ ਬੈਂਸ

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਖਾਲਸਾ ਪੰਥ ਦੇ ਸਥਾਪਨਾ ਦਿਹਾੜੇ, ਸਟਾਕਟਨ ਗੁਰੂ ਘਰ ਦੇ ਨਗਰ ਕੀਰਤਨ ਅਤੇ ਵਿਸ-ਾਖੀ ਦੀਆਂ ਸਮੂਹ ਮਨੁੱਖਤਾ ਨੂੰ ਲੱਖ-ਲੱਖ ਵਧਾਈਆਂ



ਗਿਆਨੀ ਰਵਿੰਦਰ ਸਿੰਘ


# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food

Catering for All occasions up to 10000 guests

Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com